DEOL & NAGPAL
LAW FIRM LLP BARRISTERS & SOLICITORS
CRIMINAL DEFENCE
FAMILY LAW
REAL ESTATE CLOSING
CIVIL LITIGATION
IMMIGRATION APPEALS
Birdavinder S. Deol B.A., LL.B., LLM
Amanpreet S. Nagpal B.A., LL.B.
905 796 0911
80 Maritime Ontario Blvd, Suite 55, Brampton, L6S 0E7

hamdardtvcanada | @hamdardmediagroup | ads@hamdardtv.ca
24 ਘੰਟੇ 7 ਦਿਨ ਹਮਦਰਦ ਟੀ.ਵੀ. ਵੇਖਣ ਲਈ www.hamdardmediagroup.com ਤੇ ਵਿਜ਼ਿਟ ਕਰੋ
Estd.1991
ਹਮਦਰਦ
30 JANUARY, 2026
HAMDARD WEEKLY
Pages : 12
HAMDARD PUNJABI NEWSPAPER: 2-1332 Khalsa Drive, Mississauga, ON L5S 0A2, Canada
Vol 34 No: 1836 | www.hamdardmediagroup.com | fb.com/hamdardmediagroup | youtube.com/@hamdardmediagroup | Email: ads@hamdardtv.ca | Ph: 905.791.9999 | Price $1.00

MANN TRAVEL & TOURS
• Cottrelle: 905-595-1700
• Springdale: 905-497-6300
• Brampton: 905-595-2000
• Markham: 416-603-1800
• India 91-1624-223315,16-17
ਦੁਨੀਆ ਵਿੱਚ ਕਿਤੇ ਵੀ ਸਫ਼ਰ ਕਰਨ ਲਈ ਸਾਡੀਆਂ ਸੇਵਾਵਾਂ ਹਾਸਲ ਕਰੋ
HO: 499 Raylawson Blvd. Unit 32, Brampton, Ontario

# ਕੈਨੇਡਾ : ਲੱਖਾਂ ਲੋਕਾਂ ਨੂੰ ਨਹੀਂ ਮਿਲਣਗੀਆਂ ਮੁਫ਼ਤ ਸਿਹਤ ਸਹੂਲਤਾਂ

## ਇੰਮੀਗ੍ਰੇਸ਼ਨ ਵਾਲਿਆਂ ਨੇ ਲਿਆਂਦੇ ਨਵੇਂ ਨਿਯਮ, 1 ਮਈ ਤੋਂ ਹੋਣਗੇ ਲਾਗੂ

ਟੋਰਾਂਟੋ, 28 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਪਨਾਹ ਦਾ ਦਾਅਵਾ ਕਰਨ ਵਾਲੇ 45 ਹਜ਼ਾਰ ਭਾਰਤੀ ਨਾਗਰਿਕਾਂ ਸਣੇ ਲੱਖਾਂ ਰਫ਼ਿਊਜੀਆਂ ਨੂੰ ਹੁਣ ਹੈਲਥ ਕੇਅਰ ਸਹੂਲਤਾਂ ਮੁਫ਼ਤ ਨਹੀਂ ਮਿਲਣਗੀਆਂ। ਜੀ ਹਾਂ, ਕੈਨੇਡਾ ਦੇ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਅੰਤਰਮ ਸਿਹਤ ਯੋਜਨਾ ਵਿਚ ਤਬਦੀਲੀਆਂ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਡੈਂਟਲ ਕੇਅਰ ਅਤੇ ਅੱਖਾਂ ਦੀ ਸੰਭਾਲ ਸਣੇ ਵੱਖ ਵੱਖ ਸਿਹਤ ਸੇਵਾਵਾਂ ਦਾ 30 ਫ਼ੀ ਸਦੀ ਖਰਚਾ ਸਬੰਧਤ ਸ਼ਖਸ ਨੂੰ ਦੇਣਾ ਹੋਵੇਗਾ ਅਤੇ ਪਰਚੀ 'ਤੇ ਦਵਾਈ ਲਿਖਵਾਉਣ ਦੇ ਇਵਜ਼ ਵਿਚ 4 ਡਾਲਰ ਵੱਖਰੇ ਤੌਰ 'ਤੇ ਅਦਾ ਕਰਨੇ ਹੋਣਗੇ। ਅੰਤਰਮ ਫੈਡਰਲ ਹੈਲਥ ਪ੍ਰੋਗਰਾਮ ਵਿਚਲੇ ਬਦਲਾਅ 1 ਮਈ ਤੋਂ ਲਾਗੂ ਕੀਤੇ ਜਾ ਰਹੇ ਹਨ ਜਿਨ੍ਹਾਂ ਤਹਿਤ ਯੋਗ ਲਾਭਪਾਤਰੀਆਂ ਨੂੰ ਉਸ ਵੇਲੇ ਤੱਕ ਹੀ ਸੀਮਤ ਅਤੇ ਆਰਜ਼ੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ ਜਦੋਂ ਤੱਕ ਉਹ ਪ੍ਰੋਵਿਨਸ਼ੀਅਲ ਹੈਲਥ ਕੇਅਰ ਪ੍ਰੋਗਰਾਮ ਦਾ ਹਿੱਸਾ ਨਹੀਂ ਬਣ ਜਾਂਦੇ। ਆਈ.ਐਫ਼.ਐਚ.ਪੀ. ਦੇ



ਲਾਭਪਾਤਰੀਆਂ ਨੂੰ ਬਣਦਾ ਹਿੱਸਾ ਸਿੱਧੇ ਤੌਰ 'ਤੇ ਹੈਲਥ ਕੇਅਰ ਪ੍ਰੋਵਾਈਡਰਜ਼ ਨੂੰ ਅਦਾ ਕਰਨ ਦੀ ਹਦਾਇਤ ਦਿਤੀ ਗਈ ਹੈ। ਬੁਨਿਆਦੀ ਸਿਹਤ ਸੰਭਾਲ 'ਤੇ ਭਾਵੇਂ ਸਾਂਝੀ ਅਦਾਇਗੀ ਲਾਗੂ ਨਹੀਂ ਕੀਤੀ ਗਈ ਪਰ 1 ਮਈ 2026 ਤੋਂ ਅਸਾਇਲਮ ਕਲੇਮ ਕਰਨ ਵਾਲਿਆਂ ਜਾਂ ਰਫ਼ਿਊਜੀਆਂ ਵਾਸਤੇ ਲਾਜ਼ਮੀ ਕੀਤਾ ਗਿਆ ਹੈ ਕਿ ਉਹ ਹੈਲਥ ਕੇਅਰ ਪ੍ਰੋਵਾਈਡਰ ਤੋਂ ਪੁੱਛਣ ਕਿ ਉਨ੍ਹਾਂ ਵੱਲੋਂ ਹਾਸਲ ਕੀਤੀ ਜਾ ਰਹੀ ਸਿਹਤ ਸਹੂਲਤ ਉਤੇ ਸਾਂਝੀ ਅਦਾਇਗੀ ਲਾਗੂ ਹੈ ਜਾਂ ਨਹੀਂ। ਸਿਰਫ਼ ਇਥੇ ਹੀ ਬੱਸ ਨਹੀਂ, ਉਨ੍ਹਾਂ ਨੂੰ ਆਪਣੇ ਹਿੱਸੇ ਆਉਂਦੀ ਰਕਮ ਦਾ ਅਸਲ ਅੰਕੜਾ ਪਤਾ ਹੋਣਾ ਚਾਹੀਦਾ ਹੈ। ਸਾਂਝੀ ਅਦਾਇਗੀ ਦੌਰਾਨ ਹੈਲਥ ਕੇਅਰ ਪ੍ਰੋਵਾਈਡਰ ਨੂੰ ਦਿਤੀ ਜਾਣ ਵਾਲੀ ਰਕਮ ਦੀਆਂ ਰਸੀਦਾਂ ਸੰਭਾਲ ਕੇ ਰੱਖੀਆਂ ਜਾਣ। ਸਾਂਝੀ ਅਦਾਇਗੀ ਬਾਰੇ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਆਈ.ਐਫ਼. ਐਚ.ਪੀ. ਦੀ ਵੈਬਸਾਈਟ 'ਤੇ ਵਿਜ਼ਟ ਕੀਤੀ ਜਾ ਸਕਦੀ ਹੈ। ਕਲੀਨਿਕਸ ਅਤੇ ਫਾਰਮੇਸੀਆਂ ਕੋਲ ਸੂਚੀ ਪੁੱਜ ਜਾਵੇਗੀ ਅਤੇ ਉਨ੍ਹਾਂ ਵੱਲੋਂ ਲੋਕਾਂ ਨੂੰ ਦੱਸਿਆ ਜਾਵੇਗਾ ਕਿ ਕਿਹੜੀ ਸੇਵਾ ਸਾਂਝੀ ਅਦਾਇਗੀ ਅਧੀਨ ਆਉਂਦੀ ਹੈ। ਮੀਡੀਆ ਰਿਪੋਰਟ ਮੁਤਾਬਕ 30 ਫ਼ੀ ਸਦੀ ਅਦਾਇਗੀ ਦੀ ਸ਼ਰਤ ਅਰਜੈਂਟ ਡੈਂਟਲ ਕੇਅਰ, ਵਿਜ਼ਨ ਕੇਅਰ, ਪ੍ਰਿਸਕ੍ਰਿਪਸ਼ਨ ਮੈਡੀਕੇਸ਼ਨ, ਮੈਂਟਲ ਹੈਲਥ ਕੌਂਸਲਿੰਗ, ਫ਼ਿਜ਼ੀਓਥੈਰੇਪੀ, ਸਪੀਚ ਲੈਂਗੁਏਜ ਥੈਰੇਪੀ, ਹੋਮ ਕੇਅਰ ਐਂਡ ਲੌਂਗ ਟਰਮ ਕੇਅਰ ਅਤੇ ਮੈਡੀਕਲ ਸਪਲਾਈ ਜਾਂ ਮੈਡੀਕਲ ਸਾਜ਼ੋਸਮਾਨ ਦੇ ਮਾਮਲੇ ਵਿਚ ਲਾਗੂ ਕੀਤੀ ਗਈ ਹੈ। ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਵੱਲੋਂ ਲਾਭਪਾਤਰੀਆਂ ਨੂੰ ਸੁਚੇਤ ਕੀਤਾ ਗਿਆ ਹੈ ਕਿ 1 ਮਈ ਤੋਂ ਸਿਹਤ ਸੇਵਾਵਾਂ ਦੀ ਵਰਤੋਂ ਕਰਦਿਆਂ ਅਗਾਊਂ ਜਾਣਕਾਰੀ ਹਾਸਲ ਕੀਤੀ ਜਾਵੇ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਵਿਚ ਪਨਾਹ ਮੰਗਣ ਵਾਲਿਆਂ ਦੀ ਗਿਣਤੀ ਪਿਛਲੇ ਸਮੇਂ ਦੌਰਾਨ ਤੇਜ਼ੀ ਨਾਲ ਵਧੀ ਅਤੇ ਅਜਿਹੇ ਵਿਚ ਹਰ ਸਿਹਤ ਸਹੂਲਤ ਮੁਫ਼ਤ ਮੁਹੱਈਆ ਕਰਵਾਉਣ ਤੋਂ ਫੈਡਰਲ ਸਰਕਾਰ ਨੇ ਹੱਥ ਖੜ੍ਹੇ ਕਰ ਦਿਤੇ। ਆਈ.ਐਫ਼. ਐਚ.ਪੀ. ਵਿਚ ਤਬਦੀਲੀਆਂ ਦਾ ਐਲਾਨ ਬਜਟ ਵਿਚ ਕਰ ਦਿਤਾ ਗਿਆ ਸੀ ਅਤੇ ਹੁਣ ਇਨ੍ਹਾਂ ਨੂੰ ਲਾਗੂ ਕਰਨ ਦੀ ਤਰੀਕ ਐਲਾਨੀ ਗਈ ਹੈ।

# ਅਮਰੀਕਾ ਵਿਚ ਆਬਾਦੀ ਵਧਣ ਦੀ ਰਫ਼ਤਾਰ ਹੇਠਲੇ ਪੱਧਰ 'ਤੇ ਆਈ

## ਇੰਮੀਗ੍ਰੇਸ਼ਨ ਨੀਤੀਆਂ ਨੇ ਪ੍ਰਵਾਸੀਆਂ ਲਈ ਦਰਵਾਜ਼ੇ ਕੀਤੇ ਬੰਦ, ਜੁਲਾਈ 2024 ਤੋਂ ਜੁਲਾਈ 2025 ਦਰਮਿਆਨ ਸਿਰਫ਼ 18 ਲੱਖ ਦਾ ਵਾਧਾ

ਵਾਸ਼ਿੰਗਟਨ, 28 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਟਰੰਪ ਸਰਕਾਰ ਵੱਲੋਂ ਲੱਖਾਂ ਪ੍ਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ਅਤੇ ਨਵੇਂ ਪ੍ਰਵਾਸੀਆਂ ਦੀ ਆਮਦ ਵਿਚ ਆਈ ਖੜੋਤ ਦੇ ਮੱਦੇਨਜ਼ਰ ਅਮਰੀਕਾ ਦੀ ਆਬਾਦੀ ਵਿਚ ਸਿਰਫ਼ 18 ਲੱਖ ਦਾ ਵਾਧਾ ਹੋ ਸਕਿਆ ਹੈ। ਜੀ ਹਾਂ, ਮਰਦਮ ਸ਼ੁਮਾਰੀ ਬਿਊਰੋ ਦੇ ਅੰਕੜਿਆਂ ਮੁਤਾਬਕ ਜੁਲਾਈ 2024 ਤੋਂ ਜੁਲਾਈ 2025 ਦਰਮਿਆਨ ਅਮਰੀਕਾ ਦੀ ਵਸੋਂ 0.5 ਫ਼ੀ ਸਦੀ ਵਧੀ ਅਤੇ ਮੌਜੂਦਾ ਵਰ੍ਹੇ ਦੌਰਾਨ ਵਾਧਾ ਮਾਇਨਸ ਵਿਚ ਜਾਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ। ਪ੍ਰਵਾਸੀਆਂ ਦੀ ਵਸੋਂ ਦਾ ਜ਼ਿਕਰ ਕੀਤਾ ਜਾਵੇ ਤਾਂ ਇਸ ਵਿਚ 13 ਲੱਖ ਦਾ ਵਾਧਾ ਹੋਇਆ ਜਦਕਿ ਜੁਲਾਈ 2023 ਤੋਂ ਜੁਲਾਈ 2024 ਦਰਮਿਆਨ 27 ਲੱਖ ਦਾ ਵਾਧਾ ਦਰਜ ਕੀਤਾ ਗਿਆ। ਸੈਨਸਸ ਬਿਊਰੋ ਦਾ ਮੰਨਣਾ ਹੈ ਕਿ ਇੰਮੀਗ੍ਰੇਸ਼ਨ ਵਿਚ ਕਟੌਤੀ ਦਾ ਮੌਜੂਦਾ ਰੁਝਾਨ ਜਾਰੀ ਰਿਹਾ ਤਾਂ ਜੁਲਾਈ 2026 ਤੱਕ ਪ੍ਰਵਾਸੀਆਂ ਦੀ ਆਬਾਦੀ ਵਿਚ ਵਾਧੇ ਦੀ ਰਫ਼ਤਾਰ ਘਟ ਕੇ 3 ਲੱਖ 21 ਹਜ਼ਾਰ 'ਤੇ ਆ ਸਕਦੀ ਹੈ। ਦਿਲਚਸਪ ਤੱਥ ਇਹ ਹੈ ਕਿ ਬੀਤੇ 50 ਵਰ੍ਹਿਆਂ ਤੋਂ ਲਗਾਤਾਰ ਅਮਰੀਕਾ ਵਿਚ ਪ੍ਰਵਾਸੀਆਂ ਦੀ ਵਸੋਂ ਵਧ ਰਹੀ ਹੈ ਪਰ ਟਰੰਪ ਸਰਕਾਰ ਦੇ ਤੀਜੇ ਵਰ੍ਹੇ ਵਿਚ ਦਾਖਲ ਹੋਣ ਮਗਰੋਂ ਕੁਝ



ਹਜ਼ਾਰ ਤੱਕ ਸੀਮਤ ਹੋ ਕੇ ਰਹਿ ਸਕਦੀ ਹੈ। ਸੈਂਟਰ ਫ਼ੌਰ ਇੰਮੀਗ੍ਰੇਸ਼ਨ ਸਟੱਡੀਜ਼ ਦੇ ਰੀਸਰਚ ਡਾਇਰੈਕਟਰ ਸਟੀਵਨ ਕੈਮਰੋਟਾ ਦਾ ਕਹਿਣਾ ਸੀ ਕਿ ਬਾਇਡਨ ਸਰਕਾਰ ਅਤੇ ਟਰੰਪ ਸਰਕਾਰ ਦਾ ਇੰਮੀਗ੍ਰੇਸ਼ਨ ਬਾਰੇ ਨਜ਼ਰੀਆ ਬਿਲਕੁਲ ਵੱਖੋ ਵੱਖਰਾ ਹੈ ਅਤੇ ਵੱਡੀ ਗਿਣਤੀ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨਾ ਵੀ ਅਮਰੀਕਾ ਦੀ ਵਸੋਂ ਵਿਚ ਵਾਧੇ ਨੂੰ ਰੋਕ ਰਿਹਾ ਹੈ। ਦੂਜੇ ਪਾਸੇ ਪਿਊ ਰੀਸਰਚ ਸੈਂਟਰ ਵਿਚ ਨਸਲ ਅਤੇ ਸਭਿਆਚਾਰਕ ਪਿਛੋਕੜ ਮਾਮਲਿਆਂ ਦੇ ਡਾਇਰੈਕਟਰ ਮਾਰਕ ਹਿਊਗੋ ਲੋਪੇਜ਼ ਨੇ ਵੀ ਮੰਨਿਆ ਕਿ ਇੰਮੀਗ੍ਰੇਸ਼ਨ ਨੀਤੀਆਂ ਵਿਚ ਤਬਦੀਲੀ ਕਰ ਕੇ ਵੱਡਾ ਅਸਰ ਦੇਖਣ ਨੂੰ ਮਿਲ ਰਿਹਾ ਹੈ ਪਰ ਕੌਮਾਂਤਰੀ ਹਾਲਾਤ ਵੀ ਜ਼ਿੰਮੇਵਾਰ ਮੰਨੇ ਜਾ ਸਕਦੇ ਹਨ। ਅਮਰੀਕਾ ਵਿਚ ਜਨਮ ਦਰ ਦਾ ਜ਼ਿਕਰ ਕੀਤਾ ਜਾਵੇ ਇਸ ਵਿਚ ਕਈ ਦਹਾਕਿਆਂ ਤੋਂ ਕਮੀ ਆ ਰਹੀ ਹੈ ਪਰ ਪ੍ਰਵਾਸੀਆਂ ਨਾਲ ਆਮਦ ਨਾਲ ਕਿਸੇ ਹੱਦ ਤੱਕ ਭਰਪਾਈ ਹੋ ਜਾਂਦੀ। ਹੁਣ ਬਗੈਰ ਪ੍ਰਵਾਸੀਆਂ ਤੋਂ ਤੇਜ਼ ਵਾਧਾ ਹੋਣ ਦੇ ਆਸਾਰ ਖ਼ਤਮ ਹੋ ਚੁੱਕੇ ਹਨ। ਜੁਲਾਈ 2024 ਤੋਂ ਜੁਲਾਈ 2025 ਦਰਮਿਆਨ ਅਮਰੀਕਾ ਵਿਚ ਮਰਨ ਵਾਲੇ ਲੋਕਾਂ ਦੇ ਮੁਕਾਬਲੇ ਜੰਮਣ ਵਾਲਿਆਂ ਦੀ ਗਿਣਤੀ 5 ਲੱਖ 19 ਹਜ਼ਾਰ ਵੱਧ ਦਰਜ ਕੀਤੀ ਗਈ ਜੋ ਇਸ ਤੋਂ ਪਿਛਲੇ ਸਾਲ ਦੇ ਤਕਰੀਬਨ ਬਰਾਬਰ ਬਣਦੀ ਹੈ ਪਰ ਸਾਲ 2017 ਦੇ ਹਿਸਾਬ ਨਾਲ ਬਹੁਤ ਘੱਟ ਹੈ ਜਦੋਂ ਮਰਨ ਵਾਲਿਆਂ ਦੇ ਮੁਕਾਬਲੇ ਜੰਮਣ ਵਾਲਿਆਂ ਦਾ ਅੰਕੜਾ 11 ਲੱਖ ਵੱਧ ਦਰਜ ਕੀਤਾ ਗਿਆ। ਹੁਣ ਨਫ਼ੇ-ਨੁਕਸਾਨ ਦੀ ਗੱਲ ਕੀਤੀ ਜਾਵੇ ਕੁਝ ਲੋਕ ਵਸੋਂ ਵਿਚ ਆਈ ਕਮੀ ਨੂੰ ਚੰਗਾ ਸੰਕੇਤ ਮੰਨ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਘਰਾਂ ਦੀਆਂ ਕੀਮਤਾਂ ਵਿਚ ਕਮੀ ਆਵੇਗੀ ਅਤੇ ਪੌਣ-ਪਾਣੀ ਨੂੰ ਸਾਫ਼ ਰੱਖਿਆ ਜਾ ਸਕਦਾ ਹੈ ਪਰ ਕਾਰੋਬਾਰੀਆਂ ਨੂੰ ਕਿਰਤੀ ਲੱਭਣ ਵਿਚ ਦਿੱਕਤਾਂ ਆ ਰਹੀਆਂ ਹਨ। ਨਵੇਂ ਪ੍ਰਵਾਸੀਆਂ ਦੀ ਆਮਦ ਤਕਰੀਬਨ ਠੱਪ ਹੋ ਚੁੱਕੀ ਹੈ ਅਤੇ ਪੁਰਾਣਿਆਂ ਵਿਚੋਂ ਗੈਰਕਾਨੂੰਨੀ ਪ੍ਰਵਾਸੀ ਡਿਪੋਰਟ ਕੀਤੇ ਜਾ ਰਹੇ ਹਨ। ਅਮਰੀਕਾ ਦੇ ਹਰ ਸੂਬੇ ਵਿਚ ਵਸੋਂ ਵਧਣ ਦੀ ਰਫ਼ਤਾਰ ਘੱਟ ਹੋਈ ਹੈ ਪਰ ਵਰਮੌਂਟ, ਕੈਲੇਫੋਰਨੀਆ, ਵੈਸਟ ਵਰਜੀਨੀਆ ਅਤੇ ਨਿਊ ਮੈਕਸੀਕੋ ਵਰਗੇ ਰਾਜਾਂ ਵਿਚ ਆਬਾਦੀ ਵਿਚ ਗਿਰਾਵਟ ਦਰਜ ਕੀਤੀ ਗਈ। ਇਸ ਦੇ ਉਲਟ ਸਾਊਥ ਕੈਰੋਲਾਈਨਾ ਵਿਖੇ 1.5 ਫ਼ੀ ਸਦੀ ਰਫ਼ਤਾਰ ਨਾਲ ਵਸੋਂ ਵਿਚ ਵਾਧਾ ਹੋਇਆ ਜੋ ਕੌਮੀ ਔਸਤ ਤੋਂ ਤਿੰਨ ਗੁਣਾ ਬਣਦਾ ਹੈ।

# ਕੈਨੇਡਾ ਵਿੱਚ ਜਬਰਨ ਵਸੂਲੀ ਦੀਆਂ ਵਧਦੀਆਂ ਧਮਕੀਆਂ ਪਿੱਛੇ ਪੰਜਾਬੀ ਗੈਂਗਸਟਰ

ਸਰੀ-ਕੈਨੇਡਾ ਵਿੱਚ ਜਬਰਨ ਵਸੂਲੀ ਦੀਆਂ ਧਮਕੀਆਂ ਵਿਰੁੱਧ ਇੱਕ ਵੱਡੀ ਕਾਰਵਾਈ ਕਰਦਿਆਂ ਸਰੀ ਸਿਟੀ ਕੌਂਸਲ ਨੇ ਸਥਾਨਕ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ। ਕੈਨੇਡਾ ਵਿੱਚ ਕਿਸੇ ਵੀ ਅਪਰਾਧ ਵਿਰੁੱਧ ਅਜਿਹੀ ਕਾਰਵਾਈ ਕਰਨ ਵਾਲੀ ਇਹ ਪਹਿਲੀ ਚੁਣੀ ਹੋਈ ਕੌਂਸਲ ਹੈ। ਦੱਖਣੀ ਏਸ਼ੀਆਈ ਲੋਕਾਂ ਤੋਂ ਜਬਰਨ ਵਸੂਲੀ ਵਿੱਚ ਪੰਜਾਬੀ ਗੈਂਗਸਟਰਾਂ ਦੀ ਸਭ ਤੋਂ ਵੱਧ ਸ਼ਮੂਲੀਅਤ ਦੱਸੀ ਜਾ ਰਹੀ ਹੈ।

ਕੈਨੇਡਾ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਮੇਅਰ ਬਰੈਂਡਾ ਲੋਕ ਨੇ ਇਸ ਮਤੇ ਦੀ ਅਗਵਾਈ ਕੀਤੀ, ਜਿਸ ਨੂੰ 26 ਜਨਵਰੀ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸ ਵਿੱਚ ਇਨ੍ਹਾਂ ਅਪਰਾਧਾਂ ਦੀ ਭਿਆਨਕ ਪ੍ਰਕਿਰਤੀ 'ਤੇ ਜ਼ੋਰ ਦਿੱਤਾ ਗਿਆ ਹੈ, ਜੋ ਸਥਾਨਕ ਸਰੋਤਾਂ ਅਤੇ ਰਵਾਇਤੀ ਪੁਲੀਸਿੰਗ ਯਤਨਾਂ ਤੋਂ ਬਾਹਰ ਹੋ ਗਏ ਹਨ। ਕੌਂਸਲ ਹੁਣ ਸੰਘੀ ਸਰਕਾਰ ਨੂੰ ਅਪੀਲ ਕਰ ਰਹੀ ਹੈ ਕਿ ਉਹ ਰਾਸ਼ਟਰੀ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰਕੇ ਜਾਂ ਇਸ ਦੇ ਬਰਾਬਰ ਦੇ ਅਸਾਧਾਰਨ ਕਦਮ ਚੁੱਕ ਕੇ ਇਸ ਦੀ ਪਾਲਣਾ ਕਰੇ, ਜਿਸ ਨੂੰ ਲੋਕ ਨੇ ਅੰਤਰਰਾਸ਼ਟਰੀ ਖਤਰਾ ਦੱਸਿਆ ਹੈ।

ਕੌਂਸਲ ਦੀ ਮੀਟਿੰਗ ਦੌਰਾਨ ਮੇਅਰ ਲੋਕ ਨੇ ਕਿਹਾ, "ਇਹ ਇੱਕ ਅਜਿਹਾ ਸੰਕਟ ਹੈ ਜਿਸ ਨੇ ਪਰਿਵਾਰਾਂ ਨੂੰ ਦਹਿਸ਼ਤਜ਼ਦਾ ਕਰ ਦਿੱਤਾ ਹੈ ਅਤੇ ਕਾਰੋਬਾਰ ਘੇਰੇ ਵਿੱਚ ਹਨ। ਸਰੀ ਸ਼ਹਿਰ ਇਹ ਸਵੀਕਾਰ ਕਰਦਾ ਹੈ ਕਿ ਅਸੀਂ ਜਬਰਨ ਵਸੂਲੀ ਅਤੇ ਇਸ ਨਾਲ ਸਬੰਧਤ ਹਿੰਸਾ ਦੇ ਕਾਰਨ ਐਮਰਜੈਂਸੀ ਦੀ ਸਥਿਤੀ ਵਿੱਚ ਹਾਂ ਜਿਸ ਨੇ ਸਾਡੇ ਸ਼ਹਿਰ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।"

ਕੌਂਸਲ ਨੇ ਕਮਿਸ਼ਨਰ ਦੀ ਨਿਯੁਕਤੀ ਦੀ ਮੰਗ ਕੀਤੀ

ਮਤੇ ਵਿੱਚ ਇੱਕ ਮਜ਼ਬੂਤ ਪ੍ਰਤੀਕਿਰਿਆ ਦਾ ਤਾਲਮੇਲ ਕਰਨ ਲਈ ਇੱਕ ਸੰਘੀ ਕੈਨੇਡੀਅਨਾਂ ਵਿਰੁੱਧ ਹਿੰਸਾ ਲਈ ਜਬਰਨ ਵਸੂਲੀ ਬਾਰੇ ਕਮਿਸ਼ਨਰ ਦੀ ਨਿਯੁਕਤੀ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚ ਵਾਧੂ ਆਰਸੀਐਮਪੀ (RCMP) ਸੰਗਠਿਤ ਅਪਰਾਧ ਯੂਨਿਟਾਂ ਦੀ ਤਾਇਨਾਤੀ, ਇਨ੍ਹਾਂ ਅਪਰਾਧਾਂ ਵਿੱਚ ਸ਼ਾਮਲ ਗੈਰ-ਨਾਗਰਿਕਾਂ ਨੂੰ ਜਲਦੀ ਦੇਸ਼ ਨਿਕਾਲਾ ਦੇਣਾ ਅਤੇ ਅਪਰਾਧੀਆਂ ਨੂੰ ਤੇਜ਼ੀ ਨਾਲ ਹਿਰਾਸਤ ਵਿੱਚ ਲੈਣ ਅਤੇ ਹਟਾਉਣ ਲਈ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।






ਏਸ਼ੀਆਈ ਕਾਰੋਬਾਰ ਅਤੇ ਪਰਿਵਾਰ ਬਣਾਏ ਜਾ ਰਹੇ ਨਿਸ਼ਾਨਾ

ਸਰੀ ਵਿੱਚ ਜਬਰਨ ਵਸੂਲੀ ਦੇ ਸੰਕਟ ਵਿੱਚ ਮੁੱਖ ਤੌਰ 'ਤੇ ਦੱਖਣੀ ਏਸ਼ੀਆਈ ਕਾਰੋਬਾਰਾਂ ਅਤੇ ਪਰਿਵਾਰਾਂ ਨੂੰ ਨਿਸ਼ਾਨਾ ਬਣਾ ਕੇ ਦਿੱਤੀਆਂ ਧਮਕੀਆਂ ਸ਼ਾਮਲ ਹਨ, ਜੋ ਅਕਸਰ ਭਾਰਤ ਅਤੇ ਹੋਰ ਖੇਤਰਾਂ ਨਾਲ ਸਬੰਧ ਰੱਖਣ ਵਾਲੇ ਸੰਗਠਿਤ ਅਪਰਾਧ ਸਮੂਹਾਂ ਨਾਲ ਜੁੜੀਆਂ ਹੁੰਦੀਆਂ ਹਨ। ਜਬਰਨ ਵਸੂਲੀ ਦੇ ਮਾਮਲਿਆਂ ਵਿੱਚ ਫੋਨ ਕਾਲਾਂ, ਚਿੱਠੀਆਂ ਜਾਂ ਸੋਸ਼ਲ ਮੀਡੀਆ ਰਾਹੀਂ ਵੱਡੀ ਰਕਮ ਦੀਆਂ ਅਗਿਆਤ ਮੰਗਾਂ ਕੀਤੀਆਂ ਜਾਂਦੀਆਂ ਹਨ, ਜੋ ਕਿ ਹਜ਼ਾਰਾਂ ਤੋਂ ਲੱਖਾਂ ਡਾਲਰਾਂ ਤੱਕ ਹੁੰਦੀਆਂ ਹਨ ਅਤੇ ਭੁਗਤਾਨ ਨਾ ਕਰਨ 'ਤੇ ਹਿੰਸਾ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ।

ਜਬਰਨ ਵਸੂਲੀ ਦੇ ਮਾਮਲਿਆਂ ਦੀ ਵਧ ਰਹੀ ਗਿਣਤੀ

ਸਾਲ 2025 ਵਿੱਚ ਸਰੀ ਪੁਲੀਸ ਸਰਵਿਸ ਨੇ ਜਬਰਨ ਵਸੂਲੀ ਦੇ 44 ਮਾਮਲਿਆਂ ਦੀ ਜਾਂਚ ਕੀਤੀ ਸੀ, ਜਿਨ੍ਹਾਂ ਵਿੱਚ ਕਾਰੋਬਾਰਾਂ, ਘਰਾਂ ਅਤੇ ਵਾਹਨਾਂ 'ਤੇ ਗੋਲੀਬਾਰੀ ਦੇ 27 ਮਾਮਲੇ ਸ਼ਾਮਲ ਸਨ। ਸਿਟੀ ਕੌਂਸਲ ਨੇ ਗ੍ਰਿਫ਼ਤਾਰੀਆਂ ਤੱਕ ਪਹੁੰਚਾਉਣ ਵਾਲੀਆਂ ਸੂਚਨਾਵਾਂ ਨੂੰ ਉਤਸ਼ਾਹਿਤ ਕਰਨ ਲਈ ਢਾਈ ਲੱਖ ਡਾਲਰ ਦਾ ਇਨਾਮੀ ਫੰਡ ਸਥਾਪਤ ਕੀਤਾ ਸੀ।

ਹਾਲਾਂਕਿ, 2026 ਵਿੱਚ ਇਹ ਸਮੱਸਿਆ ਹੋਰ ਗੰਭੀਰ ਹੋ ਗਈ ਹੈ, ਜਿਸ ਵਿੱਚ ਜਨਵਰੀ ਦੇ ਅੱਧ ਤੱਕ ਸਰੀ ਵਿੱਚ ਜਬਰਨ ਵਸੂਲੀ ਦਾ 35ਵਾਂ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਘੱਟੋ-ਘੱਟ ਅੱਠ ਪੁਸ਼ਟੀ ਕੀਤੀਆਂ ਗੋਲੀਬਾਰੀ ਦੀਆਂ ਘਟਨਾਵਾਂ ਸ਼ਾਮਲ ਹਨ। ਜੇ ਘਟਨਾਵਾਂ ਦੀ ਰਫ਼ਤਾਰ ਇਸੇ ਤਰ੍ਹਾਂ ਰਹੀ ਤਾਂ ਸਾਲ ਦੇ ਅੰਤ ਤੱਕ ਅਜਿਹੇ 600 ਤੋਂ ਵੱਧ ਮਾਮਲੇ ਦੇਖਣ ਨੂੰ ਮਿਲ ਸਕਦੇ ਹਨ। ਭਾਈਚਾਰੇ ਦੇ ਮੈਂਬਰਾਂ, ਖ਼ਾਸ ਕਰਕੇ ਭਾਰਤੀ-ਕੈਨੇਡੀਅਨ ਡਾਇਸਪੋਰਾ ਨੇ ਡਰ ਅਤੇ ਗੁੱਸਾ ਪ੍ਰਗਟਾਇਆ ਹੈ, ਕੁਝ ਨੇ ਅਧਿਕਾਰੀਆਂ ਦੀ ਸੁਸਤ ਪ੍ਰਤੀਕਿਰਿਆ ਵਿੱਚ ਨਸਲੀ ਪੱਖਪਾਤ ਦਾ ਬਾਰੇ ਕਿਹਾ ਹੈ। ਹਾਲ ਹੀ ਦੇ ਮਹੀਨਿਆਂ ਵਿੱਚ ਤਿੰਨ ਵਾਰ ਨਿਸ਼ਾਨਾ ਬਣਾਏ ਗਏ 'ਕੈਪਸ ਕੈਫੇ' (Kap's Caf[illegible]) ਵਿੱਚ ਵਾਰ-ਵਾਰ ਹੋਈ ਗੋਲੀਬਾਰੀ ਵਰਗੀਆਂ ਘਟਨਾਵਾਂ ਹਮਲਾਵਰਾਂ ਦੀ ਬੇਖ਼ੌਫ਼ੀ ਨੂੰ ਦਰਸਾਉਂਦੀਆਂ ਹਨ।

ਕੈਨੇਡਾ ਮੀਡੀਆ ਰਿਪੋਰਟਾਂ ਅਨੁਸਾਰ ਮੇਅਰ ਲੋਕ ਨੇ ਜਲਦੀ ਕਾਰਵਾਈ ਨਾ ਕਰਨ ਲਈ ਸੰਘੀ ਸਰਕਾਰ ਦੀ ਆਲੋਚਨਾ ਵੀ ਕੀਤੀ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਸਰੀ ਦੀ ਸਥਿਤੀ ਇੱਕ ਵਿਆਪਕ ਕੌਮੀ ਮੁੱਦੇ ਨੂੰ ਦਰਸਾਉਂਦੀ ਹੈ।

# ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਮਾਰਚ ਵਿੱਚ ਭਾਰਤ ਦਾ ਦੌਰਾ ਕਰਨਗੇ



ਓਟਵਾ-ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਇਸ ਦੌਰਾਨ ਦੋਵੇਂ ਦੇਸ਼ ਆਪਣੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਮਾਮਲਿਆਂ 'ਤੇ ਗੱਲਬਾਤ ਕਰਨਗੇ ਤੇ ਸਮਝੌਤੇ ਸਹੀਬੰਦ ਕਰਨਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਯੂਰੇਨੀਅਮ, ਊਰਜਾ, ਖਣਿਜ ਅਤੇ ਮਸਨੂਈ ਬੌਧਿਕਤਾ ਦੇ ਮਾਮਲਿਆਂ 'ਤੇ ਸਮਝੌਤਿਆਂ 'ਤੇ ਦਸਤਖਤ ਹੋਣਗੇ।

ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਕੈਨੇਡਾ ਦੇ ਊਰਜਾ ਮੰਤਰੀ ਟਿਮ ਹਾਜਸਨ ਇਸ ਹਫ਼ਤੇ ਭਾਰਤ ਦਾ ਦੌਰਾ ਕਰ ਰਹੇ ਹਨ, ਜਿਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਭਾਰਤ ਦਾ ਦੌਰਾ ਕਰਨਗੇ ਪਰ ਇਸ ਸਬੰਧੀ ਹਾਲੇ ਤਕ ਅਧਿਕਾਰਤ ਤੌਰ 'ਤੇ ਤਰੀਕ ਨਹੀਂ ਐਲਾਨੀ ਗਈ।

ਹਾਜਸਨ ਨੇ ਕਿਹਾ, 'ਇਸ ਸਾਲ ਕਿਸੇ ਸਮੇਂ ਪ੍ਰਧਾਨ ਮੰਤਰੀ ਮਾਰਕ ਕਾਰਨ ਦੇ ਦੌਰੇ ਦੀ ਯੋਜਨਾ ਹੈ। ਇਸ ਸਬੰਧੀ ਅਸੀਂ ਪਹਿਲਾਂ ਭਾਰਤ ਦਾ ਦੌਰਾ ਕਰ ਕੇ ਖਾਕਾ ਤਿਆਰ ਕਰੇਗਾ ਤੇ ਸਾਡੇ ਕੰਮ ਦੀ ਚਾਲ ਤੋਂ ਬਾਅਦ ਹੀ ਪ੍ਰਧਾਨ ਮੰਤਰੀ ਦੇ ਦੌਰੇ ਦੀ ਤਰੀਕ ਐਲਾਨੀ ਜਾਵੇਗੀ।

ਗਲੋਬ ਐਂਡ ਮੇਲ ਨੇ ਖ਼ਬਰ ਏਜੰਸੀ ਦੇ ਹਵਾਲੇ ਨਾਲ ਕਿਹਾ ਹੈ ਕਿ ਭਾਰਤ ਨਾਲ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਰਸਮੀ ਗੱਲਬਾਤ ਵੀ ਮਾਰਚ ਵਿੱਚ ਸ਼ੁਰੂ ਹੋਵੇਗੀ।

ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪਹਿਲਾਂ ਕਿਹਾ ਸੀ ਕਿ ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਜੀ20 ਸਿਖਰ ਵਾਰਤਾ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦਰਮਿਆਨ ਮੀਟਿੰਗ ਹੋਈ ਸੀ।

ਬੈਠਕ ਵਿਚ ਦੋਵਾਂ ਆਗੂਆਂ ਨੇ ਇਕ ਨਵੇਂ ਵਪਾਰ ਸਮਝੌਤੇ ਲਈ ਗੱਲਬਾਤ ਮੁੜ ਸ਼ੁਰੂ ਕਰਨ ਬਾਰੇ ਸਹਿਮਤੀ ਦਿੱਤੀ ਸੀ। ਆਨੰਦ ਨੇ ਕਿਹਾ ਕਿ ਦੋਵੇਂ ਆਗੂ ਇਸ ਗੱਲ 'ਤੇ ਦ੍ਰਿੜ ਸਨ ਕਿ ਇਹ ਕੰਮ ਜਲਦੀ ਤੋਂ ਜਲਦੀ ਪੂਰਾ ਹੋਵੇ। ਆਨੰਦ ਨੇ ਅਗਲੇ ਦਹਾਕੇ ਵਿਚ ਗੈਰ ਅਮਰੀਕੀ ਵਪਾਰ ਨੂੰ ਦੁੱਗਣਾ ਕਰਨ ਦੇ ਕਾਰਨੀ ਦੇ ਟੀਚੇ ਦਾ ਜ਼ਿਕਰ ਕੀਤਾ। ਕੈਨੇਡਾ ਵਿਸ਼ਵ ਦੇ ਉਨ੍ਹਾਂ ਕੁਝ ਦੇਸ਼ਾਂ ਵਿਚੋਂ ਇਕ ਹੈ, ਜਿਨ੍ਹਾਂ ਦਾ ਅਰਥਚਾਰਾ ਵਪਾਰ 'ਤੇ ਨਿਰਭਰ ਹੈ ਤੇ ਕੈਨੇਡਾ ਦਾ 75 ਫੀਸਦ ਤੋਂ ਵਧ ਬਰਾਮਦ ਅਮਰੀਕਾ ਨੂੰ ਜਾਂਦੀ ਹੈ।

CHAUHAN & ASSOCIATES
INSURANCE & FINANCIAL SERVICES
INSURANCE
LIFE, CRITICAL, VISITOR DISABILITY, SUPERVISA
INVESTMENTS
RESP, RRSP, TFSA, RRIF, RETIREMENT PLANNING
MORTGAGES
RES. COMMERCIAL LOAN PRIVATE FUNDING
TAX SERVICES
PERSONAL, CORPORATE GST/HST, CRA AUDIT ASST.
KAMALJIT S. CHAUHAN
416-456-8559
kamch@rogers.com

TRIDENT LAW
PROFESSIONAL CORPORATION
BARRISTERS & SOLICITORS
Sandeep Chopra
Ravinder Singh
LITIGATION
Civil/Corporate/ Commercial/Power of Sale
REAL ESTATE
All kind of Residential & Commercial Transaction
CORPORATE/BUSINESS LAW
Incorporation, Organization/Reorgnization, Share Holder/Franchise Agreements
Main Office : 6A-1325 Derry Rd. East, Mississauga ON L5T 1B6
Satellite Office : 101-964 Albion Rd. Toronto ON M9V 1A7, Fax : 905-670-7082
905-670-7076

DEOL TRAVEL ਦਿਓਲ ਟ੍ਰੈਵਲ
Rajvir Deol
ਦੁਨੀਆ ਵਿਚ ਕਿਤੇ ਵੀ ਸਫ਼ਰ ਕਰਨ ਲਈ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਮਿਲੋ ਜਾਂ ਸੰਪਰਕ ਕਰੋ
50026144
info@deoltravel.com
Etobicoke Phone- 905 588 5100
Brampton Phone- 905 588 4200
HEAD OFFICE: 10-6640 finch ave west Etobicoke ,ON,M9W 0B3.
BRANCH OFFICE: 45-490 Chrysler Drive Brampton, ON, L6S 0C1

SEHMBI RENOVATION
HIRING SKILLED WORKERS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪ੍ਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
ਕੰਮ ਦੀ Invoice ਵੀ ਦਿੱਤੀ ਜਾਵੇਗੀ
Legal Basement
Washrooms
Drywall/Framing
Painting & Flooring
Custom Kitchen Cabinets
JASWANT SEHMBI
647-524-0885

MAXX LIFE IMMIGRATION SERVICES INC.
www.maxxlifeimmigration.com
• VISITOR VISA • SUPER VISA
• SPOUSAL SPONSORSHIP VISA
• RENEWAL OF PR CARD
• PNP CITIZENSHIP
• EXPRESS ENTRY
FREE INITIAL ASSESSMENT
BABBALDEEP KAUR SAGGU
Regulated Canadian Immigration Consultant
1-647-545-6362
Suit 238-7025 Tomken Rd., Mississauga, ON L5S 1R6

Boora Law Office
ਬੂਰਾ ਲਾਅ ਆਫਿਸ
• ਸੰਪੱਤੀ ਕਾਰਪੋਰੇਟ
• ਵਿਲਜ਼ ਅਤੇ ਅਸਟੇਟਸ
• ਨੋਟਰੀ ਅਤੇ ਐਫੀਡੇਵਿਟ
• ਰੀਅਲ ਅਸਟੇਟਸ
• ਬਿਜ਼ਨੈਸ ਫੈਮਿਲੀ
• ਇੰਮੀਗ੍ਰੇਸ਼ਨ
Harpinder S. Boora
Barrister, Solicitor & Notary Public
905-497-3636
1098 PETER ROBERTSON BLVD., UNIT 3, BRAMPTON, ONT. L6R 3A5 FAX : 905 497 3637

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
ਕੁਲੈਕਸ਼ਨ ਕਾਲਾਂ, ਬੈਂਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਕਰਜ਼ੇ ਦੀ ਸਿਰਦਰਦੀ ?
ਮੁਫ਼ਤ ਤੇ ਗੁਪਤ ਸਲਾਹ
Late Evening and Weekends
Appointments Available
1888-864-3131
Jasbir Singh Hundal
www.MakeMeDebtFree.ca
416-502-3100
7015 Tranmere Drive., Unit 20, Mississauga, ON L5S 1T7

# ਕੈਨੇਡੀਅਨਾਂ ਲਈ ਗਰੋਸਰੀ ਅਤੇ ਜ਼ਰੂਰੀ ਸਮਾਨ ਨੂੰ ਅਫ਼ੋਰਡੇਬਲ ਬਣਾਉਣ ਲਈ ਨਵੀਆਂ ਫੈਡਰਲ ਪਹਿਲਕਦਮੀਆਂ ਦਾ ਸਵਾਗਤ-ਸੋਨੀਆ ਸਿੱਧੂ




ਬਰੈਂਪਟਨ - ਨਵੇਂ ਸਾਲ ਵਿੱਚ ਪਾਰਲੀਮੈਂਟ ਸੈਸ਼ਨ ਦੀ ਸ਼ੁਰੂਆਤ ਹੋਣ ਤੇ ਸੋਨੀਆ ਸਿੱਧੂ, ਮੈਂਬਰ ਓਫ ਪਾਰਲੀਮੈਂਟ, ਬ੍ਰੈਂਪਟਨ ਸਾਊਥ ਨੇ ਆਪਣੇ ਹਲਕੇ ਦੇ ਲੋਕਾਂ ਦੀ ਜ਼ਿੰਦਗੀ ਹੋਰ ਅਫ਼ੋਰਡੇਬਲ ਬਣਾਉਣ ਨੂੰ ਪਹਿਲ ਦੇਣ ਦਾ ਵਾਅਦਾ ਕੀਤਾ।
ਅੱਜ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਗਰੋਸਰੀ ਅਤੇ ਹੋਰ ਜ਼ਰੂਰੀ ਚੀਜ਼ਾਂ ਨੂੰ ਅਫ਼ੋਰਡੇਬਲ ਬਣਾਉਣ ਲਈ "ਕੈਨੇਡਾ ਗ੍ਰੋਸਰੀਜ਼ ਐਂਡ ਐਸੈਂਸ਼ੀਅਲਜ਼ ਬੈਨੇਫਿਟ" (GST ਕ੍ਰੈਡਿਟ) ਦਾ ਐਲਾਨ ਕੀਤਾ । ਅਸੀਂ ਜੁਲਾਈ 2026 ਤੋਂ ਪੰਜ ਸਾਲ ਲਈ ਇਸ ਦੀ ਰਕਮ 25% ਵਧਾ ਰਹੇ ਹਾਂ। ਇਸ ਤੋਂ ਇਲਾਵਾ ਅਸੀਂ ਇਸ ਸਾਲ ਇੱਕ ਵਾਰ 50% ਵਾਧੇ ਦੇ ਬਰਾਬਰ ਦੀ ਰਕਮ ਦੇ ਰਹੇ ਹਾਂ । ਚਾਰ ਮੈਂਬਰਾਂ ਵਾਲੇ ਪਰਿਵਾਰ ਨੂੰ ਇਸ ਸਾਲ $1,890 ਤੱਕ ਅਤੇ ਅਗਲੇ ਚਾਰ ਸਾਲ ਲਈ ਤਕਰੀਬਨ $1,400 ਦੀ ਰਕਮ ਮਿਲੇਗੀ । ਇੱਕ ਵਿਅਕਤੀ ਪਰਿਵਾਰ ਨੂੰ ਇਸ ਸਾਲ $950 ਤੱਕ ਅਤੇ ਅਗਲੇ ਚਾਰ ਸਾਲ ਲਈ ਤਕਰੀਬਨ $700 ਦੀ ਰਕਮ ਮਿਲੇਗੀ । ਕੈਨੇਡਾ ਗ੍ਰੋਸਰੀਜ਼ ਐਂਡ ਐਸੈਂਸ਼ੀਅਲਜ਼ ਬੈਨੇਫਿਟ 12 ਮਿਲੀਅਨ ਤੋਂ ਵੱਧ ਕੈਨੇਡੀਅਨਾਂ ਲਈ ਮਹੱਤਵਪੂਰਨ ਸਹਾਇਤਾ ਪ੍ਰਦਾਨ ਕਰੇਗਾ।
ਇਸ ਦੇ ਨਾਲ ਨਾਲ, ਸਾਡੀ ਸਰਕਾਰ ਸਪਲਾਈ ਚੇਨ ਦੇ ਦਬਾਅ ਦਾ ਸਾਹਮਣਾ ਕਰ ਰਹੇ ਕਾਰੋਬਾਰਾਂ ਨੂੰ $650 ਮਿਲੀਅਨ ਅਤੇ ਫ਼ੂਡ ਬੈਂਕਾਂ ਨੂੰ $20 ਮਿਲੀਅਨ ਦੀ ਸਹਾਇਤਾ ਦੇ ਰਹੀ ਹੈ ।ਅਸੀਂ ਭੋਜਨ ਅਸੁਰੱਖਿਆ ਦੇ ਮੂਲ ਕਾਰਨਾਂ ਦਾ ਹੱਲ ਕਰਨ ਲਈ ਨੈਸ਼ਨਲ ਫੂਡ ਸਿਕਿਊਰਟੀ ਸਟ੍ਰੈਟੇਜੀ ਦਾ ਵਿਕਾਸ ਕਰ ਰਹੇ ਹਾਂ ।
ਅੱਜ ਦੇ ਐਲਾਨ ਤੋਂ ਇਲਾਵਾ ਅਫ਼ੋਰਡੇਬਿਲਟੀ ਲਈ ਸਾਡੀ ਸਰਕਾਰ 22 ਮਿਲੀਅਨ ਕੈਨੇਡੀਅਨਾਂ ਦੇ ਟੈਕਸ ਘੱਟ ਕਰਨ, ਨੈਸ਼ਨਲ ਸਕੂਲ ਫੂਡ ਪ੍ਰੋਗਰਾਮ ਪੱਕਾ ਕਰਨ, ਅਤੇ ਡੈਂਟਲ ਕੇਅਰ ਪਲੈਨ ਸਾਰੇ ਉਮਰ ਦੇ ਕੈਨੇਡੀਅਨਾਂ ਲਈ ਵਧਾਉਣ ਵਰਗੇ ਕਦਮ ਚੁੱਕ ਰਹੀ ਹੈ ।
ਸਾਡੀ ਸਰਕਾਰ ਅਰਥ ਵਿਵਸਥਾ ਨੂੰ ਮਜ਼ਬੂਤ ਬਣਾਉਣ ਅਤੇ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਘਟਾਉਣ ਲਈ ਵਚਨਬੱਧ ਹੈ ।

# ਕੈਨੇਡਾ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟੀ

## 2025 'ਚ ਸਿਰਫ਼ 90,454 ਭਾਰਤੀ ਵਿਦਿਆਰਥੀਆਂ ਨੂੰ ਪਰਮਿਟ ਹੋਏ ਜਾਰੀ

ਨਵੀ ਦਿੱਲੀ, 25 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ 'ਚ ਪੜ੍ਹਾਈ ਲਈ ਜਾਣ ਵਾਲੇ ਪੰਜਾਬੀ ਅਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 2022 ਅਤੇ 2023 ਦੇ ਮੁਕਾਬਲੇ 2024 ਅਤੇ 2025 'ਚ ਘਟੀ ਹੈ। ਇਨ੍ਹਾਂ 'ਚ ਪੰਜਾਬੀ ਵਿਦਿਆਰਥੀਆਂ ਦਾ ਵੱਡਾ ਹਿੱਸਾ ਵੀ ਸ਼ਾਮਿਲ ਹੈ । ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅੰਕੜਿਆਂ ਅਨੁਸਾਰ 2022 'ਚ ਭਾਰਤੀ ਵਿਦਿਆਰਥੀਆਂ ਨੂੰ ਲਗਭਗ 2,25,835 ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ ਜਦਿਕ 2023 'ਚ ਇਹ ਗਿਣਤੀ ਵਧ ਕੇ 2,78,005 ਹੋ ਗਈ ਸੀ ਪਰ ਸਾਲ 2024 'ਚ ਭਾਰਤੀਆਂ ਨੂੰ ਸਿਰਫ਼ 1,88,255 ਅਤੇ 2025 'ਚ ਇਕ ਅੰਦਾਜ਼ੇ ਅਨੁਸਾਰ ਸਿਰਫ਼ 90,454 ਭਾਰਤੀਆਂ ਨੂੰ ਹੀ ਪੜ੍ਹਾਈ ਦੇ ਪਰਮਿਟ ਜਾਰੀ ਕੀਤੇ ਗਏ, ਜੋ 2023 ਨਾਲੋਂ ਤੀਜੇ ਹਿੱਸੇ ਤੋਂ ਵੀ ਘੱਟ ਹਨ ।



ਜਨਵਰੀ ਤੋਂ ਅਗਸਤ 2025 ਤੱਕ ਸਿਰਫ਼ 9,995 ਭਾਰਤੀਆਂ ਨੂੰ ਹੀ ਪੜ੍ਹਾਈ ਦੀ ਇਜਾਜ਼ਤ ਮਿਲੀ ਹੈ, ਜਦਕਿ ਇਸੇ ਮਿਆਦ 'ਚ 2023 'ਚ 1,49,875 ਵਿਦਿਆਰਥੀਆਂ ਨੂੰ ਇਹ ਇਜਾਜ਼ਤ ਮਿਲੀ ਸੀ । ਇਸ ਗਿਰਾਵਟ ਦਾ ਕਾਰਨ ਜਨਵਰੀ 2024 'ਚ ਲਾਗੂ ਕੀਤੇ ਗਏ ਨਵੇਂ ਨਿਯਮ, ਧੋਖਾਧੜੀ ਦੀ ਜਾਂਚ, ਵਿੱਤੀ ਜ਼ਰੂਰਤਾਂ 'ਚ ਵਾਧਾ ਅਤੇ ਭਾਰਤ-ਕੈਨੇਡਾ ਵਿਚਕਾਰ ਕੂਟਨੀਤਕ ਤਣਾਅ ਵੀ ਹਨ। ਭਾਰਤੀ ਵਿਦਿਆਰਥੀਆਂ ਵਿਚ 50 ਤੋਂ 60 ਫ਼ੀਸਦੀ ਹਿੱਸਾ ਪੰਜਾਬੀਆਂ ਦਾ ਹੁੰਦਾ ਹੈ। ਇਸੇ ਤਰ੍ਹਾਂ ਕੈਨੇਡਾ ਤੋਂ ਵਾਪਸੀ ਕਰਨ ਵਾਲਿਆਂ ਦੀ ਗਿਣਤੀ ਵੀ ਵਧੀ ਹੈ ਜਦਕਿ ਕੈਨੇਡਾ 'ਚ ਭਾਰਤੀਆਂ ਨੂੰ ਸ਼ਰਨ ਮਿਲਣ ਦੇ ਆਸਾਰ ਵੀ ਘਟੇ ਹਨ।

# ਅਮਰੀਕਾ ਵਿਚ ਭਾਰਤੀ ਨੌਜਵਾਨ ਨੂੰ 18 ਸਾਲ ਕੈਦ

## 23 ਸਾਲ ਦੇ ਸ਼ੈਲੇਸ਼ ਨੇ ਬਜ਼ੁਰਗਾਂ ਤੋਂ ਠੱਗੇ ਲੱਖਾਂ ਡਾਲਰ,ਸਜ਼ਾ ਮੁਕੰਮਲ ਹੋਣ ਮਗਰੋਂ ਸ਼ੈਲੇਸ਼ ਹੋਵੇਗਾ ਡਿਪੋਰਟ



ਫ਼ਲੋਰੀਡਾ, 28 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਬਜ਼ੁਰਗਾਂ ਤੋਂ ਲੱਖਾਂ ਡਾਲਰ ਠੱਗਣ ਵਾਲੇ 23 ਸਾਲ ਦੇ ਭਾਰਤੀ ਨੌਜਵਾਨ ਨੂੰ 18 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਫਲੋਰੀਡਾ ਦੇ ਉਤਰੀ ਜ਼ਿਲ੍ਹੇ ਦੇ ਅਟਾਰਨੀ ਦਫ਼ਤਰ ਨੇ ਦੱਸਿਆ ਕਿ ਸਟੱਡੀ ਵੀਜ਼ਾ 'ਤੇ ਅਮਰੀਕਾ ਪੁੱਜਾ ਅਥਰਵ ਸ਼ੈਲੇਸ਼ ਸਾਥਵਨੇ ਇਸ ਵੇਲੇ ਗੈਰਕਾਨੂੰਨੀ ਪ੍ਰਵਾਸੀ ਵਜੋਂ ਰਹਿ ਰਿਹਾ ਸੀ ਅਤੇ ਐਸ਼ਪ੍ਰਸਤੀ ਵਾਲੀ ਜ਼ਿੰਦਗੀ ਬਤੀਤ ਕਰਨ ਲਈ ਬਜ਼ੁਰਗਾਂ ਨੂੰ ਠੱਗਣ ਵਾਲੇ ਗਿਰੋਹ ਦਾ ਹਿੱਸਾ ਬਣ ਗਿਆ। ਠੱਗਾਂ ਦਾ ਗਿਰੋਹ ਬਜ਼ੁਰਗਾਂ ਨੂੰ ਸੇਵਾ ਮੁਕਤੀ ਮੌਕੇ ਮਿਲੀ ਰਕਮ ਸੋਨੇ ਵਿਚ ਤਬਦੀਲ ਕਰਵਾਉਣ ਜਾਂ ਨਕਦ ਰਕਮ ਨਿਵੇਸ਼ ਕਰਨ 'ਤੇ ਮੋਟੇ ਵਿਆਜ ਦਾ ਲਾਲਚ ਦਿੰਦਾ। ਸ਼ੈਲੇਸ਼ ਬਜ਼ੁਰਗਾਂ ਦੇ ਘਰ ਜਾ ਕੇ ਨਕਦ ਰਕਮ ਹਾਸਲ ਕਰਦਾ ਅਤੇ ਗਿਰੋਹ ਦੇ ਪ੍ਰਮੁੱਖ ਮੈਂਬਰਾਂ ਤੱਕ ਪਹੁੰਚਾਉਂਦਾ। ਇਕ ਬਜ਼ੁਰਗ ਨੂੰ ਸ਼ੱਕ ਪੈਣ ਮਗਰੋਂ ਮਾਮਲੇ ਦੀ ਪੜਤਾਲ ਆਰੰਭ ਹੋ ਗਈ ਅਤੇ ਅੰਡਰਕਵਰ ਅਫ਼ਸਰਾਂ ਨੇ ਸ਼ੈਲੇਸ਼ ਨੂੰ ਰੰਗੇ ਹੱਥੀਂ ਇਕ ਬਜ਼ੁਰਗ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ। ਸ਼ੈਲੇਸ਼ ਦੇ ਮੋਬਾਈਲ ਫੋਨ ਰਾਹੀਂ ਜਾਂਚਕਰਤਾਵਾਂ ਨੂੰ ਸਭ ਕੁਝ ਪਤਾ ਲੱਗ ਗਿਆ। ਉਸ ਨੇ ਬਜ਼ੁਰਗਾਂ ਤੋਂ ਨਕਦ ਰਕਮ ਜਾਂ ਸੋਨਾ ਹਾਸਲ ਕਰਨ ਲਈ ਘੱਟੋ ਘੱਟ 33 ਗੇੜੇ ਲਾਏ। ਆਮ ਤੌਰ 'ਤੇ ਉਹ ਫਲੋਰੀਡਾ ਵਿਚ ਹੀ ਸਰਗਰਮ ਰਹਿੰਦਾ ਪਰ ਕਈ ਮੌਕਿਆਂ 'ਤੇ ਪੈਨਸਿਲਵੇਨੀਆ, ਵਰਜੀਨੀਆ, ਨਿਊ ਜਰਸੀ ਅਤੇ ਨਿਊ ਯਾਰਕ ਦੇ ਗੇੜੇ ਵੀ ਲਾਏ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਠੱਗਾਂ ਦੇ ਗਿਰੋਹ ਨੇ ਬਜ਼ੁਰਗਾਂ ਨੂੰ 10 ਮਿਲੀਅਨ ਡਾਲਰ ਤੋਂ ਵੱਧ ਨੁਕਸਾਨ ਪਹੁੰਚਾਇਆ ਜਿਸ ਵਿਚੋਂ 6.6 ਮਿਲੀਅਨ ਡਾਲਰ ਦੀ ਰਕਮ ਜਾਂ ਸੋਨਾ ਸ਼ੈਲੇਸ਼ ਲੈ ਕੇ ਆਇਆ। ਉਸ ਨੇ ਦੋ ਬਜ਼ੁਰਗਾਂ ਕੋਲੋ 13 ਲੱਖ 60 ਹਜ਼ਾਰ ਡਾਲਰ ਦੀ ਰਕਮ ਹਾਸਲ ਕਰਨ ਦਾ ਯਤਨ ਕੀਤਾ ਪਰ ਅਸਫ਼ਲ ਰਿਹਾ। ਸਥਾਨਕ ਅਤੇ ਫ਼ੈਡਰਲ ਅਧਿਕਾਰੀਆਂ ਦਾ ਕਹਿਣਾ ਹੈ ਕਿ ਫਲੋਰੀਡਾ ਵਿਚ ਸੇਵਾ ਮੁਕਤ ਲੋਕਾਂ ਦੀ ਵੱਡੀ ਗਿਣਤੀ ਵਿਚ ਮੌਜੂਦਗੀ ਠੱਗਾਂ ਨੂੰ ਸੂਬੇ ਵੱਲ ਖਿੱਚਦੀ ਹੈ। ਇਸ ਮਾਮਲੇ ਦੀ ਪੜਤਾਲ ਵਿਚ ਗੇਨਜ਼ਵਿਲ ਪੁਲਿਸ, ਐਫ਼.ਬੀ.ਆਈ. ਅਤੇ ਆਈ ਆਰ ਐਸ ਦੇ ਕ੍ਰਿਮੀਨਲ ਇਨਵੈਸਟੀਗੇਸ਼ਨ ਬਿਊਰੋ ਦੇ ਅਫ਼ਸਰ ਸ਼ਾਮਲ ਰਹੇ। ਸ਼ੈਲੇਸ਼ ਨੂੰ ਸਜ਼ਾ ਸੁਣਾਏ ਜਾਣ ਮਗਰੋਂ ਜਾਂਚਕਰਤਾਵਾਂ ਨੇ ਕਿਹਾ ਕਿ ਮਸਲਾ ਇਥੇ ਹੀ ਖ਼ਤਮ ਨਹੀਂ ਹੋ ਜਾਂਦਾ ਕਿਉਂਕਿ ਹਾਲੇ ਵੀ ਕਈ ਠੱਗ ਵੱਖ ਵੱਖ ਤਰੀਕਿਆਂ ਨਾਲ ਬਜ਼ੁਰਗਾਂ ਨੂੰ ਠੱਗਣ ਦੇ ਯਤਨ ਕਰ ਰਹੇ ਹਨ। ਦੱਸ ਦੇਈਏ ਕਿ ਸ਼ੈਲੇਸ ਦੀ ਸਜ਼ਾ ਮੁਕੰਮਲ ਹੋਣ ਮਗਰੋਂ ਉਸ ਨੂੰ ਡਿਪੋਰਟ ਕਰ ਦਿਤਾ ਜਾਵੇਗਾ।

## ਟਰੰਪ ਦੇ ਕਤਲ ਦੀ ਸਾਜ਼ਿਸ਼ ਬੇਨਕਾਬ !

ਮਿਨੀਆਪੌਲਿਸ/ਚਾਰਲਸਟਨ, 28 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਕਤਲ ਦੀ ਸਾਜ਼ਿਸ਼ ਦਾ ਪਰਦਾ ਫ਼ਾਸ਼ ਕਰਦਿਆਂ ਵੈਸਟ ਵਰਜੀਨੀਆ ਸੂਬੇ ਦੀ ਲਾਇਬ੍ਰੇਰੀਅਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ ਕਥਿਤ ਤੌਰ 'ਤੇ ਟਿਕਟੌਕ ਰਾਹੀਂ ਸੰਭਾਵਤ ਕਾਤਲਾਂ ਦੀ ਭਰਤੀ ਕਰ ਰਹੀ ਸੀ। ਜੈਕਸਨ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਮੁਤਾਬਕ ਪਹਿਲੀ ਹੈਰਾਨਕੁੰਨ ਟਿੱਪਣੀ ਬਾਰੇ ਐਤਵਾਰ ਨੂੰ ਪਤਾ ਲੱਗਾ ਅਤੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕਰਦਿਆਂ 39 ਸਾਲ ਦੀ ਮੌਰਗਨ ਮੌਰੋ ਦੀ ਪੈੜ ਨੱਪੀ ਜਾ ਸਕੀ।

# ਯੂਰਪ ਅਤੇ ਭਾਰਤ ਵਿਚਾਲੇ ਮੁਕਤ ਵਪਾਰ ਸੰਧੀ ਤੋਂ ਤੜਪਿਆ ਅਮਰੀਕਾ



ਨਵੀਂ ਦਿੱਲੀ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਭਾਰਤ ਅਤੇ ਯੂਰਪੀ ਯੂਨੀਅਨ ਦਰਮਿਆਨ 18 ਸਾਲ ਤੱਕ ਚੱਲੀ ਗੱਲਬਾਤ ਮਗਰੋਂ ਆਖਰਕਾਰ ਮੰਗਲਵਾਰ ਨੂੰ ਮੁਕਤ ਵਪਾਰ ਸੰਧੀ ਸਿਰੇ ਚੜ੍ਹ ਗਈ। ਟਰੰਪ ਦੀਆਂ ਟੈਰਿਫ਼ਸ ਦਰਮਿਆਨ ਫ਼ਰੀ ਟਰੇਡ ਅਗਰੀਮੈਂਟ ਨੂੰ ਅਮੈਰਿਕਨ ਮੀਡੀਆ ਵਿਚ ਤਰਜੀਹੀ ਤੌਰ 'ਤੇ ਪੇਸ਼ ਕੀਤਾ ਗਿਆ ਅਤੇ ਬਲੂਮਬਰਗ ਨੇ ਕਿਹਾ, ਇਹ ਸੌਦਾ ਟਰੰਪ ਸਰਕਾਰ ਨੂੰ ਕਰਾਰਾ ਜਵਾਬ। ਦੂਜੇ ਪਾਸੇ ਅਮਰੀਕਾ ਦੇ ਖ਼ਜ਼ਾਨਾ ਮੰਤਰੀ ਸਕੌਟ ਬੇਸੈਂਟ ਨੇ ਕਿਹਾ ਕਿ ਭਾਰਤ ਉਤੇ ਲਾਗੂ ਟੈਰਿਫ਼ਸ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਯੂਰਪ ਆਪਣੇ ਵਿਰੁੱਧ ਜੰਗ ਵਾਸਤੇ ਖ਼ੁਦ ਅਦਾਇਗੀ ਕਰੇਗਾ ਕਿਉਂਕਿ ਭਾਰਤ ਲਗਾਤਾਰ ਰੂਸੀ ਤੇਲ ਖਰੀਦ ਰਿਹਾ ਹੈ ਅਤੇ ਮੋਟੀ ਰਕਮ ਰੂਸੀ ਖ਼ਜ਼ਾਨੇ ਵਿਚ ਜਾ ਰਹੀ ਹੈ। ਇਥੇ ਦਸਣਾ ਬਣਦਾ ਹੈ ਕਿ ਮੁਕਤ ਵਪਾਰ ਸੰਧੀ 2027 ਤੋਂ ਲਾਗੂ ਹੋਵੇਗੀ ਅਤੇ ਬੀ.ਐਮ.ਡਬਲਿਊ ਜਾਂ ਮਰਸਡੀਜ਼ ਵਰਗੀਆਂ ਗੱਡੀਆਂ 'ਤੇ ਲੱਗ ਰਿਹਾ 110 ਫ਼ੀ ਸਦੀ ਟੈਕਸ ਘਟਾ ਕੇ ਸਿਰਫ਼ 10 ਫ਼ੀ ਸਦੀ ਕਰ ਦਿਤਾ ਗਿਆ ਹੈ। ਇਸ ਤੋਂਇਲਾਵਾ ਯੂਰਪ ਤੋਂ ਭਾਰਤ ਆਉਣ ਵਾਲੀ ਸ਼ਰਾਬ ਅਤੇ ਵਾਈਨ ਉਤੇ ਵੀ ਟੈਕਸਾਂ ਵਿਚ ਵੱਡੀ ਕਟੌਤੀ ਕੀਤੀ ਜਾਵੇਗੀ। ਇਸ ਵੇਲੇ ਯੂਰਪੀ ਮੁਲਕਾਂ ਤੋਂ ਆਉਣ ਵਾਲੀ ਸ਼ਰਾਬ 'ਤੇ 150 ਫ਼ੀ ਸਦੀ ਟੈਕਸ ਲਗਦਾ ਪਰ ਮੁਕਤ ਵਪਾਰ ਸੰਧੀ ਲਾਗੂ ਹੋਣ 'ਤੇ 20 ਤੋਂ 30 ਫ਼ੀ ਸਦੀ ਰਹਿ ਜਾਵੇਗਾ। ਭਾਰਤ ਦੁਨੀਆਂ ਦਾ ਚੌਥਾ ਵੱਡਾ ਅਰਥਚਾਰਾ ਹੈ ਜਦਕਿ ਯੂਰਪੀ ਯੂਨੀਅਨ ਦੂਜਾ ਸਭ ਤੋਂ ਵੱਡਾ ਅਰਥਚਾਰਾ ਬਣਦਾ ਹੈ। ਦੋਹਾਂ ਧਿਰਾਂ ਕੋਲ ਕੌਮਾਂਤਰੀ ਜੀ.ਡੀ.ਪੀ. ਦਾ 25 ਫ਼ੀ ਸਦੀ ਅਤੇ ਕੁਲ ਵਪਾਰ ਦਾ ਇਕ ਤਿਹਾਈ ਹਿੱਸਾ ਮੌਜੂਦ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਝੌਤੇ ਉਤੇ ਦਸਤਖ਼ਤ ਹੋਣ ਮਗਰੋਂ ਇਸ ਨੂੰ ਇਤਿਹਾਸਕ ਕਰਾਰ ਦਿਤਾ।

# ਅਦਾਕਾਰ ਧਰਮਿੰਦਰ ਪਦਮ ਵਿਭੂਸ਼ਣ ਨਾਲ ਸਨਮਾਨਿਤ

ਨਵੀਂ ਦਿੱਲੀ, 25 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਦਾਕਾਰ ਧਰਮਿੰਦਰ ਅਤੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਅਤੇ ਸੀਨੀਅਰ ਕਮਿਊਨਿਸਟ ਨੇਤਾ ਵੀ.ਐਸ. ਅਚੁਤਾਨੰਦਨ ਨੂੰ ਮਰਨ ਉਪਰੰਤ 2026 ਲਈ ਦੇਸ਼ ਦੇ ਦੂਜੇ ਸਰਵਉੱਚ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਹੈ। ਗਣਤੰਤਰ ਦਿਵਸ ਦੀ ਪੂਰਵ ਸੰਧਿਆ ਉਤੇ, ਸਰਕਾਰ ਨੇ 2026 ਲਈ 131 ਪਦਮ ਪੁਰਸਕਾਰਾਂ ਦਾ ਐਲਾਨ ਕੀਤਾ, ਜਿਸ ਵਿਚ ਪੰਜ ਪਦਮ ਵਿਭੂਸ਼ਣ, 13 ਪਦਮ ਭੂਸ਼ਣ ਅਤੇ 113 ਪਦਮ ਸ਼੍ਰੀ ਸ਼ਾਮਲ ਹਨ। ਸੁਪਰੀਮ ਕੋਰਟ ਦੇ ਸਾਬਕਾ ਜੱਜ ਕੇ.ਟੀ. ਥਾਮਸ, ਕਲਾ ਵਿਚ ਹਿੰਦੁਸਤਾਨੀ ਸ਼ਾਸਤਰੀ ਸੰਗੀਤਕਾਰ ਅਤੇ ਵਾਇਲਨਿਸਟ ਐਨ. ਰਾਜਮ, ਸਾਹਿਤ ਅਤੇ ਸਿੱਖਿਆ ਵਿਚ ਉੱਘੇ ਮਲਿਆਲਮ ਪੱਤਰਕਾਰ ਪੀ. ਨਾਰਾਇਣਨ ਨੂੰ ਵੀ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਪਦਮ ਭੂਸ਼ਣ ਨਾਲ ਸਨਮਾਨਿਤ ਕੀਤੇ ਗਏ ਲੋਕਾਂ 'ਚ ਗਾਇਕਾ ਅਲਕਾ ਯਾਗਨਿਕ, ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਭਗਤ ਸਿੰਘ ਕੋਸ਼ਿਆਰੀ, ਦਖਣੀ ਭਾਰਤ ਦੇ ਮਸ਼ਹੂਰ ਅਦਾਕਾਰ ਮਮੂਟੀ ਅਤੇ ਬੈਂਕਰ ਉਦੈ ਕੋਟਕ ਸ਼ਾਮਲ ਹਨ। ਇਸ਼ਤਿਹਾਰ ਜਗਤ 'ਚ ਮਸ਼ਹੂਰ ਪਿਊਸ਼ ਪਾਂਡੇ, ਜੇ.ਐਮ.ਐਮ. ਦੇ ਸੰਸਥਾਪਕ ਸ਼ਿਬੂ ਸੋਰੇਨ ਅਤੇ ਭਾਜਪਾ ਨੇਤਾ ਵੀ.ਕੇ. ਮਲਹੋਤਰਾ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਹੈ, ਜਦਕਿ ਅਦਾਕਾਰ ਅਤੇ ਕਾਮੇਡੀਅਨ ਸਤੀਸ਼ ਸ਼ਾਹ ਨੂੰ ਮਰਨ ਉਪਰੰਤ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ। ਇਸ ਸੂਚੀ 'ਚ 90 ਔਰਤਾਂ ਹਨ ਅਤੇ ਇਸ ਸੂਚੀ 'ਚ ਵਿਦੇਸ਼ੀਆਂ, ਐਨ.ਆਰ.ਆਈ., ਪੀ.ਆਈ.ਓ. ਅਤੇ ਓ.ਸੀ.ਆਈ. ਸ਼੍ਰੇਣੀ ਦੇ 6 ਵਿਅਕਤੀ ਅਤੇ ਮਰਨ ਉਪਰੰਤ 16 ਵਿਅਕਤੀ ਸ਼ਾਮਲ ਹਨ।
ਟੈਨਿਸ ਦੇ ਮਹਾਨ ਖਿਡਾਰੀ ਵਿਜੇ ਅਮ੍ਰਿਤਰਾਜ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਹੈ। ਕ੍ਰਿਕਟਰ ਰੋਹਿਤ ਸ਼ਰਮਾ, ਮਹਿਲਾ ਕ੍ਰਿਕਟ ਕਪਤਾਨ ਹਰਮਨਪ੍ਰੀਤ ਕੌਰ ਅਤੇ ਹਾਕੀ ਖਿਡਾਰਨ ਸਵਿਤਾ ਪੂਨੀਆ ਨੂੰ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ। ਅਮ੍ਰਿਤਰਾਜ ਇਸ ਸਾਲ ਪਦਮ ਭੂਸ਼ਣ ਪ੍ਰਾਪਤ ਕਰਨ ਵਾਲੇ ਇਕਲੌਤੇ ਖਿਡਾਰੀ ਹਨ ਜੋ ਭਾਰਤ ਦਾ ਤੀਜਾ ਸਭ ਤੋਂ ਵੱਡਾ ਨਾਗਰਿਕ ਪੁਰਸਕਾਰ ਹੈ।
























# ਅਮਰੀਕਾ ਵਿਚ ਪ੍ਰਵਾਸੀਆਂ ਹੱਥੋਂ ਟਰੰਪ ਨੂੰ ਪਹਿਲੀ ਹਾਰ

## ਇੰਮੀਗ੍ਰੇਸ਼ਨ ਛਾਪਿਆਂ ਦੇ ਮੁੱਦੇ 'ਤੇ ਹੋ ਗਏ ਡਾਵਾਂਡੋਲ



ਮਿਨੀਆਪੋਲਿਸ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਗੈਰਕਾਨੂੰਨੀ ਪ੍ਰਵਾਸੀਆਂ ਦੀ ਫੜੋ-ਫੜੀ ਦੇ ਮੁੱਦੇ 'ਤੇ ਪਹਿਲੀ ਵਾਰ ਡੌਨਲਡ ਟਰੰਪ ਡਾਵਾਂਡੋਲ ਨਜ਼ਰ ਆ ਰਹੇ ਹਨ। ਜੀ ਹਾਂ, ਇੰਮੀਗ੍ਰੇਸ਼ਨ ਛਾਪਿਆਂ ਦੌਰਾਨ ਗੋਲੀਬਾਰੀ ਦੀਆਂ ਵਾਰਦਾਤਾਂ ਨੇ ਰਾਸ਼ਟਰਪਤੀ ਨੂੰ ਪੈਰ ਪਿੱਛੇ ਖਿੱਚਣ ਲਈ ਮਜਬੂਰ ਕਰ ਦਿਤਾ ਹੈ ਅਤੇ ਬਾਰਡਰ ਪੈਟਰੋਲ ਏਜੰਟਾਂ ਨੂੰ ਮਿਨੇਸੋਟਾ ਦਾ ਮਿਨੀਆਪੋਲਿਸ ਸ਼ਹਿਰ ਛੱਡਣ ਦੇ ਹੁਕਮ ਜਾਰੀ ਕਰ ਦਿਤੇ ਗਏ। ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੋਇਮ ਦੀ ਕੁਰਸੀ ਵੀ ਖ਼ਤਰੇ ਵਿਚ ਨਜ਼ਰ ਆ ਰਹੀ ਹੈ ਅਤੇ ਟਰੰਪ ਨੇ ਸਾਰੀ ਜ਼ਿੰਮੇਵਾਰ ਬਾਰਡਰ ਜ਼ਾਰ ਟੌਮ ਹੋਮਨ ਦੇ ਹੱਥਾਂ ਵਿਚ ਸੌਂਪ ਦਿਤੀ ਹੈ। ਲਿਟਲ ਨੈਪੋਲੀਅਨ ਵਜੋਂ ਪ੍ਰਸਿੱਧ ਬਾਰਡਰ ਪੈਟਰੋਲ ਕਮਾਂਡਰ ਗ੍ਰੈਗਰੀ ਬੌਵੀਨੋ ਅਤੇ ਉਨ੍ਹਾਂ ਦੇ ਜਵਾਨਾਂ ਦੀ ਰਵਾਨਗੀ ਦਾ ਤਤਕਾਲੀ ਕਾਰਨ ਐਲਕਸ ਪ੍ਰਿਟੀ ਦੀ ਮੌਤ ਰਿਹਾ ਜਿਸ ਬਾਰੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਅਤੇ ਬਰਾਕ ਓਬਾਮਾ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ। ਪ੍ਰਵਾਸੀਆਂ ਨੂੰ ਜ਼ੋਰ-ਜ਼ਬਰਦਸਤੀ ਨਾਲ ਕਾਬੂ ਕਰਨ ਦੀ ਸੋਚ ਬੌਵੀਨੋ ਨੇ ਉਭਾਰੀ ਅਤੇ ਐਲਕਸ ਪ੍ਰਿਟੀ ਦੀ ਮੌਤ ਮਗਰੋਂ ਦਾਅਵਾ ਕੀਤਾ ਕਿ ਉਹ ਫ਼ੈਡਰਲ ਏਜੰਟਾਂ ਦਾ ਕਤਲੇਆਮ ਕਰਨਾ ਚਾਹੁੰਦਾ ਸੀ ਪਰ ਟਰੰਪ ਨੇ ਐਤਵਾਰ ਤੇ ਸੋਮਵਾਰ ਹਰ ਮੀਡੀਆ ਰਿਪੋਰਟ ਨੂੰ ਡੂੰਘਾਈ ਨਾਲ ਘੋਖਣ ਮਗਰੋਂ ਸਿੱਟਾ ਕੱਢਿਆ ਕਿ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਦੀ ਇੰਚਾਰਜ ਕ੍ਰਿਸਟੀ ਨੋਇਮ ਤੋਂ ਲੈ ਕੇ ਬੌਵੀਨੋ ਤੱਕ ਸਾਰੇ ਝੂਠ ਬੋਲ ਰਹੇ ਹਨ। ਵਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲਾਈਨ ਲੈਵਿਟ ਨੇ ਕ੍ਰਿਸਟੀ ਨੋਇਮ ਵੱਲੋਂ ਵਰਤੀ ਸ਼ਬਦਾਵਲੀ ਤੋਂ ਟਰੰਪ ਨੂੰ ਦੂਰ ਕਰਦਿਆਂ ਕਿਹਾ ਕਿ ਰਾਸ਼ਟਰਪਤੀ ਅਜਿਹਾ ਬਿਲਕੁਲ ਨਹੀਂ ਸੋਚਦੇ। ਅਸਲ ਵਿਚ ਗ੍ਰੈਗਰੀ ਬੌਵੀਨੋ ਨੂੰ ਕ੍ਰਿਸਟੀ ਨੋਇਮ ਦਾ ਵਫ਼ਾਦਾਰ ਮੰਨਿਆ ਜਾਂਦਾ ਹੈ ਅਤੇ ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਆਪਣੇ ਵਫ਼ਾਦਾਰ ਨੂੰ ਰੌਡਨੀ ਸਕੌਟ ਦੀ ਥਾਂ ਬਾਰਡਰ ਪੈਟਰੋਲ ਚੀਫ਼ ਬਣਾਉਣਾ ਚਾਹੁੰਦੀ ਹੈ ਪਰ ਦੂਜੇ ਪਾਸੇ ਰੌਡਨੀ ਸਕੌਟ ਦੇ ਸਿਰ 'ਤੇ ਟੌਮ ਹੋਮਨ ਦਾ ਹੱਥ ਹੈ ਜਿਸ ਨੂੰ ਵੇਖਦਿਆਂ ਪੇਚਾ ਗੁੰਝਲਦਾਰ ਹੋ ਗਿਆ ਹੈ। ਇੰਮੀਗ੍ਰੇਸ਼ਨ ਛਾਪਿਆਂ ਦੌਰਾਨ ਬੌਵੀਨੋ ਨੇ ਕਦੇ ਨਕਾਬ ਨਹੀਂ ਪਾਇਆ ਅਤੇ ਆਪਣੇ ਆਪ ਨੂੰ ਧਾਕੜ ਅਫ਼ਸਰ ਵਜੋਂ ਪੇਸ਼ ਕਰਦਾ ਆ ਰਿਹਾ ਸੀ ਪਰ ਮਿਨੇਸੋਟਾ ਵਿਚ ਵਿਖਾਵਾਕਾਰੀਆਂ ਨੇ ਸਾਰੀ ਆਕੜ ਕੱਢ ਦਿਤੀ। ਬੌਵੀਨੋ ਦੇ ਪਹਿਰਾਵੇ ਬਾਰੇ ਕੈਲੇਫੋਰਨੀਆ ਦੇ ਗਵਰਨਰ ਨੇ ਟਿੱਪਣੀ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦਾ ਪਹਿਰਾਵਾ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਕਿਸੇ ਪ੍ਰਾਈਵੇਟ ਆਰਮੀ ਦਾ ਮੈਂਬਰ ਹੋਵੇ। ਇਥੇ ਦਸਣਾ ਬਣਦਾ ਹੈ ਕਿ ਬੌਵੀਨੋ ਨੇ ਇਕ ਵਾਰ ਪੱਤਰਕਾਰ ਨੂੰ ਕੈਲੇਫੋਰਨੀਆ ਦੀ ਇੰਪੀਰੀਅਲ ਵੈਲੀ ਵਿਚ ਸੱਦਿਆ ਅਤੇ ਉਹ ਨਹਿਰ ਤੈਰ ਕੇ ਪਾਰ ਕੀਤੀ ਜਿਸ ਰਾਹੀਂ ਗੈਰਕਾਨੂੰਨੀ ਪ੍ਰਵਾਸੀ ਅਮਰੀਕਾ ਦਾਖਲ ਹੁੰਦੇ ਸਨ। ਟਰੰਪ ਦੇ ਮੁੜ ਸੱਤਾ ਵਿਚ ਆਉਣ ਮਗਰੋਂ ਰਾਸ਼ਟਰਪਤੀ ਦਾ ਧਿਆਨ ਖਿੱਚਣ ਲਈ ਬੌਵੀਨੋ ਨੇ ਅਜਿਹੀਆਂ ਹਰਕਤਾਂ ਜਾਰੀ ਰੱਖੀਆਂ। ਟਰੰਪ ਦੇ ਸਹੁੰ ਚੁੱਕਣ ਤੋਂ ਪਹਿਲਾਂ ਗੈਸ ਸਟੇਸ਼ਨ 'ਤੇ ਕੰਮ ਕਰਦੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਵੱਡੀ ਗਿਣਤੀ ਵਿਚ ਫੈਡਰਲ ਏਜੰਟ ਭੇਜੇ। ਬੀਤੇ ਨਵੰਬਰ ਮਹੀਨੇ ਦੌਰਾਨ ਇਕ ਫ਼ੈਡਰਲ ਜੱਜ ਨੇ ਬੌਵੀਨੋ ਦੀ ਝਾੜ-ਝੰਬ ਕੀਤੀ ਕਿਉਂਕਿ ਸ਼ਿਕਾਗੋ ਵਿਖੇ ਇੰਮੀਗ੍ਰੇਸ਼ਨ ਛਾਪਿਆਂ ਦੇ ਮੁੱਦੇ 'ਤੇ ਬੌਵੀਨੋ ਨੇ ਕੋਰਾ ਝੂਠ ਬੋਲ ਦਿਤਾ। ਜੱਜ ਸਾਰਾ ਐਲਿਸ ਨੇ ਕਿਹਾ ਕਿ ਬੌਵੀਨੋ ਦਾ ਦਾਅਵਾ ਬਿਲਕੁਲ ਥੋਥਾ ਸਾਬਤ ਹੋਇਆ ਕਿ ਕਿਸੇ ਮੁਜ਼ਾਹਰਾਕਾਰੀ ਨੇ ਉਨ੍ਹਾਂ ਨੂੰ ਰੋੜਾ ਮਾਰਿਆ। ਵੀਡੀਓ ਰਾਹੀਂ ਬਿਲਕੁਲ ਸਪੱਸ਼ਟ ਹੋ ਜਾਂਦਾ ਹੈ ਕਿ ਕੋਈ ਮੁਜ਼ਾਹਰਾਕਾਰੀ ਬੌਵੀਨੋ ਦੇ ਨੇੜੇ ਵੀ ਨਹੀਂ ਗਿਆ।

# ਕੈਨੇਡਾ 'ਚ 16,499 ਲੋਕਾਂ ਨੇ ਲਵਾਇਆ ਜ਼ਹਿਰ ਦਾ ਟੀਕਾ

## ਟੋਰਾਂਟੋ 'ਚ ਵਿਲਕਦੀ ਮਾਂ ਨੇ ਸੁਣਾਇਆ ਪੁੱਤ ਦੀ ਮੌਤ ਦਾ ਕਿੱਸਾ

ਟੋਰਾਂਟੋ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਡਾਕਟਰ ਤੋਂ ਜ਼ਹਿਰ ਦਾ ਟੀਕਾ ਲਗਵਾਉਣ ਵਾਲਿਆਂ ਦੀ ਸਾਲਾਨਾ ਗਿਣਤੀ 16 ਹਜ਼ਾਰ ਤੋਂ ਟੱਪ ਗਈ ਹੈ ਅਤੇ ਹਾਲ ਹੀ ਵਿਚ ਇਕ ਡਾਕਟਰ ਵੱਲੋਂ ਮਰੀਜ਼ ਨੂੰ ਇੱਛਾ ਮੌਤ ਦੇਣ ਦਾ ਮਾਮਲਾ ਬੇਹੱਦ ਭਖ ਗਿਆ ਹੈ। ਨੇਤਰਹੀਣ ਅਤੇ ਡਾਇਬਟੀਜ਼ ਦੀ ਬਿਮਾਰੀ ਤੋਂ ਪੀੜਤ 26 ਸਾਲਾ ਨੌਜਵਾਨ ਦੀ ਮਾਂ ਦੇ ਹੰਝੂ ਨਹੀਂ ਰੁਕ ਰਹੇ ਜੋ 2022 ਵਿਚ ਆਪਣੇ ਪੁੱਤ ਨੂੰ ਬਚਾਉਣ ਵਿਚ ਸਫ਼ਲ ਰਹੀ ਪਰ 30 ਦਸੰਬਰ 2025 ਨੂੰ ਇੱਛਾ ਮੌਤ ਦੀ ਇਜਾਜ਼ਤ ਮਿਲ ਗਈ। ਵਿਲਕਦੀ ਮਾਂ ਨੇ ਦੱਸਿਆ ਕਿ ਉਸ ਦੇ ਪੁੱਤ ਦੀ ਸਰੀਰਕ ਹਾਲਤ ਐਨੀ ਮਾੜੀ ਨਹੀਂ ਸੀ ਕਿ ਇੱਛਾ ਮੌਤ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਕੈਨੇਡੀਅਨ ਕਾਨੂੰਨ ਮੁਤਾਬਕ ਸਿਰਫ਼ ਉਨ੍ਹਾਂ ਮਰੀਜ਼ਾਂ ਨੂੰ ਡਾਕਟਰ ਦੀ ਸਹਾਇਤਾ ਨਾਲ ਖੁਦਕੁਸ਼ੀ ਦਾ ਹੱਕ ਹੈ ਜਿਨ੍ਹਾਂ ਦੀ ਬਿਮਾਰੀ ਲਾਇਲਾਜ ਅਤੇ ਅਸਹਿਣਯੋਗ ਹੋਵੇ। ਪੁੱਤ ਦੇ ਵਿਛੋੜੇ ਵਿਚ ਦਰ-ਦਰ ਦੀਆਂ ਠੋਕਰਾਂ ਖਾ ਰਹੀ ਮਾਰਗ੍ਰੈਟ ਮਾਰਸੀਆ ਨੇ ਦੱਸਿਆ ਕਿ ਦੁਨੀਆਂ ਦੀ ਕੋਈ ਆਪਣੇ ਬੱਚੇ ਨੂੰ ਆਪਣੇ ਹੱਥੀਂ ਦਫ਼ਨਾਉਣਾ ਨਹੀਂ ਚਾਹੇਗੀ। ਮਾਰਗ੍ਰੈਅ ਦੇ ਦੁਖਾਂ ਦੀ ਕਹਾਣੀ ਤਕਰੀਬਨ 9 ਸਾਲ ਪਹਿਲਾਂ ਸ਼ੁਰੂ ਹੋਈ ਜਦੋਂ ਉਸ ਦਾ ਬੇਟਾ ਕਿਆਨੇ ਵੈਫ਼ਾਇਨ 17 ਸਾਲ ਦੀ ਉਮਰ ਵਿਚ ਦਰਦਨਾਕ ਕਾਰ ਹਾਦਸੇ ਦਾ ਸ਼ਿਕਾਰ ਬਣ ਗਿਆ। ਇਸ ਮਗਰੋਂ ਉਹ ਕਦੇ ਕਾਲਜ ਨਾ ਜਾ ਸਕਿਆ ਅਤੇ ਅਪ੍ਰੈਲ 2022 ਵਿਚ ਇਕ ਅੱਖ ਦੀ ਰੌਸ਼ਨੀ ਚਲੀ ਗਈ। ਸਤੰਬਰ 2022 ਵਿਚ ਕਿਆਨੇ ਨੇ ਇੱਛਾ ਮੌਤ ਦੀ ਅਰਜ਼ੀ ਦਾਇਰ ਕਰ ਦਿਤੀ ਪਰ ਮਾਰਗ੍ਰੈਟ ਨੂੰ ਇਸ ਬਾਰੇ ਪਤਾ ਲੱਗ ਗਿਆ ਅਤੇ ਉਹ ਪ੍ਰਕਿਰਿਆ ਰੁਕਵਾਉਣ ਵਿਚ ਸਫ਼ਲ ਰਹੀ। ਮਾਰਗ੍ਰੈਟ ਨੇ ਆਪਣੇ ਬੇਟੇ ਨੂੰ ਵੱਖਰਾ ਕੌਂਡੋ ਲੈ ਕੇ ਦਿਤਾ ਅਤੇ ਕੇਅਰ ਗਿਵਰ ਦਾ ਪ੍ਰਬੰਧ ਕਰਦਿਆ 4 ਹਜ਼ਾਰ ਡਾਲਰ ਮਹੀਨਾ ਦੀ ਵਿੱਤੀ ਸਹਾਇਤਾ ਵੀ ਦੇਣ ਲੱਗੀ। ਕਿਆਨੇ ਵੀ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨ ਲਈ ਸਹਿਮਤ ਹੋ ਗਿਆ ਅਤੇ ਸੈਰ ਸਪਾਟੇ ਲਈ ਨਿਊ ਯਾਰਕ ਜਾਣ ਦੀ ਯੋਜਨਾ ਬਣਾਈ। ਪਿਛਲੇ ਸਾਲ ਅਕਤੂਬਰ ਤੱਕ ਮਾਰਗ੍ਰੈਟ ਨੇ ਆਪਣੇ ਬੇਟੇ ਵਾਸਤੇ ਜਿੰਮ ਦੀ ਮੈਂਬਰਸ਼ਿਪ ਵੀ ਲੈ ਲਈ ਅਤੇ ਕਿਆਨੇ ਵੀ ਖੁਸ਼ ਰਹਿਣ ਲੱਗਾ ਪਰ ਕੁਝ ਹਫ਼ਤੇ ਬਾਅਦ ਉਸ ਦੀ ਸੋਚ ਮੁੜ ਬਦਲਣ ਲੱਗੀ। 15 ਦਸੰਬਰ ਨੂੰ ਕਿਆਨੇ ਮੈਕਸੀਕੋ ਛੁੱਟੀਆਂ ਮਨਾਉਣ ਗਿਆ ਅਤੇ ਆਪਣੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ। ਸਿਰਫ਼ ਦੋ ਦਿਨ ਬਾਅਦ ਕਿਆਨੇ ਵੈਨਕੂਵਰ ਰਵਾਨਾ ਹੋ ਗਿਆ ਅਤੇ ਤਿੰਨ ਦਿਨ ਬਾਅਦ ਆਪਣੀ ਮਾਂ ਨੂੰ ਟੈਕਸਟ ਮੈਸੇਜ ਭੇਜ ਕੇ ਦੱਸਿਆ ਕਿ ਅਗਲੇ ਦਿਨ ਡਾਕਟਰ ਕੋਲ ਜਾ ਕੇ ਜ਼ਹਿਰ ਦਾ ਟੀਕਾ ਲਗਵਾਉਣਾ ਹੈ।



ਇੱਛਾ ਮੌਤ ਦੀ ਪ੍ਰਕਿਰਿਆ ਵਿਚ ਪਰਵਾਰ ਕੋਈ ਦਖਲ ਨਾ ਦੇਵੇ, ਇਸ ਵਾਸਤੇ ਕਿਆਨੇ ਵੱਲੋਂ ਸੁਰੱਖਿਆ ਬੰਦੋਬਸਤ ਵੀ ਕੀਤੇ ਗਏ। ਮਾਂ ਨੇ ਆਪਣੇ ਪੁੱਤ ਅੱਗੇ ਬਥੇਰੀਆਂ ਮਿੰਨਤਾਂ ਕੀਤੀਆਂ ਅਤੇ ਟੋਰਾਂਟੋ ਵਾਪਸ ਆਉਣ ਲਈ ਮਨਾਉਣ ਲੱਗੀ ਪਰ ਕਿਆਨੇ ਨੇ ਇਕ ਨਾ ਸੁਣੀ। ਕਿਆਨੇ ਨੂੰ ਜ਼ਹਿਰ ਦਾ ਟੀਕਾ ਲਾਉਣ ਵਾਲੀ ਡਾਕਟਰ ਨੇ ਦੱਸਿਆ ਕਿ ਉਹ ਇਕ ਹਜ਼ਾਰ ਜਣੇਪੇ ਕਰਵਾ ਚੁੱਕੀ ਹੈ ਅਤੇ 500 ਤੋਂ ਵੱਧ ਮਰੀਜ਼ਾਂ ਨੂੰ ਖੁਦਕੁਸ਼ੀ ਕਰਨ ਵਿਚ ਮਦਦ ਕਰ ਚੁੱਕੀ ਹੈ। ਦੂਜੇ ਪਾਸੇ ਦੁਨੀਆਂ ਛੱਡਣ ਤੋਂ ਪਹਿਲਾਂ ਕਿਆਨੇ ਨੇ ਵਸੀਅਤ ਲਿਖੀ ਅਤੇ ਆਪਣੀ ਕਹਾਣੀ ਦੁਨੀਆਂ ਅੱਗੇ ਪੇਸ਼ ਕਰਨ ਦੀ ਇੱਛਾ ਜਤਾਈ। ਕਿਆਨੇ ਦੇ ਡੈਥ ਸਰਟੀਫ਼ਿਕੇਟ ਵਿਚ ਲਿਖਿਆ ਹੈ ਕਿ ਉਸ ਦੇ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੀਆਂ ਨਸਾਂ ਨੁਕਸਾਨੀਆਂ ਜਾਣ ਅਤੇ ਅੱਖਾਂ ਦੀ ਰੌਸ਼ਨੀ ਨਾ ਹੋਣ ਕਰ ਕੇ ਇੱਛਾ ਮੌਤ ਦੀ ਇਜਾਜ਼ਤ ਦਿਤੀ ਗਈ। ਦੱਸ ਦੇਈਏ ਕਿ ਕੈਨੇਡਾ ਵਿਚ 2024 ਦੌਰਾਨ 16,499 ਲੋਕਾਂ ਨੇ ਇੱਛਾ ਮੌਤ ਨੂੰ ਗਲ ਲਾਇਆ ਪਰ ਇਹ ਅੰਕੜਾ 2022 ਅਤੇ 2023 ਦੇ ਮੁਕਾਬਲੇ ਕਿਤੇ ਜ਼ਿਆਦਾ ਬਣਦਾ ਹੈ।

# ਅਮਰੀਕਾ ਦੇ ਮੇਨ ਏਅਰਪੋਰਟ ਉੱਤੇ ਵੱਡਾ ਹਾਦਸਾ, 7 ਲੋਕਾਂ ਦੀ ਮੌਤ



ਨਿਊ ਯਾਰਕ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਮੇਨ ਦੇ ਬੈਂਗੋਰ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਬਰਫੀਲੇ ਤੂਫਾਨ ਦੌਰਾਨ ਇੱਕ ਨਿੱਜੀ ਵਪਾਰਕ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਚਾਲਕ ਦਲ ਦਾ ਮੈਂਬਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਬੰਬਾਰਡੀਅਰ ਚੈਲੇਂਜਰ 600 ਜਹਾਜ਼, ਜਿਸ ਵਿੱਚ ਅੱਠ ਲੋਕ ਸਵਾਰ ਸਨ, ਐਤਵਾਰ ਰਾਤ ਨੂੰ ਟੇਕਆਫ ਦੌਰਾਨ ਹਾਦਸਾਗ੍ਰਸਤ ਹੋ ਗਿਆ, ਕਿਉਂਕਿ ਨਿਊ ਇੰਗਲੈਂਡ ਅਤੇ ਦੇਸ਼ ਦਾ ਬਹੁਤ ਸਾਰਾ ਹਿੱਸਾ ਸਰਦੀਆਂ ਦੇ ਤੇਜ਼ ਤੂਫਾਨ ਨਾਲ ਜੂਝ ਰਿਹਾ ਸੀ।

ਬੋਸਟਨ ਤੋਂ ਲਗਭਗ 200 ਮੀਲ ਉੱਤਰ ਵਿੱਚ ਸਥਿਤ ਹਵਾਈ ਅੱਡਾ ਹਾਦਸੇ ਤੋਂ ਬਾਅਦ ਬੰਦ ਕਰ ਦਿੱਤਾ ਗਿਆ ਸੀ। ਉਸ ਸਮੇਂ ਭਾਰੀ ਬਰਫ਼ਬਾਰੀ ਹੋ ਰਹੀ ਸੀ, ਜਿਵੇਂ ਕਿ ਦੇਸ਼ ਦੇ ਕਈ ਹੋਰ ਹਿੱਸਿਆਂ ਵਿੱਚ ਹੋਇਆ ਸੀ।

ਸੰਘੀ ਅਧਿਕਾਰੀਆਂ ਅਤੇ ਹਵਾਈ ਆਵਾਜਾਈ ਕੰਟਰੋਲਰ ਰਿਕਾਰਡਿੰਗਾਂ ਦੇ ਅਨੁਸਾਰ, ਜਹਾਜ਼ ਉਡਾਣ ਭਰਨ ਦੀ ਕੋਸ਼ਿਸ਼ ਕਰਦੇ ਸਮੇਂ ਪਲਟ ਗਿਆ ਅਤੇ ਅੱਗ ਲੱਗ ਗਈ। ਇਹ ਐਤਵਾਰ ਸ਼ਾਮ 7:45 ਵਜੇ ਦੇ ਕਰੀਬ ਹਵਾਈ ਅੱਡੇ 'ਤੇ ਹਾਦਸਾਗ੍ਰਸਤ ਹੋ ਗਿਆ।


ਸੰਘੀ ਹਵਾਬਾਜ਼ੀ ਪ੍ਰਸ਼ਾਸਨ ਅਤੇ ਰਾਸ਼ਟਰੀ ਆਵਾਜਾਈ ਸੁਰੱਖਿਆ ਬੋਰਡ (NTSB) ਘਟਨਾ ਦੀ ਜਾਂਚ ਕਰ ਰਹੇ ਹਨ। NTSB ਨੇ ਕਿਹਾ ਕਿ ਮੁੱਢਲੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਜਹਾਜ਼ ਟੇਕਆਫ ਦੌਰਾਨ ਕ੍ਰੈਸ਼ ਹੋਇਆ ਅਤੇ ਹਾਦਸੇ ਤੋਂ ਬਾਅਦ ਅੱਗ ਲੱਗ ਗਈ, ਪਰ ਜਾਂਚਕਰਤਾ ਇੱਕ ਜਾਂ ਦੋ ਦਿਨਾਂ ਵਿੱਚ ਹੀ ਬਿਆਨ ਦੇਣਗੇ।

### ਕਿਸ਼ਤੀਆਂ ਦੁਆਰਾ ਨਸ਼ਾ ਤਸਕਰੀ ਕਰਨ ਵਾਲਿਆਂ ਤੇ' ਅਮਰੀਕਾ ਨੇ ਕੀਤਾ ਹਮਲਾ


ਵਾਸ਼ਿੰਗਟਨ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕਥਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੀਆਂ ਕਿਸ਼ਤੀਆਂ 'ਤੇ ਅਮਰੀਕੀ ਹਮਲਿਆਂ ਵਿੱਚ 126 ਲੋਕ ਮਾਰੇ ਗਏ ਹਨ, ਅਮਰੀਕੀ ਫੌਜ ਨੇ ਸੋਮਵਾਰ ਨੂੰ ਪੁਸ਼ਟੀ ਕੀਤੀ। ਯੂਐਸ ਸਾਊਦਰਨ ਕਮਾਂਡ ਨੇ ਕਿਹਾ ਕਿ ਮਾਰੇ ਗਏ ਲੋਕਾਂ ਵਿੱਚ ਸਤੰਬਰ ਦੀ ਸ਼ੁਰੂਆਤ ਤੋਂ ਕੈਰੇਬੀਅਨ ਅਤੇ ਪੂਰਬੀ ਪ੍ਰਸ਼ਾਂਤ ਮਹਾਸਾਗਰ ਵਿੱਚ ਘੱਟੋ-ਘੱਟ 36 ਹਮਲਿਆਂ ਵਿੱਚ ਤੁਰੰਤ ਮਾਰੇ ਗਏ 116 ਲੋਕ ਸ਼ਾਮਲ ਹਨ। ਹਮਲਿਆਂ ਤੋਂ ਬਾਅਦ ਲਾਪਤਾ ਹੋਏ ਦਸ ਹੋਰ ਲੋਕਾਂ ਨੂੰ ਵੀ ਮ੍ਰਿਤਕ ਮੰਨਿਆ ਗਿਆ ਹੈ। ਯੂਐਸ ਫੌਜ ਨੇ ਕਿਹਾ ਕਿ ਮ੍ਰਿਤਕ ਮੰਨੇ ਗਏ ਅੱਠ ਲੋਕਾਂ ਨੇ ਤਿੰਨ ਕਿਸ਼ਤੀਆਂ ਤੋਂ ਛਾਲ ਮਾਰ ਦਿੱਤੀ ਸੀ ਜਿਨ੍ਹਾਂ 'ਤੇ ਅਮਰੀਕੀ ਫੌਜਾਂ ਨੇ 30 ਦਸੰਬਰ ਨੂੰ ਕਥਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਹਮਲਾ ਕੀਤਾ ਸੀ। ਬਾਕੀ ਦੋ ਮਾਰੇ ਗਏ ਮੰਨੇ ਗਏ ਲੋਕ 27 ਅਕਤੂਬਰ ਅਤੇ ਪਿਛਲੇ ਸ਼ੁੱਕਰਵਾਰ ਨੂੰ ਹਮਲਾ ਕੀਤੀਆਂ ਗਈਆਂ ਕਿਸ਼ਤੀਆਂ 'ਤੇ ਸਵਾਰ ਸਨ।


ARE YOU BUYING / SELLING / INVESTING
ਪ੍ਰਾਪਰਟੀ ਖਰੀਦਣ/ਵੇਚਣ ਜਾਂ ਇਨਵੈਸਟ ਕਰਨ ਲਈ ਸੰਪਰਕ ਕਰੋ
WHY RENT WHEN YOU CAN OWN
ਆਪਣੇ ਕਿਰਾਏ ਦੀ ਕੀਮਤ ਤੇ ਹੀ ਘਰ ਦੇ ਮਾਲਕ ਬਣੋ। ਹੋਰ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ।
KING REALTY INC., BROKERAGE (Independently owned & operated) Off: 905-793-5464 59 First Gulf Blvd #2, Brampton, ON L6W4T8
416-735-8630
jeetranu.realtor@gmail.com
JEET SINGH RANU SALES REP







ਹੈਮਿਲਟਨ ਨੇੜੇ 1 ਬੈਡਰੂਮ ਦੀ ਕੌਂਡੋ ਵੱਡੀ ਮੌਡਰਨ ਕੀਚਨ, ਸਟੇਨਲੈਸ ਸਟੀਲ ਅਪਲਾਇੰਸ, ਪ੍ਰਾਈਵੇਟ ਬਾਲਕੋਨੀ, ਵੱਡਾ ਕਲੋਜ਼ਟ,ਬਹੁਤ ਸੋਹਣੇ ਵਿਊ, ਲੇਕ ਓਨਟਾਰਿਓ, ਰੈਸਟੋਰੈਂਟ ਫਾਰਮਰਸ ਮਾਰਕੇਟ, ਗੌਲਫ ਕੋਰਸ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $429,000



ਕਿਚਨਰ ਨੇੜੇ 3 ਬੈਡਰੂਮ,2 ਵਾਸ਼ਰੂਮ ਦਾ ਟਾਊਨਹਾਊਸ,ਅਪਗਰੇਡ ਕੀਤਾ ਕਿਚਨ, ਟਾਈਲਡ ਬੈਕਸਪਲੈਸ਼,ਵੱਡੇ ਬੈਡਰੂਮ, ਇਨ ਸੁਈਟ ਲੌਂਡਰੀ, ਸਟੇਨਲੈਸ ਸਟੀਲ ਅਪਲਾਇੰਸ, ਵਾਕ ਅਊਟ ਸਨ ਡੈਕ, ਸਕੂਲ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $489,000



ਬਰੈਂਪਟਨ ਨੇੜੇ 3 ਬੈਡਰੂਮ, 3 ਵਾਸ਼ਰੂਮ ਦਾ ਡਿਟੈਚਡ ਘਰ, ਨਵਾਂ ਓਕ ਹਾਰਡਵੁੱਡ ਫਲੋਰ, ਨਵਾਂ ਪੇਂਟ, ਕਾਫੀ ਸਾਰੇ ਅਪਗਰੇਡ, ਨਵਾਂ ਪੇਟਿਓ, ਵਾਕ ਆਊਟ ਡੈਕ, ਬੇਸਮੈਂਟ ਲਈ ਸਾਈਡ ਐਂਟਰੈਂਸ, ਨਵਾਂ ਸਟੋਵ, ਸਕੂਲ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $779,999



ਕੈਮਬਰਿੱਜ ਨੇੜੇ 3 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਘਰ, ਨਵੇਂ ਫਲੋਰ, ਓਪਨ ਕਨਸੈਪਟ ਕੀਚਨ, ਕੁਵਾਰਟਜ਼ ਕਾਊਂਟਰ ਟੌਪ, ਪੌਟ ਲਾਈਟਾਂ, ਨਵਾਂ ਪੇਂਟ ਤੇ ਲੌਂਡਰੀ, ਨਵੀਂ ਫਰਨਸ ਤੇ ਏ ਸੀ, ਕੋਈ ਸਾਈਡ ਵਾਕ ਨਹੀਂ, ਕੰਕਰੀਟ ਡਰਾਈਵਵੇ ਸਕੂਲ, ਪਾਰਕ, ਸ਼ੌਪਿੰਗ ਤੇ ਹੋਰ ਸਾਰੀਆਂ ਦੇ ਨੇੜੇ। ਕੀਮਤ $849,999


# ਫੈਡਰਲ ਸਰਕਾਰ ਦਾ ਡੈਂਟਲ ਪਲਾੱਨ

ਜਗਜੀਤ ਗਰੇਵਾਲ ਇੰਸ਼ੋਰੈਂਸ, ਟੈਕਸ, ਪੈਨਸ਼ਨ ਅਤੇ ਹੋਰ ਫਾਈਨੈਂਸ਼ੀਅਲ ਮੁੱਦਿਆਂ ਬਾਰੇ ਭਰਪੂਰ ਜਾਣਕਾਰੀ ਰਖਦੇ ਹਨ। ਇੰਨ੍ਹਾਂ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਅਤੇ ਪਾਠਕਾਂ ਨਾਲ ਗਿਆਨ ਸਾਂਝਾ ਕਰਨ ਲਈਉਨ੍ਹਾਂ ਦੇ ਲੇਖ ਹਰ ਹਫਤੇ ਇਸ ਅਖ਼ਬਾਰ ਵਿੱਚ ਛਪਦੇ ਹਨ। ਹੋਰ ਕੋਈ ਜਾਣਕਾਰੀ ਲੈਣ ਵਾਸਤੇ ਜਗਜੀਤ ਗਰੇਵਾਲ ਨਾਲ (416) 456 7467 'ਤੇ ਸੰਪਰਕ ਕੀਤਾ ਜਾ ਸਕਦਾ ਹੈ।



**ਜਗਜੀਤ ਗਰੇਵਾਲ**
**(416) 456 7467**

2023 ਵਿੱਚ ਸ਼ੁਰੂ ਹੋਇਆ ਫੈਡਰਲ ਸਰਕਾਰ ਦਾ ਡੈਂਟਲ ਪਲਾੱਨ ਤੁਹਾਡੇ ਦੰਦਾਂ ਦੀ ਦੇਖ ਭਾਲ ਅਤੇ ਕਈ ਬੀਮਾਰੀਆਂ ਵਾਸਤੇ ਮਦਦ ਮੁਹੱਈਆ ਕਰਦਾ ਹੈ। ਇਸ ਸਹੂਲਤ ਤਹਿਤ ਕਈ ਤਰ੍ਹਾਂ ਦੇ ਡੈਂਟਲ ਇਲਾਜ ਜਿਵੇਂ ਓਰਲ ਬੀਮਾਰੀ, ਡੈਂਟਲ ਦੇਖ-ਰੇਖ, ਸਾਫ-ਸਫਾਈ, ਰੂਟ ਕਨਾਲ ਅਤੇ ਓਰਲ ਸਰਜਰੀ। ਇਸ ਸਹੂਲਤ ਦਾ ਤਕਰੀਬਨ ਨੌਂ ਮਿਲੀਅਨ ਕਨੇਡੀਅਨ ਫਾਇਦਾ ਉਠਾ ਸਕਦੇ ਹਨ। ਸਾਲ 2025-26 ਦੌਰਾਨ ਤਕਰੀਬਨ ਤਿੰਨ ਮਿਲੀਅਨ ਕਨੇਡੀਅਨ ਲੋਕਾਂ ਨੇ ਇਸ ਪ੍ਰੋਗਰਾਮ ਦਾ ਫਾਇਦਾ ਉਠਾਇਆ।

ਕਨੇਡਾ ਸਰਕਾਰ ਨੇ ਇਹ ਸਹੂਲਤ 'ਸੰਨ ਲਾਈਫ' ਇੰਸ਼ੋਰੈਂਸ ਕੰਪਨੀ ਦੀ ਮਦਦ ਨਾਲ ਮੁਹੱਈਆ ਕਰਵਾਈ ਹੈ।

ਇਹ ਫੈਡਰਲ ਸਹੂਲਤ ਉਨ੍ਹਾਂ ਕਨੇਡੀਅਨ ਲੋਕਾਂ ਲਈ ਹੈ ਜਿੰਨ੍ਹਾਂ ਕੋਲ ਕੋਈ ਪ੍ਰਾਈਵੇਟ ਜਾਂ ਕੰਮ ਵਲੋਂ ਕੋਈ ਡੈਂਟਲ ਕਵਰੇਜ ਨਹੀਂ ਹੈ ਅਤੇ ਉਨ੍ਹਾਂ ਦੀ ਫੈਮਿਲੀ ਨੈੱਟ ਇਨਕਮ $90,000 ਤੋਂ ਥੱਲੇ ਹੈ।

ਇਸ ਵਾਸਤੇ ਹੇਠ ਲਿਖੀਆਂ ਸ਼ਰਤਾਂ ਲਾਗੂ ਹਨ:

*ਤੁਸੀਂ ਕਨੇਡਾ ਦੇ ਪੱਕੇ ਵਸਨੀਕ ਹੋਣੇ ਚਾਹੀਦੇ ਹੋ ਚਾਹੇ ਸਿਟਿਜ਼ਿਨ ਜਾਂ ਪੀ ਆਰ।
*ਤੁਹਾਡੇ ਕੋਲ ਹੋਰ ਕੋਈ ਡੈਂਟਲ ਕਵਰੇਜ ਨਹੀਂ ਹੈ।
*ਤੁਸੀਂ ਅਤੇ ਤੁਹਾਡੇ ਸਪਾਊਸ ਨੇ ਪਿਛਲੇ ਸਾਲ ਦਾ ਟੈਕਸ ਰੀਟਰਨ ਫਾਈਲ ਕੀਤਾ ਹੋਵੇ।
*ਤੁਹਾਡੇ ਦੋਨਾਂ ਦੀ ਫੈਮਿਲੀ ਨੈੱਟ ਇਨਕਮ $90,000 ਤੋਂ ਥੱਲੇ ਹੋਵੇ।

### ਕਿਵੇਂ ਐਪਲਾਈ ਕਰਨਾ ਹੈ?

ਇਸ ਸਹੂਲਤ ਨੂੰ ਲੈਣ ਵਾਸਤੇ ਆੱਨ-ਲਾਈਨ ਐਪਲਾਈ ਕਰਨਾ ਹੈ ਜਿਸ ਵਾਸਤੇ ਹੇਠ ਲਿਖੀਆਂ ਚੀਜ਼ਾਂ ਚਾਹੀਦੀਆਂ ਹਨ:

-ਤੁਹਾਡਾ ਅਤੇ ਸਪਾਊਸ ਦਾ ਸੋਸ਼ਲ ਇੰਸ਼ੋਰੈਂਸ ਨੰਬਰ।
-ਦੋਨਾਂ ਦਾ ਡੇਟ ਆੱਫ ਬਰਥ
-ਸਿਨ ਕਾਰਡ ਮੁਤਾਬਿਕ ਪੂਰਾ ਨਾਮ।
-ਰੈਸੀਡੈਂਸ ਦਾ ਐਡਰੈਸ।
-ਅਗਰ ਹੋਰ ਕੋਈ ਡੈਂਟਲ ਕਵਰੇਜ ਹੈ ਉਸ ਦਾ ਬਿਓਰਾ।
-ਪਿਛਲੇ ਸਾਲ ਦਾ ਨੋਟਿਸ ਆੱਫ ਅਸੈਸਮੈਂਟ।
-ਅਗਰ ਬੱਚੇ ਹਨ ਤਾਂ ਉਹਨਾਂ ਦਾ ਸਿਨ, ਪੂਰਾ ਨਾਮ ਅਤੇ ਜਨਮ ਦੀ ਤਾਰੀਖ।

### ਐਪਲਾਈ ਕਰਨ ਦੇ ਤਿੰਨ ਤਰੀਕੇ ਹਨ:

ਪਹਿਲਾ - 'ਮਾਈ ਸਰਵਿਸ ਕਨੇਡਾ ਅਕਾਊਂਟ' ਦੇ ਤਹਿਤ ਅਗਰ ਤੁਸੀਂ ਆਪਣੇ ਆਪ ਨੂੰ ਰਜਿਸਟਰ ਕੀਤਾ ਹੈ।
ਦੂਸਰਾ - ਕੰਪਿਊਟਰ ਰਾਹੀਂ 'ਕਨੇਡਾ ਡਾੱਟ ਸੀਏ' ਦੀ ਵੈੱਬ ਸਾਈਟ ਦੇ ਜ਼ਰੀਏ।
ਤੀਸਰਾ - ਫੋਨ 'ਤੇ। ਇਸ ਵਾਸਤੇ ਕਾੱਲ ਕਰਨ ਲਈ ਨੰਬਰ ਹੈ: 1 833 537 4342 ਇਹ ਸਰਵਿਸ ਹਫਤੇ ਦੇ ਸੱਤੇ ਦਿਨ 24 ਘੰਟੇ ਉਪਲਭਦ ਹੈ।

ਅਗਰ ਆਪਣੇ ਆਪ ਐਪਲਾਈ ਨਹੀਂ ਕਰ ਸਕਦੇ ਤਾਂ ਤੁਸੀਂ ਕਿਸੇ ਭਰੋਸੇਮੰਦ ਵਿਅਕਤੀ ਜਾਂ ਇਦਾਰੇ ਦੀ ਮਦਦ ਲੈ ਸਕਦੇ ਹੋ। ਐਪਲਾਈ ਕਰਨ ਦੇ ਬਾਅਦ ਤੁਹਾਨੂੰ 'ਕਨਫਰਮੇਸ਼ਨ ਕੋਡ' ਮਿਲੇਗੀ ਜਿਸ ਨਾਲ ਤੁਸੀਂ ਕਦੇ ਵੀ ਐਪਲੀਕੇਸ਼ਨ ਦਾ ਸਟੇਟਸ ਆੱਨ-ਲਾਈਨ ਚੈੱਕ ਕਰ ਸਕਦੇ ਹੋ। ਇਹ ਸਟੇਟਸ ਉੱਪਰ ਦਿੱਤੇ ਫੋਨ ਨੰਬਰ ਦਵਾਰਾ ਵੀ ਚੈੱਕ ਕੀਤਾ ਜਾ ਸਕਦਾ ਹੈ।

### ਜ਼ਰੂਰੀ ਕੀ ਹੈ?

*ਵੇਲੇ ਸਿਰ ਟੈਕਸ ਫਾਈਲ ਕਰੋ।
*ਦੇਖੋ ਕਿ ਕੀ ਤੁਸੀ ਕੁਆਲੀਫਾਈ ਕਰਦੇ ਹੋ।
*ਆੱਨ-ਲਾਈਨ ਐਪਲਾਈ ਕਰੋ।
*ਐਪਲੀਕੇਸ਼ਨ ਦਾ ਸਟੇਟੱਸ ਚੈੱਕ ਕਰਦੇ ਰਹੋ।
*ਮੰਜ਼ੂਰ ਹੋਣ 'ਤੇ ਦੰਦਾਂ ਦੇ ਡਾਕਟਰ ਨਾਲ ਮਿਲਾਪ ਕਰੋ।
*ਟਰੀਟਮੈਂਟ ਲੇਣ ਦੇ ਬਾਅਦ ਕੋਈ ਕੋ-ਆਪ ਪੇਮੈਂਟ ਹੈ ਤਾਂ ਪੇਅ ਕਰੋ।
*ਜੋ ਵੀ ਹੋਵੇ ਐਪਲਾਈ ਜ਼ਰੂਰ ਕਰੋ।

### ਐਪਲਾਈ ਕਰਨ ਦੇ ਬਾਅਦ

ਅਗਰ ਤੁਹਾਡਾ ਐਪਲੀਕੇਸ਼ਨ ਮੰਜ਼ੂਰ ਹੋ ਜਾਂਦਾ ਹੈ ਤਾਂ ਸਰਕਾਰ ਦੀ ਤਰਫੋਂ ਤੁਹਾਨੂੰ ਇੱਕ ਚਿੱਠੀ ਰਾਹੀਂ ਇਤਲਾਹ ਦਿੱਤੀ ਜਾਵੇਗੀ।

ਇਸ ਵਿੱਚ ਤੁਹਾਡਾ ਮੈਂਬਰ ਨੰਬਰ, ਕੋ-ਪੇਮੈਂਟ ਫੀ ਸਦੀ ਅਤੇ ਬੈਨੀਫਿੱਟ ਦੀ ਸ਼ੁਰੂਆਤੀ ਤਾਰੀਖ਼ ਦਿੱਤੀ ਹੋਵੇਗੀ। ਇਸ ਦੇ ਨਾਲ ਤੁਸੀਂ ਆਪਦੇ ਡੈਂਟਿਸਟ ਕੋਲ ਜਾ ਸਕਦੇ ਹੋ । ਇਸਦੇ ਇਲਾਵਾ 'ਸੰਨ-ਲਾਈਫ' ਇੰਸ਼ੋਰੈਂਸ ਕੰਪਨੀ ਵਲੋਂ ਇੱਕ ਵੈਲਕਮ ਪੈਕੇਜ ਵੀ ਭੇਜਿਆ ਜਾਵੇਗਾ। ਜਿਸ ਵਿੱਚ ਤੁਹਾਡਾ ਬੈਨੀਫਿੱਟ ਕਾਰਡ ਹੋਵੇਗਾ।

### ਕੋ-ਪੇਮੈਂਟ ਕੀ ਹੈ?

ਖ਼ਰਚੇ ਦਾ ਉਹ ਹਿੱਸਾ ਜੋ ਤੁਸੀਂ ਆਪਦੇ ਕੋਲੋਂ ਦੇਣਾ ਹੈ। ਇਹ ਜ਼ਿਆਦਾ ਇਨਕਮ ਕਰ ਕੇ ਹੋ ਸਕਦਾ ਹੈ।

ਇਨਕਮ ਅਤੇ ਕਵਰੇਜ ਦੀ ਦਰ ਇਸ ਤਰ੍ਹਾਂ ਹੈ:

*$90,000 ਅਤੇ $80,000 ਦੇ ਵਿਚਾਲੇ - ਖ਼ਰਚੇ ਦਾ 40% ਕਵਰਡ ਹੋਵੇਗਾ।
*$80,000 ਅਤੇ $70,000 ਦੇ ਵਿਚਾਲੇ - ਖ਼ਰਚੇ ਦਾ 60% ਕਵਰਡ ਹੋਵੇਗਾ।
*$70,000 ਤੋਂ ਘੱਟ ਦੀ ਇਨਕਮ - 100% ਕਵਰਡ ਹੋਵੇਗਾ।

ਜੋ ਕਵਰਡ ਨਹੀਂ ਹੈ ਉਹ ਤੁਹਾਡੀ ਕੋ-ਪੇਮੈਂਟ ਹੋਵੇਗੀ।

### ਸਾਲਾਨਾ ਰਿਨੂਉਲ

ਡੈਂਟਲ ਕੇਅਰ ਪਲਾੱਨ ਹਰ ਸਾਲ ਰਿਨੀਊ ਕਰਨਾ ਪੈਂਦਾ ਹੈ ਕਿਉਂਕਿ ਫੈਮਿਲੀ ਇਨਕਮ ਵਿੱਚ ਫਰਕ ਪੈ ਸਕਦਾ ਹੈ। ਪਿਛਲੇ ਸਾਲ ਦਾ ਟੈਕਸ ਭਰਨ ਮਗਰੋਂ ਜਦ ਨੋਟਿਸ ਆੱਫ਼ ਅਸੈਸਮੈਂਟ ਆਉਂਦਾ ਹੈ ਤਾਂ ਹੀ ਤੁਸੀਂ ਰਿਨੀਊ ਕਰ ਸਕਦੇ ਹੋ। ਇਸ ਸਾਲ 2026-27 ਦੇ ਰਿਨੀਊ ਵਾਸਤੇ ਪਹਿਲੀ ਮਾਰਚ ਅਤੇ ਪਹਿਲੀ ਜੂਨ ਦੇ ਦਰਮਿਆਨ ਸਮਾਂ ਦਿੱਤਾ ਗਿਆ ਹੈ। ਨਵੇਂ ਬੈਨੀਫਿੱਟ 30 ਜੂਨ ਤੋਂ ਲਾਗੂ ਹੋ ਜਾਣਗੇ।

ਯਾਦ ਰੱਖੋ ਕਿ ਰਿਨੀਊਲ ਦਾ ਵੀ ਉਹੋ ਤਰੀਕਾ ਹੈ ਜਿਵੇਂ ਨਵੇਂ ਵਾਸਤੇ ਐਪਲਾਈ ਕਰਨ ਦਾ।

ਅਗਰ ਤੁਸੀਂ ਵੇਲੇ ਸਿਰ ਰਿਨੀਊ ਨਹੀਂ ਕਰਦੇ ਤਾਂ ਕਵਰੇਜ ਵਿੱਚ ਗੈਪ ਪੈ ਸਕਦਾ ਹੈ।

### ਕਿਸ ਡੈਂਟਿਸਟ ਕੋਲ ਜਾਈਏ

ਜਦ ਤੁਹਾਡਾ ਪਲਾੱਨ ਮੰਜ਼ੂਰ ਹੋ ਜਾਂਦਾ ਹੈ ਤਾਂ ਤੁਸੀਂ ਉਸੇ ਦੰਦਾਂ ਦੇ ਡਾਕਟਰ ਕੋਲ ਜਾਣਾ ਹੈ ਜੋ ਕਿ ਇਸ ਪਲਾੱਨ ਦੇ ਤਹਿਤ ਸੇਵਾਵਾਂ ਪ੍ਰਦਾਨ ਕਰਦੇ ਹਨ। ਇਸ ਵਾਸਤੇ ਪਹਿਲਾਂ ਪੁੱਛ ਪੜਤਾਲ ਕਰਨਾ ਜ਼ਰੂਰੀ ਹੈ। ਅਗਰ ਤੁਹਾਡਾ ਬਿੱਲ ਮੰਜ਼ੂਰਸ਼ੁਦਾ ਖ਼ਰਚਿਆਂ ਤੋਂ ਜ਼ਿਆਦਾ ਹੈ ਤਾਂ ਬਾਕੀ ਤੁਹਾਨੂੰ ਆਪਦੇ ਕੋਲੋਂ ਦੇਣਾ ਪਵੇਗਾ। ਬੇਹਤਰ ਹੈ ਕਿ ਡਾਕਟਰ ਕੋਲੋਂ ਪਹਿਲਾਂ ਖ਼ਰਚੇ ਦਾ ਐਸਟੀਮੇਟ ਲੈ ਕੇ ਹੀ ਮੰਜ਼ੂਰੀ ਦੇਵੋ।

ਆਪਦੇ ਨੇੜੇ-ਤੇੜੇ ਕੋਈ ਉਹ ਦੰਦਾਂ ਦੇ ਡਾਕਟਰ ਦੀ ਭਾਲ ਕਰੋ ਜੋ ਕਿ ਇਸ ਪਲਾੱਨ ਦੇ ਤਹਿਤ ਸੇਵਾਂਵਾਂ ਪ੍ਰਦਾਨ ਕਰਦੇ ਹਨ। ਕਈ ਡਾਕਟਰਾਂ ਨੇ ਇਸ ਪਲਾੱਨ ਵਿੱਚ ਹਿੱਸਾ ਲੈਣ ਵਾਸਤੇ ਆਪਦਆਿਂ ਕੀਮਤਾਂ ਵਿੱਚ ਕਟੌਤੀ ਕੀਤੀ ਹੈ। ਸਰਕਾਰੀ ਵੈੱਬ-ਸਾਈਟ 'ਤੇ ਤੁਹਾਡੇ ਨਜ਼ਦੀਕੀ ਡਾਕਟਰਾਂ ਦੀ ਲਿਸਟ ਉਪਲਭਦ ਹੈ।ਇਹ ਵੀ ਯਾਦ ਰੱਖੋ ਕਿ ਇਸ ਪਲਾੱਨ ਦੇ ਤਹਿਤ ਸਾਰੇ ਖ਼ਰਚੇ ਕਵਰਡ ਨਹੀਂ ਹਨ। ਅਗਰ ਤੁਸੀਂ ਕਿਸੇ ਸਰਕਾਰੀ ਸੋਸ਼ਲ ਪਰੋਗਰਾਮ ਦੇ ਹੇਠ ਕਿਤੋਂ ਹੋਰ ਕਵਰਡ ਹੋ ਤਾਂ ਤੁਹਾਡੇ ਦੋਨੋਂ ਬੈਨੀਫਿੱਟ ਕੋ-ਆਰਡੀਨੇਟ ਕੀਤੇ ਜਾਣਗੇ।

### ਆਖਿਰ ਵਿੱਚ

ਹੋਰ ਮਾਲੂਮਾਤ ਕਰਨੀ ਹੈ ਤਾਂ ਮੇਰੇ ਨਾਲ ਸੰਪਰਕ ਕਰੋ। ਅਸੀਂ ਤੁਹਾਨੂੰ ਐਪਲਾਈ ਕਰਨ ਵਿੱਚ ਮਦਦ ਕਰ ਸਕਦੇ ਹਾਂ।
ਮੇਰੇ ਨਾਲ ਸੰਪਰਕ ਕਰਨ ਲਈ ਨੰਬਰ ਹੈ : (416) 456 7467

**ਜਗਜੀਤ ਗਰੇਵਾਲ**

# ਅਮਰੀਕਾ 'ਚ ਬਰਫ਼ਬਾਰੀ ਨੇ ਲਈਆਂ 35 ਜਾਨਾਂ

## 5 ਲੱਖ ਤੋਂ ਵੱਧ ਘਰਾਂ ਦੀ ਬਿਜਲੀ ਦੋ ਦਿਨ ਬਾਅਦ ਵੀ ਗੁੱਲ



ਨਿਊ ਯਾਰਕ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਬਰਫ਼ੀਲੇ ਤੂਫ਼ਾਨ ਦੌਰਾਨ ਮਰਨ ਵਾਲਿਆਂ ਦੀ ਗਿਣਤੀ 35 ਹੋ ਗਈ ਹੈ ਅਤੇ ਮੰਗਲਵਾਰ ਸਵੇਰ ਤੱਕ 5 ਲੱਖ 25 ਹਜ਼ਾਰ ਤੋਂ ਵੱਧ ਘਰਾਂ ਦੀ ਬਿਜਲੀ ਸਪਲਾਈ ਬਹਾਲ ਨਹੀਂ ਸੀ ਕੀਤੀ ਜਾ ਸਕੀ। ਨਿਊ ਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ ਦੇ ਦਫ਼ਤਰ ਮੁਤਾਬਕ ਠੰਢ ਦੀ ਮਾਰ ਹੇਠ ਆਉਣ ਕਾਰਨ ਘੱਟੋ ਘੱਟ 8 ਜਣਿਆਂ ਦੀ ਜਾਨ ਗਈ। ਇਸੇ ਦੌਰਾਨ ਨਿਊ ਜਰਸੀ ਵਿਚ ਪੁਲਿਸ ਨੂੰ ਠੰਢ ਨਾਲ ਆਕੜੇ ਬਜ਼ੁਰਗ ਦੀ ਲਾਸ਼ ਮਿਲੀ ਜੋ ਸੰਭਾਵਤ ਤੌਰ 'ਤੇ ਬਰਫ਼ ਹਟਾਉਂਦਾ-ਹਟਾਉਂਦਾ ਹਾਈਪੋਥਰਮੀਆ ਦਾ ਸ਼ਿਕਾਰ ਹੋ ਗਿਆ। ਦੂਜੇ ਪਾਸੇ ਮਿਸ਼ੀਗਨ ਯੂਨੀਵਰਸਿਟੀ ਦੇ 19 ਸਾਲਾ ਲਾਪਤਾ ਵਿਦਿਆਰਥੀ ਦੀ ਲਾਸ਼ ਵੀ ਬਰਾਮਦ ਹੋ ਗਈ ਜਿਸ ਨੂੰ ਆਖਰੀ ਵਾਰ ਬਗੈਰ ਕੋਟ ਤੋਂ ਪੈਦਲ ਜਾਂਦਿਆਂ ਦੇਖਿਆ ਗਿਆ। ਮਿਸੀਸਿਪੀ ਵਿਚ ਇਕ ਘਰ ਉਤੇ ਦਰੱਖਤ ਡਿੱਗਣ ਕਰ ਕੇ 66 ਸਾਲਾ ਸ਼ਖਸ ਦੀ ਮੌਤ ਹੋ ਗਈ ਜਦਕਿ ਲੂਈਜ਼ਿਆਨਾ ਵਿਖੇ 86 ਸਾਲ ਦਾ ਬਜ਼ੁਰਗ ਆਪਣੇ ਪਾਲਤੂ ਜਾਨਵਰਾਂ ਨਾਲ ਮਰਿਆ ਹੋਇਆ ਮਿਲਿਆ। ਮੀਡੀਆ ਰਿਪੋਰਟ ਮੁਤਾਬਕ ਕਾਰਬਨ ਮੋਨਆਕਸਾਈਡ ਗੈਸ ਬਜ਼ੁਰਗ ਦੀ ਮੌਤ ਦਾ ਕਾਰਨ ਬਣੀ। ਉਧਰ ਮੇਨ ਸੂਬੇ ਦੇ ਬੈਂਗਰ ਇੰਟਰਨੈਸ਼ਨਲ ਏਅਰਪੋਰਟ 'ਤੇ ਪਲੇਨ ਕਰੈਸ਼ ਦੌਰਾਨ ਮਰਨ ਵਾਲੇ 6 ਜਣਿਆਂ ਵਿਚੋਂ ਤਿੰਨ ਦੀ ਪਛਾਣ ਜਨਕ ਕੀਤੀ ਗਈ ਹੈ ਜਿਨ੍ਹਾਂ ਵਿਚ 46 ਸਾਲ ਦੀ ਤਾਰਾ ਆਰਨੋਲਡ, ਇਵੈਂਟ ਪਲੈਨਰ ਸ਼ੌਨਾ ਕੋਲਿਨਜ਼ ਅਤੇ ਪਾਇਲਟ ਜੈਕਬ ਹੋਸਮਰ ਦੇ ਨਾਂ ਸ਼ਾਮਲ ਹਨ। ਕੈਨਸਸ, ਕੈਂਟਕੀ, ਮਿਸ਼ੀਗਨ, ਓਹਾਇਓ, ਨਿਊ ਜਰਸੀ ਅਤੇ ਸਾਊਥ ਕੈਰੋਲਾਈਨਾ ਵਿਚ ਘੱਟੋ ਘੱਟ ਇਕ ਮੌਤ ਖਰਾਬ ਮੌਸਮ ਕਰ ਕੇ ਹੋਈ ਜਦਕਿ ਅਰਕੰਸਾ, ਮੈਸਾਚਿਊਸੈਟਸ ਅਤੇ ਮਿਸੀਸਿਪੀ ਵਿਖੇ ਅੰਕਾ 2-2 ਤੋਂ ਵੱਧ ਦਸਿਆ ਜਾ ਰਿਹਾ ਹੈ। ਪੈਨਸਿਲਵੇਨੀਆ, ਟੈਕਸਸ ਅਤੇ ਲੂਈਜ਼ਿਆਨਾ ਵਿਚ ਤਿੰਨ-ਤਿੰਨ ਜਾਨਾਂ ਗਈਆਂ ਜਦਕਿ ਟੈਨੇਸੀ ਵਿਚ ਚਾਰ ਜਣਿਆਂ ਨੇ ਮੌਸਮ ਦੀ ਖਰਾਬੀ ਕਰ ਕੇ ਜਾਨ ਗਵਾਈ। ਨਿਊ ਯਾਰਕ ਵਿਚ ਅੰਕੜਾ 9 ਤੱਕ ਪੁੱਜ ਗਿਆ ਅਤੇ ਗਿਣਤੀ ਵਧਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਨੈਸ਼ਨਲ ਵੈਦਰ ਸਰਵਿਸ ਨੇ ਦੱਸਿਆ ਕਿ ਵੀਰਵਾਰ ਨੂੰ ਕੈਨੇਡਾ ਵਾਲੇ ਪਾਸਿਓਂ ਮੌਸਮੀ ਗੜਬੜੀ ਮੁੜ ਦਸਤਕ ਦੇਵੇਗੀ ਅਤੇ ਘੱਟ ਦਬਾਅ ਵਾਲਾ ਖੇਤਰ ਬਣਨ ਕਰ ਕੇ ਅਮਰੀਕਾ ਦੇ ਪੂਰਬੀ ਰਾਜਾਂ ਵਿਚ ਹੋਰ ਬਰਫ਼ ਡਿੱਗ ਸਕਦੀ ਹੈ। ਫਲਾਈਟਸ ਦਾ ਜ਼ਿਕਰ ਕੀਤਾ ਜਾਵੇ ਤਾਂ ਸੋਮਵਾਰ ਨੂੰ ਤਕਰੀਬਨ 6,200 ਉਡਾਣਾਂ ਰੱਦ ਹੋਈਆਂ ਜਦਕਿ 7,856 ਫਲਾਈਟਸ ਦੇਰ ਨਾਲ ਰਵਾਨਾ ਹੋਈਆਂ ਜਾਂ ਪੁੱਜਣ ਵਿਚ ਵਾਧੂ ਸਮਾਂ ਲੱਗਾ। ਟ੍ਰਾਂਸਪੋਰਟੇਸ਼ਨ ਮੰਤਰੀ ਸ਼ੌਨ ਡਫ਼ੀ ਨੇ ਕਿਹਾ ਹੈ ਕਿ ਹਵਾਈ ਸਫ਼ਰ ਬੁੱਧਵਾਰ ਤੱਕ ਹੀ ਆਮ ਵਾਂਗ ਸ਼ੁਰੂ ਹੋ ਸਕਦਾ ਹੈ।


ਕੀ ਤੁਹਾਡਾ ਪਿਛਲੇ ਸਮੇਂ ਵਿਚ ਕੈਨੇਡਾ
ਵੀਜ਼ਾ ਰੱਦ ਹੋਇਆ ਹੈ ਜਾਂ ਕੇਸ ਨੂੰ ਫਾਇਲ ਕਰਨ ਤੋਂ ਬਾਅਦ ਤੁਹਾਨੂੰ ਆਪਣੇ ਕੇਸ ਦਾ **Status** ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਆਪਣੇ ਕਾਨੂੰਨੀ ਅਧਿਕਾਰ ਜਾਨਣ ਲਈ ਸਾਨੂੰ ਸੰਪਰਕ ਕਰੋ
Think CANADA, think CWC
CWC
CWC IMMIGRATION SOLUTIONS INC.
Toronto: +1 905 670 4444 | Surrey: +1 604 598 5555 | Abbotsford: +1 604 852 4444
2565 Steeles Ave. East, Unit - 19, Brampton, ON.L7T4L6

## ~ ਅੱਜ ਦਾ ਵਿਚਾਰ ~

ਜੇਕਰ ਮਾੜੀ ਆਦਤ ਸਮੇਂ ਸਿਰ ਨਾ ਬਦਲੀ ਜਾਵੇ,
ਫਿਰ ਮਾੜੀ ਆਦਤ ਹੀ ਵਕਤ ਬਦਲ ਦਿੰਦੀ ਹੈ

# ਵਿਸ਼ਵ ਜਲ ਸੰਕਟ ਚਿੰਤਾ ਦਾ ਵਿਸ਼ਾ

ਵਧਦਾ ਹੋਇਆ ਵਿਸ਼ਵ ਜਲ ਸੰਕਟ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਭਵਿੱਖਬਾਣੀਆਂ ਵੀ ਕੀਤੀਆਂ ਗਈਆਂ ਹਨ ਕਿ ਅਗਲਾ ਵਿਸ਼ਵ ਯੁੱਧ ਪਾਣੀ ਲਈ ਲੜਿਆ ਜਾਵੇਗਾ। ਸੰਯੁਕਤ ਰਾਸ਼ਟਰ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਵਾਟਰ, ਐਨਵਾਇਰਮੈਂਟ ਐਂਡ ਹੈਲਥ ਦੇ ਖੋਜਕਰਤਾਵਾਂ ਦੀ ਇੱਕ ਤਾਜ਼ਾ ਰਿਪੋਰਟ ਇਨ੍ਹਾਂ ਚਿੰਤਾਵਾਂ ਨੂੰ ਹੋਰ ਡੂੰਘਾ ਕਰਦੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ, ਜ਼ਿਆਦਾ ਸ਼ੋਸ਼ਣ, ਸੁੰਗੜਦੇ ਭੂਮੀਗਤ ਸਰੋਤਾਂ, ਜ਼ਮੀਨ ਦੀ ਗਿਰਾਵਟ, ਵਧਦੇ ਪ੍ਰਦੂਸ਼ਣ ਅਤੇ ਜਲਵਾਯੂ ਪਰਿਵਰਤਨ ਦੁਆਰਾ ਪੈਦਾ ਹੋਈਆਂ ਚੁਣੌਤੀਆਂ ਦੇ ਕਾਰਨ, ਦੁਨੀਆ ਹੁਣ ਪਾਣੀ ਦੇ ਸੰਕਟ ਤੋਂ ਪਰੇ "ਗਲੋਬਲ ਪਾਣੀ ਦੀ ਦੀਵਾਲੀਆਪਨ" ਦੀ ਸਥਿਤੀ ਵਿੱਚ ਚਲੀ ਗਈ ਹੈ। ਜਦੋਂ ਕੋਈ ਵਿਅਕਤੀ ਦੀਵਾਲੀਆ ਹੋ ਜਾਂਦਾ ਹੈ, ਤਾਂ ਉਹ ਪੈਸੇ ਗੁਆ ਬੈਠਦਾ ਹੈ, ਉਨ੍ਹਾਂ ਦੇ ਘਰ ਗਿਰਵੀ ਰੱਖ ਦਿੱਤੇ ਜਾਂਦੇ ਹਨ, ਅਤੇ ਉਨ੍ਹਾਂ ਦੀ ਭਰੋਸੇਯੋਗਤਾ ਖਤਮ ਹੋ ਜਾਂਦੀ ਹੈ। ਵੱਡਾ ਸਵਾਲ ਇਹ ਹੈ: ਜੇਕਰ ਦੁਨੀਆ ਪਾਣੀ ਦੀ ਦੀਵਾਲੀਆਪਨ ਹੋ ਜਾਂਦੀ ਹੈ ਤਾਂ ਕੀ ਹੋਵੇਗਾ? ਖੋਜਕਰਤਾਵਾਂ ਨੇ ਰਿਪੋਰਟ ਵਿੱਚ ਜੋ ਕਿਹਾ ਹੈ, ਉਸਦਾ ਮਤਲਬ ਇਹ ਨਹੀਂ ਹੈ ਕਿ ਦੁਨੀਆ ਵਿੱਚ ਅਚਾਨਕ ਪਾਣੀ ਖਤਮ ਹੋ ਜਾਵੇਗਾ, ਸਗੋਂ ਇਹ ਹੈ ਕਿ ਪਾਣੀ ਦਾ ਅੰਨ੍ਹੇਵਾਹ ਸ਼ੋਸ਼ਣ ਅਤੇ ਪ੍ਰਦੂਸ਼ਣ ਵਧ ਰਿਹਾ ਹੈ, ਜਿਸ ਨਾਲ ਪਾਣੀ ਪ੍ਰਣਾਲੀ ਕਮਜ਼ੋਰ ਹੋਣੀ ਸ਼ੁਰੂ ਹੋ ਗਈ ਹੈ। ਪਾਣੀ ਦੇ ਸੰਕਟ ਦੀ ਚਰਚਾ ਦੁਨੀਆ ਭਰ ਵਿੱਚ ਲੰਬੇ ਸਮੇਂ ਤੋਂ ਹੋ ਰਹੀ ਹੈ, ਪਰ ਇਸਨੂੰ ਇੱਕ ਅਜਿਹੇ ਝਟਕੇ ਵਜੋਂ ਦੇਖਿਆ ਗਿਆ ਹੈ ਜਿਸਨੂੰ ਸਮੇਂ ਦੇ ਨਾਲ ਦੂਰ ਕੀਤਾ ਜਾ ਸਕਦਾ ਹੈ। ਜਿੱਥੇ ਪਾਣੀ ਦੇ ਸੰਕਟ ਬਾਰੇ ਚੇਤਾਵਨੀਆਂ ਜਾਰੀ ਕੀਤੀਆਂ ਗਈਆਂ ਹਨ, ਉੱਥੇ ਇਹ ਭਰੋਸਾ ਵੀ ਦਿੱਤਾ ਗਿਆ ਹੈ ਕਿ ਚੰਗੀ ਬਾਰਿਸ਼ ਵਾਪਸ ਆਵੇਗੀ, ਪਾਣੀ ਦਾ ਪੱਧਰ ਸੁਧਰੇਗਾ ਅਤੇ ਸਥਿਤੀ ਆਮ ਵਾਂਗ ਹੋ ਜਾਵੇਗੀ। ਹਾਲਾਂਕਿ, ਇੱਕ ਨਵੀਂ ਰਿਪੋਰਟ ਨੇ ਇਸ ਭਰੋਸੇ 'ਤੇ ਪਰਛਾਵਾਂ ਪਾ ਦਿੱਤਾ ਹੈ। ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਦੁਨੀਆ ਦਾ ਪਾਣੀ ਸਪਲਾਈ ਸਿਸਟਮ ਕਈ ਥਾਵਾਂ 'ਤੇ ਢਹਿਣ ਦੇ ਪੜਾਅ 'ਤੇ ਪਹੁੰਚ ਗਿਆ ਹੈ। ਕਈ ਖੇਤਰਾਂ ਵਿੱਚ ਪਾਣੀ ਦੀ ਕਮੀ ਹੁਣ ਸਥਾਈ ਹੁੰਦੀ ਜਾ ਰਹੀ ਹੈ। ਇਹ ਸਥਿਤੀ ਸਿਰਫ਼ ਪਾਣੀ ਦੀ ਕਮੀ ਨਹੀਂ, ਸਗੋਂ ਸਿਸਟਮ ਦੇ ਟੁੱਟਣ ਦਾ ਸੰਕੇਤ ਦਿੰਦੀ ਹੈ। ਇਸ ਲਈ, ਸਾਨੂੰ ਪਾਣੀ ਬਾਰੇ ਸੋਚਣ ਦੇ ਤਰੀਕੇ ਨੂੰ ਬਦਲਣਾ ਚਾਹੀਦਾ ਹੈ। ਹੁਣ ਤੱਕ, ਪਾਣੀ ਦੇ ਸੰਕਟ ਨੂੰ ਇੱਕ ਅਸਥਾਈ ਸਮੱਸਿਆ ਮੰਨਿਆ ਜਾਂਦਾ ਰਿਹਾ ਹੈ। ਅਕਾਲ ਅਤੇ ਸਮੱਸਿਆਵਾਂ ਆਈਆਂ ਹਨ, ਪਰ ਕੁਝ ਸਾਲਾਂ ਬਾਅਦ ਸਥਿਤੀ ਵਿੱਚ ਸੁਧਾਰ ਹੋਇਆ ਹੈ। ਕੁਝ ਸਾਲਾਂ ਵਿੱਚ, ਬਾਰਿਸ਼ ਘੱਟ ਸੀ, ਪਰ ਅਗਲੇ ਮਾਨਸੂਨ ਨੇ ਇਸਦੀ ਭਰਪਾਈ ਕੀਤੀ। ਜਦੋਂ ਇਹ ਹੋ ਰਿਹਾ ਸੀ, ਤਾਂ ਨੀਤੀਆਂ ਵੀ ਉਸ ਅਨੁਸਾਰ ਬਣਾਈਆਂ ਗਈਆਂ। ਇੱਥੋਂ ਤੱਕ ਕਿ ਸਮਾਜ ਜੋ ਕਦੇ ਪਾਣੀ ਦੀ ਹਰ ਬੂੰਦ ਨੂੰ ਸੰਭਾਲਦੇ ਸਨ, ਉਹ ਵੀ ਲਾਪਰਵਾਹ ਹੋ ਗਏ ਹਨ। ਕਈ ਥਾਵਾਂ 'ਤੇ, ਪਾਣੀ ਦੇ ਸਰੋਤ ਇੰਨੇ ਘੱਟ ਹੋ ਗਏ ਹਨ ਕਿ ਉਹਨਾਂ ਨੂੰ ਆਪਣੀ ਪਿਛਲੀ ਸਥਿਤੀ ਵਿੱਚ ਵਾਪਸ ਆਉਣ ਵਿੱਚ ਦਹਾਕੇ ਲੱਗ ਸਕਦੇ ਹਨ, ਅਤੇ ਬਹੁਤ ਸਾਰੇ ਮਾਮਲਿਆਂ ਵਿੱਚ, ਇਹ ਬਿਲਕੁਲ ਵੀ ਸੰਭਵ ਨਹੀਂ ਹੋ ਸਕਦਾ। ਅਸੀਂ ਲੰਬੇ ਸਮੇਂ ਤੋਂ ਦੀਵਾਲੀਆਪਨ ਨੂੰ ਇੱਕ ਵਿਅਕਤੀ ਦੀ ਵਿੱਤੀ ਤਬਾਹੀ ਦੇ ਸੰਦਰਭ ਵਿੱਚ ਸਮਝਦੇ ਹਾਂ। ਜਦੋਂ ਕੋਈ ਵਿਅਕਤੀ ਵਿੱਤੀ ਤੌਰ 'ਤੇ ਦੀਵਾਲੀਆ ਹੋ ਜਾਂਦਾ ਹੈ, ਤਾਂ ਇਸਦਾ ਮਤਲਬ ਇਹ ਨਹੀਂ ਹੈ ਕਿ ਦੁਨੀਆ ਨੇ ਆਪਣਾ ਪੈਸਾ ਗੁਆ ਦਿੱਤਾ ਹੈ। ਪੈਸਾ ਬਚਿਆ ਰਹਿੰਦਾ ਹੈ, ਪਰ ਉਸ ਵਿਅਕਤੀ ਦੀ ਆਮਦਨ, ਖਰਚਿਆਂ ਅਤੇ ਕਰਜ਼ਿਆਂ ਵਿਚਕਾਰ ਸੰਤੁਲਨ ਵਿਘਨ ਪੈਂਦਾ ਹੈ। ਇਸੇ ਤਰ੍ਹਾਂ, ਦੁਨੀਆ ਵਿੱਚ ਪਾਣੀ ਮੌਜੂਦ ਹੈ, ਪਰ ਇਸਦੀ ਉਪਲਬਧਤਾ, ਵਰਤੋਂ ਅਤੇ ਰੀਚਾਰਜ ਵਿਚਕਾਰ ਸੰਤੁਲਨ ਤੇਜ਼ੀ ਨਾਲ ਵਿਗੜ ਰਿਹਾ ਹੈ। ਅਸੀਂ ਭੂਮੀਗਤ ਪਾਣੀ ਨੂੰ ਓਨਾ ਨਹੀਂ ਭਰ ਰਹੇ ਜਿੰਨਾ ਅਸੀਂ ਕੱਢ ਰਹੇ ਹਾਂ। ਇਸਦਾ ਮਤਲਬ ਹੈ ਕਿ ਪਾਣੀ ਦਾ ਸੰਤੁਲਨ ਘਟਦਾ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਦੇ ਖੋਜਕਰਤਾਵਾਂ ਦੀ ਇੱਕ ਰਿਪੋਰਟ ਦੇ ਅਨੁਸਾਰ, ਇਸ ਅਸੰਤੁਲਨ ਦੀਆਂ ਜੜ੍ਹਾਂ ਦਹਾਕਿਆਂ ਪੁਰਾਣੀਆਂ ਹਨ। ਭੂਮੀਗਤ ਪਾਣੀ ਦਾ ਅੰਨ੍ਹੇਵਾਹ ਸ਼ੋਸ਼ਣ, ਨਦੀਆਂ ਨੂੰ ਸੀਵਰੇਜ ਨਾਲਿਆਂ ਵਿੱਚ ਬਦਲਣਾ, ਜੰਗਲਾਂ ਦੀ ਕਟਾਈ, ਮਿੱਟੀ ਦਾ ਕਟੌਤੀ ਅਤੇ ਜਲਵਾਯੂ ਪਰਿਵਰਤਨ ਨੇ ਮਿਲ ਕੇ ਕੁਦਰਤੀ ਜਲ ਪ੍ਰਣਾਲੀ ਨੂੰ ਕਮਜ਼ੋਰ ਕਰ ਦਿੱਤਾ ਹੈ। ਜਦੋਂ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ, ਤਾਂ ਇਹ ਮੌਜੂਦ ਹੋਣ ਦੇ ਬਾਵਜੂਦ ਵਰਤੋਂ ਯੋਗ ਨਹੀਂ ਹੋ ਜਾਂਦਾ ਹੈ। ਜਦੋਂ ਭੂਮੀਗਤ ਪਾਣੀ ਨੂੰ ਬਹੁਤ ਜ਼ਿਆਦਾ ਕੱਢਿਆ ਜਾਂਦਾ ਹੈ, ਤਾਂ ਇਸਨੂੰ ਦੁਬਾਰਾ ਭਰਨ ਤੋਂ ਪਹਿਲਾਂ ਹੀ ਖਤਮ ਹੋ ਜਾਂਦਾ ਹੈ। ਹੌਲੀ-ਹੌਲੀ, ਇਹ ਸਥਿਤੀ ਇੱਕ ਅਜਿਹੇ ਬਿੰਦੂ 'ਤੇ ਪਹੁੰਚ ਜਾਂਦੀ ਹੈ ਜਿੱਥੋਂ ਇਸਨੂੰ ਠੀਕ ਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਹ ਵੀ ਸੱਚ ਹੈ ਕਿ ਇਹ ਸੰਕਟ ਸਾਰਿਆਂ ਨੂੰ ਬਰਾਬਰ ਪ੍ਰਭਾਵਿਤ ਨਹੀਂ ਕਰਦਾ। ਜਿਸ ਤਰ੍ਹਾਂ ਗਰੀਬ ਸਭ ਤੋਂ ਪਹਿਲਾਂ ਆਰਥਿਕ ਦੀਵਾਲੀਆਪਨ ਦਾ ਸ਼ਿਕਾਰ ਹੁੰਦੇ ਹਨ, ਉਸੇ ਤਰ੍ਹਾਂ ਪਾਣੀ ਸੰਕਟ ਅਤੇ ਪਾਣੀ ਦੀ ਦੀਵਾਲੀਆਪਨ ਦਾ ਸਭ ਤੋਂ ਵੱਡਾ ਬੋਝ ਕੁਦਰਤੀ ਤੌਰ 'ਤੇ ਸਭ ਤੋਂ ਕਮਜ਼ੋਰ ਵਰਗਾਂ 'ਤੇ ਪੈਂਦਾ ਹੈ। ਛੋਟੇ ਕਿਸਾਨਾਂ, ਆਦਿਵਾਸੀਆਂ, ਸ਼ਹਿਰੀ ਗਰੀਬਾਂ, ਔਰਤਾਂ ਅਤੇ ਨੌਜਵਾਨਾਂ ਦੇ ਜੀਵਨ ਸਭ ਤੋਂ ਪਹਿਲਾਂ ਪ੍ਰਭਾਵਿਤ ਹੁੰਦੇ ਹਨ। ਇਸ ਦੇ ਉਲਟ, ਅਮੀਰ ਅਤੇ ਸ਼ਕਤੀਸ਼ਾਲੀ ਵਰਗ ਜਿਨ੍ਹਾਂ ਨੇ ਪਾਣੀ ਦੀ ਵਰਤੋਂ ਕੀਤੀ ਹੈ, ਉਹ ਅਕਸਰ ਇਸਦਾ ਲਾਭ ਉਠਾਉਂਦੇ ਹਨ, ਜਦੋਂ ਕਿ ਦੂਸਰੇ ਇਸਦੇ ਨਤੀਜੇ ਭੁਗਤਦੇ ਹਨ। ਭਾਰਤ ਦੇ ਸੰਦਰਭ ਵਿੱਚ, ਸੰਯੁਕਤ ਰਾਸ਼ਟਰ ਦੀ ਚੇਤਾਵਨੀ ਹੋਰ ਵੀ ਚਿੰਤਾਜਨਕ ਹੈ। ਜਦੋਂ ਕਿ ਸਾਡਾ ਦੇਸ਼ ਦੁਨੀਆ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਰਹਿੰਦਾ ਹੈ, ਉਪਲਬਧ ਤਾਜ਼ੇ ਪਾਣੀ ਦੀ ਮਾਤਰਾ ਸੀਮਤ ਹੈ। ਇਸ ਦੇ ਬਾਵਜੂਦ, ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਧਰਤੀ ਹੇਠਲੇ ਪਾਣੀ ਦਾ ਸਭ ਤੋਂ ਵੱਧ ਸ਼ੋਸ਼ਣ ਕਰਦੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘਟ ਰਿਹਾ ਹੈ। ਖੂਹ ਸੁੱਕ ਰਹੇ ਹਨ, ਹੈਂਡ ਪੰਪ ਸੁੱਕ ਰਹੇ ਹਨ, ਅਤੇ ਹਰ ਸਾਲ ਡੂੰਘੇ ਟਿਊਬਵੈੱਲ ਪੁੱਟੇ ਜਾ ਰਹੇ ਹਨ। ਸਾਡੀਆਂ ਨਦੀਆਂ ਦੀ ਹਾਲਤ ਵੀ ਸਾਰਿਆਂ ਲਈ ਸਪੱਸ਼ਟ ਹੈ। ਬਹੁਤ ਸਾਰੀਆਂ ਨਦੀਆਂ ਨੂੰ ਮ੍ਰਿਤਕ ਮੰਨਿਆ ਜਾਂਦਾ ਹੈ, ਜਦੋਂ ਕਿ ਹੋਰ ਹੁਣ ਬਰਸਾਤ ਦੇ ਮੌਸਮ ਤੱਕ ਸੀਮਤ ਹਨ। ਸ਼ਹਿਰਾਂ ਵਿੱਚ, ਤਲਾਅ ਅਤੇ ਝੀਲਾਂ ਜਾਂ ਤਾਂ ਭਰ ਗਈਆਂ ਹਨ ਜਾਂ ਸੀਵਰੇਜ ਦੇ ਭੰਡਾਰ ਬਣ ਗਈਆਂ ਹਨ। ਮੀਂਹ ਦਾ ਪਾਣੀ ਵਹਿ ਜਾਂਦਾ ਹੈ, ਅਤੇ ਇਸਦੀ ਸੰਭਾਲ ਲਈ ਕੋਈ ਉਪਾਅ ਨਹੀਂ ਕੀਤੇ ਜਾ ਰਹੇ ਹਨ। ਸਾਰੀਆਂ ਮੁਸ਼ਕਲਾਂ ਦੇ ਬਾਵਜੂਦ, ਇਹ ਯਕੀਨੀ ਹੈ ਕਿ ਸਾਡੇ ਕੋਲ ਪਾਣੀ ਹੈ, ਪਰ ਅਸੀਂ ਇਸਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹਾਂ। ਸਪੱਸ਼ਟ ਤੌਰ 'ਤੇ, ਭਾਰਤ ਵਿੱਚ ਪਾਣੀ ਦਾ ਸੰਕਟ ਕੁਦਰਤੀ ਨਾਲੋਂ ਵੱਧ ਨੀਤੀ-ਅਧਾਰਤ ਹੈ। ਬਹੁਤ ਜ਼ਿਆਦਾ ਪਾਣੀ ਦੀ ਖਪਤ ਕਰਨ ਵਾਲੇ ਉਦਯੋਗਾਂ ਦੀ ਸਥਾਪਨਾ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ। ਖੇਤੀਬਾੜੀ ਵਿੱਚ ਵਧੇਰੇ ਸਿੰਚਾਈ ਦੀ ਲੋੜ ਵਾਲੀਆਂ ਫਸਲਾਂ ਨੂੰ ਉਤਸ਼ਾਹਿਤ ਕਰਨਾ ਵੀ ਇੱਕ ਵੱਡਾ ਕਾਰਨ ਹੈ।


HAMDARD MEDIA GROUP | ਹਮਦਰਦ HAMDARD MEDIA GROUP CANADA | HAMDARD TV

| | |
|---|---|
| PUBLISHER COMPANY : | 1136811 ONTARIO INC. O/A.HAMDARD MEDIA GROUP |
| CANADA OFFICE : | 2-1332, KHALSA DRIVE, MISSISSAUGA ON L5S 0A2 |
| CHIEF EDITOR : | Amar Singh Bhullar |
| SUB EDITOR: | Karamjit Kaur Bhullar |
| GENERAL MANAGER: | Sandeep Kaur Ranu |
| DISTRIBUTER : | Bhupinder Kaur Dhillon |
| NEWS REPORTERS : | Darbara Singh Kahlon<br>Harpreet Singh Gill<br>Malkeet Singh (Vancouver)<br>Maninder Kumar (Montreal) |
| INDIA REPORTERS: | Upjit Singh<br>Makhan Shah |
| FRONT DESK : | 905-791-9999, 905-696-1991 |
| EMERGENCY : | 416-433-6342 |
| VANCOUVER OFFICE : | 604-807-8610 |
| EMAIL : | ads@hamdardtv.ca |


Subscription Price:$250/Year

Funded by the Government of Canada | Canada


# ਕਾਰਨੀ ਵੱਲੋਂ ਨਵ ਵਿਸ਼ਵ ਵਿਵਸਥਾ ਸਥਾਪਤੀ ਦਾ ਬਿਗੁਲ



'ਦਰਬਾਰਾ ਸਿੰਘ ਕਾਹਲੋਂ'
+12898292929



20 ਜਨਵਰੀ 2026 ਨੂੰ ਦੇ ਕੈਨੇਡਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਵੋਸ( ਸਵਿਟਜਰਲੈਂਡ ਵਿਖੇ ਵਿਸ਼ਵ ਆਰਥਿਕ ਫੋਰਮ ਨੂੰ ਸੰਬੋਧਿਤ ਕਰਦੇ ਆਪਣੇ ਸੂਝ ਬੂਝ ਭਰੇ ਦੂਰ ਦ੍ਰਿਸ਼ਟੀ ਵਾਲੇ ਜਬਰਦਸਤ ਭਾਸ਼ਣ ਵਿੱਚ „ਜੋ ਉਹਨਾਂ ਖੁਦ ਹੀ ਲਿਖਿਆ ਸੀ, ਵਿਸ਼ਵ ਭਰ ਦੇ ਦਰਮਿਆਨੇ ਦਰਜੇ ਦੇ ਸਮੂਹ ਦੇਸ਼ਾਂ ਨੂੰ ਇਕ ਨਵ ਵਿਸ਼ਵ ਸੰਗਠਨ ਸਥਾਪਤ ਕਰਨ ਦਾ ਹੋਕਾ ਦਿੱਤਾ।ਉਨਾਂ ਕੈਨੇਡਾ ਦਾ ਸਟੈਂਡ ਸਪਸ਼ਟ ਕਰਦਿਆਂ ਕਰਦਿਆਂ ਉਸ ਭੇੜੀਏ ਪ੍ਰਤੀ ਜੋ ਬਾਰ ਬਾਰ ਉਨਾਂ ਦੇ ਦਰਵਾਜੇ ਤੇ ਦਸਤਕ ਦੇ ਰਿਹਾ ਹੈ ਭਾਵ ਅਮਰੀਕਾ ਦਾ ਨਾਮ ਲਏ ਬਗੈਰ ਸਾਰੇ ਵਿਸ਼ਵ ਭਾਈਚਾਰੇ ਵਿੱਚ ਦਲੇਰਾਨਾ ਢੰਗ ਨਾਲ ਕੁਝ ਉਸੇ ਤਰ੍ਹਾਂ ਦੀ ਆਵਾਜ਼ ਬੁਲੰਦ ਕੀਤੀ ਜਿਵੇਂ ਸਿਕੰਦਰ ਮਹਾਨ ਨੇ ਉਸ ਦੇ ਪਿਤਾ ਫਿਲਪਸ ਦੀ ਮੌਤ ਬਾਅਦ ਪਰਸ਼ੀਆ ਦੇ ਬਾਦਸ਼ਾਹ ਦਾਰਸ ਤੀਜੇ ਵੱਲੋਂ ਤਵਾਨ ਮੰਗਣ ਦੇ ਜਵਾਬ ਵਿੱਚ ਸਪਸ਼ਟ ਕਹਿ ਦਿੱਤਾ ਸੀ ਕਿ ਉਹ ਮੁਰਗੀ ਮਰ ਚੁੱਕੀ ਹੈ ਜੋ ਸੋਨੇ ਦੇ ਆਂਡੇ ਦਿੰਦੀ ਸੀ।ਉਹਨਾਂ ਕਿਹਾ ਕੈਨੇਡਾ ਕੋਲ ਉਹ ਸਭ ਕੁਝ ਹੈ ਜੋ ਵਿਸ਼ਵ ਚਾਹੁੰਦਾ ਹੈ। ਅਸੀਂ ਊਰਜਾ ਖੇਤਰ ਵਿੱਚ ਸੁਪਰ ਸ਼ਕਤੀ ਹਾਂ। ਸਾਡੇ ਕੋਲ ਬਹੁਤ ਹੀ ਵਸੀ ਹ ਖਣਿਜ ਪਦਾਰਥ,ਖਦਾਨਾ ਹਨ ।ਸਾਡੇ ਲੋਕ ਪੜੇ ਲਿਖੇ ਹਨ ਸਾਡੀ ਪੈਨਸ਼ਨ ਵਿਵਸਥਾ ਸਰਵੋਤਮ ਹੈ ਸਾਡੇ ਕੋਲ ਪੂੰਜੀ ਹੁਨਰ ਅਤੇ ਅਸੀਂ ਵਿੱਤੀ ਵਿਵਸਥਾ ਰੱਖਣ ਵਾਲਾ ਰਾਜ ਅਤੇ ਵਧੀਆ ਸਾਸਨ ਅਧਾਰਤ ਸਰਕਾਰ ਹੈ ।ਸਾਡੇ ਕੋਲ ਉੱਚ ਪੱਧਰੀ ਕਦਰਾਂ ਕੀਮਤਾਂ ਹਨ। ਕਨੇਡਾ ਬਹੁਤ ਪੱਖੀ ਸਮਾਜ ਹੈ ਅਤੇ ਉਹ ਪੂਰੀ ਊਰਜਾ ਨਾਲ ਕੰਮ ਕਰ ਰਿਹਾ ਹੈ। ਸਾਡੀ ਸ਼ਕਤੀ ਸਾਡੀ ਇਮਾਨਦਾਰੀ ਹੈ । ਅਜੋਕੇ ਟੁੱਟ ਭੱਜ ਅਤੇ ਗਲ ਸੜ ਚੁੱਕੇ ਗਲੋਬਲ ਸਿਸਟਮ ਵਿੱਚੋਂ ਅਸੀਂ ਬਾਹਰ ਆ ਚੁੱਕੇ ਹਾਂ ।ਅਸੀਂ ਆਪਣਾ ਵਧੀਆ ਸ਼ਕਤੀਸ਼ਾਲੀ ਅਤੇ ਇਨਸਾਫ ਅਧਾਰਤ ਕੈਨੇਡਾ ਸਿਰਜਣ ਦੀ ਸ਼ਕਤੀ ਰੱਖਦੇ ਹਾਂ ।ਇੰਜ ਹੀ ਵਿਸ਼ਵ ਦੀਆਂ ਸਾਰੀਆਂ ਦਰਮਿਆਨੀਆਂ ਸ਼ਕਤੀਆਂ ਨੂੰ ਇਸ ਵਿੱਚੋਂ ਬਾਹਰ ਆਉਣਾ ਚਾਹੀਦਾ ਹੈ ।ਉਹ ਬਹੁਤ ਕੁਝ ਗੁਆ ਚੁੱਕੀਆਂ ਹਨ ਇਸ ਕਿਲੇਦਾਰੀ ਵਿੱਚੋਂ। ਹੁਣ ਉਹਨਾਂ ਨੂੰ ਆਪਸ ਵਿੱਚ ਮਿਲ ਬੈਠ ਕੇ ਇੱਕ ਨਵਾਂ ਕਮਾਂਤਰੀ ਸਿਸਟਮ ਸਿਰਜਣ ਦੀ ਲੋੜ ਹੈ ।

**ਝੂਠੀ ਵਿਵਸਥਾ:**

ਸਥਾਪਤ ਵਿਸ਼ਵ ਵਿਵਸਥਾ ਦਾ ਪੋਲ ਖੋਲਦੇ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਇਸ ਵਿੱਚ ਸ਼ਾਮਿਲ ਵਿਸ਼ਵ ਦੇ ਕੌਮਾਂਤਰੀ ਸੰਗਠਨ ਜਿਵੇਂ ਕਿ ਸੰਯੁਕਤ ਰਾਸ਼ਟਰ ਸੰਘ,ਵਿਸ਼ਵ ਵਪਾਰ ਸੰਗਠਨ ,ਵਾਤਾਵਰਨ ਸੰਗਠਨ ,ਪਾਰਟੀਆਂ ਦੇ ਕਾਨਫਰੰਸ ਸੰਗਠਨ ਆਦਿ ਸਭ ਵਿੱਚ ਕਾਨੂੰਨ ਅਧਾਰਤ ਗਲੋਬਲ ਅਵਸਥਾ ਦੀ ਥਾਂ 'ਤਕੜੇ ਦਾ ਸਤੀ ਵੀਂ ਸੌ'ਵਿਵਸਥਾ ਭਾਰੂ ਹੋ ਚੁੱਕੀ ਹੈ ।ਅੱਜ ਆਰਥਿਕ ਸਾਂਝੇਦਾਰੀ ਦੇ ਨਕਾਬ ਹੇਠ ਵਿਸ਼ਵ ਦੀਆਂ ਮਹਾ ਸ਼ਕਤੀਆਂ(ਅਮਰੀਕਾ, ਰੂਸ, ਚੀਨ)ਕਮਜ਼ੋਰ ਅਤੇ ਪਿੱਠੂ ਦੇਸ਼ਾਂ ਨੂੰ ਆਪਣੀਆਂ ਬਸਤੀਆਂ ਸਥਾਪਿਤ ਕਰਨਾ ਚਾਹੁੰਦੇ ਹਨ ।

ਇਸ ਸਬੰਧੀ ਉਨਾਂ ਨੇ ਚੈੱਕ ਗਣਰਾਜ ਦੀ ਇੱਕ ਪੁਰਾਣੀ ਮਿਸਾਲ ਦਿੱਤੀ ।ਇਹ ਮਿਸਾਲ ਉਹਨਾਂ ਨੇ ਚੈੱਕ ਗਣਰਾਜ ਦੀ ਵਿਰੋਧੀ ਧਿਰ ਦੇ ਆਗੂ ਵਿਕਲਾਵ ਹਾਵਿਲ ਜੋ ਬਾਅਦ ਵਿੱਚ ਉਥੋਂ ਦੇ ਰਾਸ਼ਟਰਪਤੀ ਬਣੇ ਦੇ ਲੇਖ "ਨਿਤਾਣਿਆਂ ਦੇ ਤਾਣ "ਵਿੱਚੋਂ ਲਈ ।ਉਹਨਾਂ ਕਿਹਾ ਕਿ ਇੱਕ ਗਲੀ ਵਿੱਚ ਕੁਝ ਦੁਕਾਨਦਾਰਾਂ ਦੀਆਂ ਦੁਕਾਨਾਂ ਸਨ ।ਉਹਨਾਂ ਵਿੱਚ ਇਹ ਕਮਜ਼ੋਰ ਸਬਜ਼ੀ ਵਿਕਰੇਤਾ ਦੀ ਦੁਕਾਨ ਵੀ ਸੀ ਜੋ ਆਪਣੀ ਦੁਕਾਨ ਖੋਲਣ ਤੋਂ ਬਾਅਦ ਉਸਦੀ ਖਿੜਕੀ ਵਿੱਚ ਇੱਕ ਬੋਰਡ "ਵਿਸ਼ਵ ਭਰ ਦੇ ਮਜ਼ਦੂਰੋ ਇਕ ਹੋ ਜਾਓ"ਸਜਾ ਦਿੰਦਾ।ਪਰ ਉਸ ਨੂੰ ਇਸ ਫਲਸਫੇ ਵਿੱਚ ਯਕੀਨ ਨਹੀਂ ਸੀ ਕਿਉਂਕਿ ਦੂਸਰੇ ਦੁਕਾਨਦਾਰ ਇੰਜ ਹੀ ਕਰਦੇ ਸਨ ਇਸ ਲਈ ਉਹ ਵੀ ਉਥੋਂ ਦੇ ਸਥਾਪਿਤ ਨਿਜ਼ਾਮ ਦੇ ਡਰ ਕਰਕੇ ਲਗਾਉਂਦਾ ਸੀ ।ਇਹ ਇੱਕ ਝੂਠ ਸੀ ਲੇਕਿਨ ਲੋਕ ਡਰ ਅਤੇ ਹਿੰਸਾ ਤੋਂ ਬਚਣ ਲਈ ਇੰਜ ਕਰ ਰਹੇ ਸਨ ।ਲੇਕਿਨ ਸੱਚ ਇਹ ਹੈ ਕਿ ਜੇਕਰ ਇੱਕ ਵਿਅਕਤੀ ਵੀ ਇਹ ਬੋਰਡ ਲਗਾਉਣਾ ਬੰਦ ਕਰ ਦਿੰਦਾ ਤਾਂ ਸਥਾਪਤ ਵਿਵਸਥਾ ਦਾ ਭਰਮ ਟੁੱਟਣਾ ਸ਼ੁਰੂ ਹੋ ਜਾਣਾ ਸੀ।ਹਾਵਿਲ ਦਾ ਐਸਾ ਹੀ ਮੰਨਣਾ ਸੀ।

ਕਨੇਡੀਅਨ ਪ੍ਰਧਾਨ ਮੰਤਰੀ ਨੇ ਵਿਸ਼ਵ ਭਰ ਦੇ ਦਰਮਿਆਨੀ ਸ਼ਕਤੀ ਵਾਲੇ ਦੇਸ਼ਾਂ ਅਤੇ ਕੰਪਨੀਆਂ ਨੂੰ ਆਪਣੀਆਂ ਖਿੜਕੀਆਂ ਵਿੱਚੋਂ ਐਸੇ ਝੂਠ ਦੇ ਬੋਰਡ ਤੁਰੰਤ ਹਟਾਉਣ ਦਾ ਹੋਕਾ ਦਿੱਤਾ। ਹੁਣ ਐਸੀ ਝੂਠੀ ਵਿਵਸਥਾ ਵਿੱਚ ਨਹੀਂ ਰਿਹਾ ਜਾ ਸਕਦਾ ਕਿਉਂਕਿ ਇਹ ਝੂਠ ਅਜੋਕੇ ਰਾਸ਼ਟਰਾਂ ਦੀ ਕਮਜ਼ੋਰੀ ਬਣ ਚੁੱਕਾ ਹੈ।

**ਪ੍ਰਭੂਸੱਤਾ ਦੀ ਰਾਖੀ :**

ਅੱਜ ਭੇੜੀਆ ਅਤੇ ਡਾਕੂਆਂ ਦਾ ਰੂਪ ਧਾਰਨ ਬੈਠੀਆਂ ਮਹਾਂ ਸ਼ਕਤੀਆਂ ਤੋਂ ਕਿਸੇ ਵੀ ਦੇਸ਼ ਦੀ ਪ੍ਰਭੂ ਸੱਤਾ ਸੁਰਖਿਅਤ ਨਹੀਂ ਹੈ।ਪੂਰੇ ਵਿਸ਼ਵ ਦੇ ਰਾਸ਼ਟਰ ਇਹਨਾਂ ਤੋਂ ਡਰੇ ਅਤੇ ਸਹਿਮੇ ਪਏ ਹਨ ।ਵੈਨਜ਼ੂਵੇਲਾ ਵਿਚ ਕੀ ਹੋਇਆ ?ਇਕ ਖੂਖਾਰ ਡਾਕੂ ਦਾ ਰੂਪ ਧਾਰਨ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਉਸਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਅਤੇ ਉਸਦੀ ਪਤਨੀ ਨੂੰ ਉਸਦੇ ਬਿਸਤਰੇ ਵਿੱਚੋਂ ਅਗਵਾਹ ਕਰਕੇ ਅਮਰੀਕਾ ਲੈ ਆਇਆ । ਵਿਸ਼ਵ ਦੇ ਕਿਸੇ ਰਾਸ਼ਟਰ ਨੇ ਚੂੰ ਚਾਂ ਨਾ ਕੀਤੀ ।ਗਾਜਾ ਵਿੱਚ ਅਮਰੀਕਾ ਅਤੇ ਇਸ ਤੇ ਹਮਜੋਲੀ ਇਸਰਾਇਲ ਨੇ ਉਸ ਪੱਟੀ ਦਾ ਮਲੀਆਮੇਟ ਕਰ ਦਿੱਤਾ ।70 ਹਜਾਰ ਤੋਂ ਵੱਧ ਲੋਕ ਮਾਰ ਦਿੱਤੇ ,ਲੱਖਾਂ ਜ਼ਖਮੀ ਅਤੇ ਬੇਘਰ ਦਿੱਤੇ ।ਅਨੇਕ ਭੁਖਮਰੀ ਨਾਲ ਮਰ ਰਹੇ ਹਨ ।ਪਰ ਮਹਾਂ ਸ਼ਕਤੀਆਂ ਦੇ ਡਰ ਦੇ ਮਾਰੇ ਕੋਈ ਦੇਸ਼ ਗਾਜਾ ਨੂੰ ਬਚਾਉਣ ਲਈ ਅੱਗੇ ਨਹੀਂ ਆਇਆ ।ਇਹਨਾਂ ਨੇ ਇਰਾਨ ਨੂੰ ਵੀ ਮਲੀਆਮੇਟ ਕਰਨਾ ਚਾਹਿਆ ਪਰ ਉਸ ਵੱਲੋਂ ਦਮ ਦਿਖਾਉਣ ਕਰਕੇ ਸਮਝੌਤਾ ਕਰਨਾ ਪਿਆ।ਹੁਣ ਫਿਰ ਉਸਦਾ ਤਖਤਾ ਪਲਟਣ ਦੀ ਕੋਸ਼ਿਸ਼ ਕੀਤੀ।ਸੀਆਈਏ ਅਤੇ ਮੁਸਾਦ ਵੱਲੋਂ ਇਰਾਨ ਵਿੱਚ ਜਨਤਕ ਵਿਦਰੋਹ ਪੈਦਾ ਕਰਨ ਦਾ ਅਸਫਲ ਯਤਨ ਕੀਤਾ ਗਿਆ।

24 ਫਰਵਰੀ 2022 ਤੋਂ ਯੂਕਰੇਨ ਤੇ ਰੂਸੀ ਹਮਲਾ ਜਾਰੀ ਹੈ ਪਰ ਅਜੇ ਤੱਕ ਕਿਸੇ ਮਹਾ ਸ਼ਕਤੀ ਨੇ ਉਥੇ ਸ਼ਾਂਤੀ ਸਥਾਪਿਤ ਕਰਨ ਦਾ ਸੁਹਿਰਦ ਯਤਨ ਨਹੀਂ ਕੀਤਾ। ਇਵੇਂ ਹੀ ਅਫਰੀਕਾ ਵਿੱਚ ਬਸਤੀਵਾਦ ਨੂੰ ਲੈ ਕੇ ਇਹਨਾਂ ਮਹਾਂ ਸ਼ਕਤੀਆਂ ਵੱਲੋਂ ਸਥਾਨਕ ਜੰਗਾਂ ਜਾਰੀ ਹਨ ।

ਜਿਸ ਝੂਠ ਦੇ ਨਕਾਬ ਹੇਠ ਅਮਰੀਕਾ ਨੇ ਯੂਐਨਓ ਅਤੇ ਨਾਟੋ ਸਹਿਯੋਗੀਆਂ ਨੂੰ ਗੁਮਰਾਹ ਕਰਕੇ ਇਰਾਕ ਦੇ ਸਦਾਮ ਹੁਸੈਨ ਸ਼ਾਸਨ ਦੀ ਬਰਬਾਦੀ ਕੀਤੀ,ਅਫਗਾਨਿਸਤਾਨ ਦੇ ਤਾਲਬਨ ਸ਼ਾਸਨ ਨੂੰ ਤਬਾਹ ਕੀਤਾ ,ਲਿਬੀਆ ਨੂੰ ਮਲੀਆਮੇਟ ਕੀਤਾ,ਇਸ ਨੂੰ ਕੌਣ ਨਹੀਂ ਜਾਣਦਾ ?ਸਦਾਮ ਹੁਸੈਨ ਕੋਲ ਕਿਹੜੇ ਰਸਾਇਣਿਕ ਹਥਿਆਰ ਸਨ ?ਉਸਾਮਾ ਬਿਨ ਲਾਦਨ ਅਮਰੀਕਾ ਦੀ ਹੀ ਉਪਜ ਸੀ ਜਿਸ ਨੂੰ ਪਾਕਿਸਤਾਨ ਦੀ ਪ੍ਰਭੂਸੱਤਾ ਨੂੰ ਠੁਠ ਦਿਖਾਉਂਦੇ ਜਾਬਰ ਸ਼ਾਹੀ ਨਾਲ ਆਪਣੇ ਸੀਲ ਦਸਤੇ ਭੇਜ ਕੇ ਮਾਰ ਮੁਕਾਇਆ।

ਕਾਰਨੀ ਨੇ ਬੇਬਾਕੀ ਨਾਲ ਕਿਹਾ ਕਿ ਪੱਛਮੀ ਦੇਸ਼ ਵੀ ਇਸ ਝੂਠ ਦਾ ਸ਼ਿਕਾਰ ਹੋ ਕੇ ਆਪਣੇ ਨਿੱਜੀ ਲਾਭਾਂ ਅਤੇ ਮੁਫਾਦਾਂ ਲਈ ਅਮਰੀਕਾ ਨਾਲ ਰਲੇ ਰਹੇ।ਹੁਣ ਹਾਲ ਇਹ ਹੈ ਕਿ ਅਮਰੀਕਾ ਪੂਰੇ ਵਿਸ਼ਵ ਅੰਦਰ ਆਪਣੀ ਏਕਾਧਿਕਾਰੀ ਸਰਦਾਰੀ ਕਾਇਮ ਕਰਨਾ ਚਾਹੁੰਦਾ ਹੈ ਅਤੇ ਅਜੋਕੀਆਂ ਸੰਸਥਾਵਾਂ ਦੀ ਥਾਂ ਆਪਣੀ ਸਰਦਾਰੀ ਹੇਠ "ਬੋਰਡ ਆਫ ਪੀਸ"ਸਥਾਪਿਤ ਕਰਕੇ ਜਿਸ ਦਾ ਉਹ ਸਾਰੀ ਉਮਰ ਚੇਅਰਮੈਨ ਰਹੇਗਾ, ਪੂਰੇ ਗਲੋਬ ਦਾ ਨਕਸ਼ਾ ਬਦਲਣਾ ਚਾਹੁੰਦਾ ਹੈ। ਇਸ ਬੋਰਡ ਵਿੱਚ ਮੈਂਬਰ ਬਣਨ ਲਈ ਉਸਨੇ 60 ਦੇਸ਼ਾਂ ਨੂੰ ਸੱਦਾ ਭੇਜਿਆ ਹੈ ਜਿਸ ਵਿੱਚ ਭਾਰਤ ਵੀ ਸ਼ਾਮਿਲ ਹੈ ।ਇੱਕ ਬਿਲੀਅਨ ਰਾਸ਼ੀ ਦੇਣ ਵਾਲੇ ਨੂੰ ਸਥਾਈ ਮੈਂਬਰਸ਼ਿਪ ਪ੍ਰਦਾਨ ਕੀਤੀ ਜਾਏਗੀ।ਕੀ ਐਸੀ ਵਿਵਸਥਾ ਵਿੱਚ ਕਿਸੇ ਵੀ ਦੇਸ਼ ਦੀ ਪ੍ਰਭੂ ਸੱਤਾ ਸੁਰਖਿਅਤ ਰਹਿ ਸਕੇਗੀ ?ਅੱਜ ਸਾਨੂੰ ਹਰ ਦਿਨ ਯਾਦ ਰੱਖਣਾ ਪਵੇਗਾ ਕਿ ਅਸੀਂ ਮਹਾਂ ਸ਼ਕਤੀਆਂ ਦੇ ਆਪਣੇ ਨਿਜੀ ਮੁਫਾਦ ਭਰੇ ਹਾਲਾਤਾਂ ਦੇ ਦੌਰ ਵਿੱਚ ਵਿੱਚ ਰਹਿ ਰਹੇ ਹਾਂ।ਜਿਸ ਕੋਲ ਸ਼ਕਤੀ ਹੈ ਉਹ ਕੁਝ ਵੀ ਕਰ ਸਕੇਗਾ ਅਤੇ ਜੋ ਕਮਜ਼ੋਰ ਹੈ ਉਸ ਨੂੰ ਇਹ ਸਹਿਣਾ ਹੀ ਪਏਗਾ ।ਸੋ ਇਸ ਵਿਵਸਥਾ ਤੋਂ ਬਚਣ ਲਈ ਦਰਮਿਆਨੀ ਸ਼ਕਤੀ ਵਾਲੇ ਦੇਸ਼ਾਂ ਨੂੰ ਇੱਕ ਜੁੱਟ ਹੋ ਕੇ ਇੱਕ ਨਵੀਂ ਕੌਮਾਂਤਰੀ ਆਪਸੀ ਮਿਲਵਰਤਨ ,ਬਰਾਬਰੀ ਅਤੇ ਇਨਸਾਫ ਅਧਾਰਤ ਵਿਵਸਥਾ ਸਥਾਪਿਤ ਕਰਨ ਲਈ ਅੱਗੇ ਆਉਣਾ ਪਵੇਗਾ ।

**ਟਰੰਪ ਨੂੰ ਲਗਾਮ :**

ਅਮਰੀਕੀ ਕਾਂਗਰਸ ਅਤੇ ਲੋਕਤੰਤਰ ਨੂੰ ਪਿਆਰ ਕਰਨ ਵਾਲੇ ਅਮਰੀਕੀ ਚੇਤਨ ਲੋਕਾਂ ਨੂੰ ਆਪਣੇ 80 ਸਾਲਾ ਸੁੱਧ ਬੁੱਧ ਗਵਾ ਬੈਠੇ ਨਾਰਸਿਸਟ ਰਾਸ਼ਟਰਪਤੀ ਟਰੰਪ ਜੋ ਨਾਜੀਵਾਦੀ ਹਿਟਲਰ ਅਤੇ ਫਾਸ਼ੀਵਾਦੀ ਮੁਸਲਿਨੀ ਦੀ ਰਾਹ ਤੇ ਚੱਲ ਕੇ ਗੁਆਂਢੀ ਰਾਜਾਂ ਨੂੰ ਨਿਤ ਦਿਨ ਧਮਕੀਆਂ ਦੇ ਰਿਹਾ ਹੈ, ਟਰੰਪ ਟੈਰਰ ਨਾਲ ਪੂਰੇ ਵਿਸ਼ਵ ਦੀ ਅਰਥ ਵਿਵਸਥਾ ਨੂੰ ਬਰਬਾਦ ਕਰ ਰਿਹਾ ਹੈ,ਕੈਨੇਡਾ ਨੂੰ 51ਵਾ ਸੂਬਾ ਬਣਾਉਣ ,ਨਹਿਰ ਪਨਾਮਾ ਅਤੇ ਗਰੀਨਲੈਂਡ ਤੇ ਕਬਜ਼ਾ ਕਰਨ,ਗਾਜਾ ਵਿਖੇ ਟਰੰਪ ਟਾਵਰ ਅਤੇ ਰਵੇਰੀਆ ਉਸਾਰਨ ਦੇ ਦਾਵੇ ਕਰ ਰਿਹਾ ਹੈ, ਨਕਸ਼ੇ ਵਿੱਚ ਵੈਨਜ਼ੂਵੇਲਾ, ਕੈਨੇਡਾ ਅਤੇ ਗਰੀਨਲੈਂਡ ਨੂੰ ਅਮਰੀਕਾ ਦਾ ਝੰਡਾ ਗੱਡ ਕੇ ਇਹਸਾ ਦਰਸਾ ਰਿਹਾ ਹੈ।ਅਮਰੀਕਾ ਅੰਦਰ ਆਪਣੇ ਦੇਸ਼ ਵਾਸੀਆਂ ਨੂੰ ਨੈਸ਼ਨਲ ਗਾਰਡ ਅਤੇ ਆਈਸ ਏਜਸੀਆਂ ਰਾਹੀਂ ਡਰਾ ਧਮਕਾ ਰਿਹਾ ਹੈ(37ਸਾਲਾ ਰੇਨੀ ਗੁਡ ਵਾਂਗ ਕਈ ਬੇਗੁਨਾਹ ਅਮਰੀਕੀ ਮਾਰ ਮੁਕਾਏ ਹਨ ) ਗੈਰ ਕਾਨੂੰਨੀ ਪ੍ਰਵਾਸੀਆਂ ਦੇ ਨਾਲ ਚੰਗੇ ਪ੍ਰਵਾਸੀਆਂ ਨੂੰ ਵੀ ਜ਼ਿਆਦਤੀਆਂ ਦਾ ਸ਼ਿਕਾਰ ਬਣਾ ਰਿਹਾ ਹੈ ।ਦੇਸ਼ ਵਿੱਚ ਬੇਰੁਜ਼ਗਾਰੀ,ਮਹਿੰਗਾਈ ,ਸਿਹਤ ਅਤੇ ਅਮਨ ਕਾਨੂੰਨ ਦੀ ਵਿਵਸਥਾ ਬੁਰੀ ਤਰਹਾਂ ਚਰਮਰਾ ਰਹੀ ਹੈ।ਅਮਰੀਕੀ ਸੰਵਿਧਾਨ,ਕਾਨੂੰਨ ਅਤੇ ਲੋਕਤੰਤਰ ਦੀ ਰਤਾ ਪ੍ਰਵਾਹ ਨਹੀਂ ਕਰ ਰਿਹਾ।ਵਿਸ਼ਵ ਨੂੰ ਤੀਸਰੀ ਵੱਡੀ ਜੰਗ ਵੱਲ ਧਕੇਲ ਰਿਹਾ ਹੈ।ਅਮਰੀਕੀ ਨਾਗਰਿਕਾਂ ਅਤੇ ਕਾਂਗਰਸ ਦਾ ਇਹ ਫਰਜ਼ ਹੈ ਕਿ ਉਹ ਆਪਣੇ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਅਤੇ ਵਿਸ਼ਵ ਸ਼ਾਂਤੀ ਲਈ ਐਸੇ ਅਰਧ ਪਾਗਲ ਰਾਸ਼ਟਰਪਤੀ ਨੂੰ ਲਗਾਮ ਦੇਣ।25ਵੀ ਸੰਵਿਧਾਨਿਕ ਸੋਧ ਨੂੰ ਤੁਰੰਤ ਅਮਲ ਵਿੱਚ ਲਿਆਉਂਦੇ ਇਸ ਨੂੰ ਪਦ ਤੋਂ ਬਰਖਾਸਤ ਕਰਨ।

**ਜਾਗ੍ਰਿਤੀ:**

ਮਾਰਕ ਕਾਰਨੀ ਜੋ ਵਿਸ਼ਵ ਪ੍ਰਸਿੱਧ ਅਰਥ ਸ਼ਾਸਤਰੀ ਹਨ।ਬੈਂਕ ਆਫ ਕੈਨੇਡਾ ਅਤੇ ਬੈਂਕ ਆਫ ਇੰਗਲੈਂਡ ਦੇ ਚੇਅਰਮੈਨ ਰਹਿ ਚੁੱਕੇ ਹਨ।ਵਿਸ਼ਵ ਬੈਂਕ ਅਤੇ ਹੋਰ ਕਈ ਕੌਮਾਂਤਰੀ ਆਰਥਿਕ ਸੰਸਥਾਵਾਂ ਦੇ ਸਲਾਹਕਾਰ ਰਹਿ ਚੁੱਕੇ ਹਨ।ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਦੇ ਸਲਾਹਕਾਰ ਰਹਿ ਚੁੱਕੇ ਹਨ।ਉਨਾਂ ਨੇ ਪ੍ਰਧਾਨ ਮੰਤਰੀ ਵਜੋਂ ਆਪਣੇ ਦੇਸ਼ ਦੀ ਰਾਖੀ, ਤਰੱਕੀ ,ਆਪਸੀ ਇਕਜੁੱਟਤਾ ਦੇ ਬਲਬੂਤੇ ਨਾ ਸਿਰਫ ਕੈਨੇਡਾ ਨੂੰ ਅਮਰੀਕੀ ਭੇੜੀਏ ਤੋਂ ਬਚਾਉਣ ਲਈ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਨਾਲ ਵਪਾਰਕ ਅਤੇ ਯੁੱਧਨੀਤਕ ਸਮਝੌਤੇ ਕੀਤੇ ਹਨ ਬਲਕਿ ਉਹਨਾਂ ਨੇ ਪੂਰੇ ਵਿਸ਼ਵ ਦੇ ਦਰਮਿਆਨੇ ਦਰਜੇ ਦੇ ਸ਼ਕਤੀਸ਼ਾਲੀ ਦੇਸ਼ਾਂ ਨੂੰ ਅਮਰੀਕਾ ,ਰੂਸ ਅਤੇ ਚੀਨ ਵਰਗੀਆਂ ਮਹਾ ਸ਼ਕਤੀਆਂ ਦੀ ਚੁੰਗਲ ਵਿੱਚੋਂ ਬਾਹਰ ਆਉਣ ਲਈ ਦਲੇਰਾਂ ਨਾ ਅਗਵਾਈ ਦਿੱਤੀ ਹੈ।ਉਹਨਾਂ ਸਪਸ਼ਟ ਕਿਹਾ ਕਿ ਇਹ ਮਹਾ ਸ਼ਕਤੀਆਂ ਆਪਣੀ ਆਰਥਿਕ, ਫੌਜੀ,ਜੁਗਾੜੂ ,ਕੂਟਨੀਤਕ, ਯੁੱਧਨੀਤਕ ਸ਼ਕਤੀ ਅਤੇ ਅਸੀਮ ਸਾਧਨਾ ਰਾਹੀਂ ਪੂਰੇ ਵਿਸ਼ਵ ਤੇ ਆਪਣੀ ਏਕਾਧਿਕਾਰਵਾਦੀ ਧੌਂਸ ਕਾਇਮ ਰੱਖ ਸਕਦੀਆਂ ਹਨ। ਦਰਮਿਆਨੀ ਸ਼ਕਤੀ ਰੱਖਣ ਵਾਲੇ ਅਤੇ ਪਛੜੇ ਦੇਸ਼ ਇਹਨਾਂ ਦੀ ਧੌਂਸ ਅੱਗੇ ਟਿਕ ਨਹੀਂ ਸਕਦੇ।ਉਹਨਾਂ ਕੋਲ ਇਹਨਾਂ ਦੀ ਸਰਦਾਰੀ ਮੰਨਣ ਜਾਂ ਬਸਤੀ ਬਣਨ ਬਗੈਰ ਕੋਈ ਚਾਰਾ ਨਹੀਂ ।ਉਨਾਂ ਨੇ ਇਹਨਾਂ ਸ਼ਕਤੀਆਂ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਆਪਣੀਆਂ ਖਿੜਕੀਆਂ ਵਿੱਚ ਇਹਨਾਂ ਮਹਾਂ ਸ਼ਕਤੀਆਂ ਨੂੰ ਖੁਸ਼ ਕਰਨ ਵਾਲੇ ਬੋਰਡ ਲਗਾਉਣੇ ਬੰਦ ਕਰ ਦੇਣ।

ਇਹ ਨਹੀਂ ਕਿ ਦੂਸਰੇ ਰਾਸ਼ਟਰਾਂ ਦੇ ਆਗੂ ਇਸ ਸੱਚਾਈ ਤੋਂ ਵਾਕਫ ਨਹੀਂ ਸਨ ਲੇਕਿਨ ਉਹਨਾਂ ਵਿੱਚ ਕੋਈ ਵੀ ਅਜਿਹਾ ਕਹਿਣ ਅਤੇ ਬੋਲਣ ਦੀ ਸ਼ਕਤੀ ਨਹੀਂ ਸੀ।ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਤਿਹਾਸਿਕ ਜੁਅਰਤ ਨਾਲ ਵਿਸ਼ਵ ਆਰਥਿਕ ਫੋਰਮ ਤੇ ਮਹਾ ਸ਼ਕਤੀਆਂ ਦੇ ਚੈਲੇਂਜ ਨੂੰ ਕਬੂਲ ਕਰਦਿਆਂ ਆਪਣੇ ਭਾਸ਼ਣ ਰਾਹੀਂ ਇਕ ਨਵੀਂ ਵਿਸ਼ਵ ਵਿਵਸਥਾ ਪ੍ਰਸ ਤੁਤ ਕਰਦਿਆਂ ਪੂਰੇ ਗਲੋਬ ਨੂੰ ਹਿਲਾ ਕੇ ਰੱਖ ਦਿੱਤਾ।

ਉਪਰੰਤ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋ ਨੇ ਕਿਹਾ ਕਿ ਉਹ ਟਰੰਪ ਦੀ ਬੁਲੀ ਅੱਗੇ ਨਹੀਂ ਝੁਕਣਗੇ। ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਸਾਨੂੰ ਟਰੰਪ ਤੋਂ ਆਜ਼ਾਦੀ ਚਾਹੀਦੀ ਹੈ।ਬੈਲਜੀਅਮ ਦੇ ਪ੍ਰਧਾਨ ਮੰਤਰੀ ਬਾਰਟ ਡੀ ਵੇਵਰ ਦਾ ਕਹਿਣਾ ਸੀ ਕਿ ਟਰੰਪ ਨੇ ਬਹੁਤ ਸਾਰੀਆ ਲਛਮਣ ਰੇਖਾਵਾਂ ਨੂੰ ਪਾਰ ਕਰ ਲਿਆ ਹੈ। ਅੱਜ ਜਾਗਣ ਦਾ ਵੇਲਾ ਹੈ ।ਯੂਰਪ ਉਸ ਦਾ ਗੁਲਾਮ ਨਹੀਂ ਬਣ ਸਕਦੇ ।ਉਸ ਨੇ ਇਟਲੀ ਦੇ ਮਾਰਕਸਿਸਟ ਫਿਲੋਸਫਰ ਅਟੋਨੀਓ ਗਰਾਮਸਕੀ ਦੇ ਸ਼ਬਦ ਬੋਲਦੇ ਚੇਤਾਵਨੀ ਦਿੱਤੀ ਕਿ ਜਦੋਂ ਪੁਰਾਣੀ ਵਿਵਸਥਾ ਮਰ ਰਹੀ ਹੋਵੇ ਅਤੇ ਨਵੀਂ ਅਜੇ ਪੈਦਾ ਨਹੀਂ ਹੁੰਦੀ ਤੇ ਤੁਸੀਂ ਰਾਖਸ਼ਾ ਦੇ ਕਾਲ ਵਿੱਚ ਰਹਿੰਦੇ ਹੁੰਦੇ ਹੋ ।ਭਾਵ ਪ੍ਰਧਾਨ ਮੰਤਰੀ ਕਾਰਨੀ ਅਨੁਸਾਰ ਘੜੀ ਗਈ ਨਵੀਂ ਵਿਸ਼ਵ ਵਿਵਸਥਾ ਦੇ ਸਥਾਪਿਤ ਹੋਣ ਤੱਕ ਪੂਰੇ ਵਿਸ਼ਵ ਨੂੰ ਟਰੰਪ ਵਰਗੇ ਰਾਖਸ਼ਾ ਦੇ ਕਾਲ ਤੋਂ ਬਚਣ ਦੀ ਲੋੜ ਹੈ ।ਕਾਰਲੇਟਰ ਯੂਨੀਵਰਸਿਟੀ ਪ੍ਰੋਫੈਸਰ ਫੈਨ ਹੈਪਸਨ ਅਨੁਸਾਰ ਕੀ ਕਾਰਨੀ ਲਿਲੀਪੁੱਟਾਂ ਨੂੰ ਗੁੱਲੀਵਰ ਖਿਲਾਫ ਬਗਾਵਤ ਲਈ ਜਾਗਰਿਤ ਕਰ ਰਿਹਾ ਹੈ ਜਿਸ ਨੇ ਗੁੰਡਾਗਰਦੀ ਦਾ ਰੂਪ ਧਾਰਨ ਕਰ ਲਿਆ?

ਪ੍ਰਧਾਨ ਮੰਤਰੀ ਮਾਰਕ ਕਾਰਨੀ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਦਾਵੋਸ ਵਿਖੇ ਮਿਲਣ ਬਗੈਰ ਸਦੇਸ਼ ਪਰਤ ਆਏ।ਉਹਨਾਂ ਦੇ ਕ੍ਰਾਂਤੀਕਾਰੀ ਯੁਗ ਪਲਟਾਊ ਭਾਸ਼ਣ ਤੋਂ ਦੁਖੀ ਟਰੰਪ ਬੁਰਾ ਭਲਾ ਕਹਿਣੋ ਬਾਜ ਨੀ ਆਇਆ।ਉਸ ਦਾ ਕਥਨ ਸੀ ਕਿ ਕਨੇਡਾ ਦੀ ਹੋਂਦ ਅਮਰੀਕਾ ਤੇ ਨਿਰਭਰ ਕਰਦੀ ਹੈ।ਉਸ ਹੱਥੋਂ ਕਈ ਚੀਜ਼ਾਂ ਮੁਫਤ ਲੈਂਦੇ ਹਨ ਉਹਨਾਂ ਨੂੰ ਸਾਡੇ ਮਸ਼ਕੂਰ ਹੋਣਾ ਚਾਹੀਦਾ ਹੈ ਮੈਂ ਪ੍ਰਧਾਨ ਮੰਤਰੀ ਦਾ ਭਾਸਨ ਸੁਣਿਆ।ਉਹਨਾਂ ਨੂੰ ਭਵਿੱਖ ਵਿੱਚ ਐਸੀ ਬਿਆਨਬਾਜ਼ੀ ਕਰਨ ਸਮੇਂ ਧਿਆਨ ਰੱਖਣਾ ਚਾਹੀਦਾ ਹੈ।

ਪ੍ਰਧਾਨ ਮੰਤਰੀ ਦੇ ਭਾਸ਼ਣ ਦਾ ਤਤਕਾਲ ਅਸਰ ਇਹ ਹੋਇਆ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਗਰੀਨ ਲੈਣ ਦੀ ਹਮਾਇਤ ਕਰਨ ਵਾਲੇ ਯੂਰਪੀਅਨ ਦੇਸ਼ਾਂ ਵਿਰੁੱਧ ਲਗਾਏ 10% ਟੈਰਫ ਨੂੰ ਵਾਪਸ ਲੈਣਾ ਪਿਆ।ਉਸ ਨੂੰ ਵਿਸ਼ਵ ਆਰਥਿਕ ਫੋਰਮ ਤੇ ਭਾਸ਼ਣ ਵੇਲੇ ਕਹਿਣਾ ਪਿਆ ਕਿ ਉਹ ਗਰੀਨ ਲੈਣ ਵਿਰੁੱਧ ਸ਼ਕਤੀ ਦਾ ਪ੍ਰਯੋਗ ਨਹੀਂ ਕਰਨਗੇ।ਹਕੀਕਤ ਤਾਂ ਇਹ ਹੈ ਕਿ ਯੂਰਪੀਨ ਦੇਸ਼ਾਂ ਨੂੰ ਆਪਣੇ ਮਾਨ ਸਨਮਾਨ ਖਾਤਰ ਟਰੰਪ ਨੂੰ ਗਰੀਨਲੈਂਡ ਤੇ ਪੈਰ ਨਹੀਂ ਧਰਨ ਦੇਣਾ ਚਾਹੀਦਾ।

ਕਿੰਨਾ ਮੂਰਖ ਹੈ ਇਹ ਰਾਸ਼ਟਰਪਤੀ ਜੋ ਆਪਣੇ ਗੁਆਂਢੀਆਂ ਅਤੇ ਆਪਣੇ ਨਾਟੋ ਵਰਗੇ ਸਹਿਯੋਗੀਆਂ ਨੂੰ ਦੁਸ਼ਮਣ ਬਣਾਉਣ,ਤੰਗ ਕਰਨ,ਇਲਾਕੇ ਹਥਿਆਉਣ ,ਗੈਰ ਮੁਨਸਫਾਨਾ ਟੈਰਿਫ ਠੋਕਣ ਅਤੇ ਧਮਕੀਆਂ ਦੇਣ ਤੋਂ ਬਾਜ ਨਹੀ ਆ ਰਿਹਾ।

ਵਿਸ਼ਵ ਦੇ ਰਾਸ਼ਟਰਾਂ ਨੂੰ ਨਪੋਲੀਅਨ ਬੋਨਾਪਾਰਟਸ ਦੇ ਇਤਿਹਾਸਿਕ ਸ਼ਬਦਾਂ ਨੂੰ ਯਾਦ ਰੱਖਣਾ ਪਵੇਗਾ ਕਿ ਜੇ ਇਕ ਸ਼ੇਰ ਕੁੱਤਿਆਂ ਦੀ ਫੌਜ ਦੀ ਅਗਵਾਈ ਕਰਦਾ ਹੈ ਤਾਂ ਉਹ ਸ਼ੇਰ ਵਾਂਗ ਲੜਨਗੇ ਤੇ ਜਿੱਤ ਪ੍ਰਾਪਤ ਕਰਨਗੇ ਪਰ ਜੇ ਇਕ ਕੁੱਤਾ ਸ਼ੇਰਾਂ ਦੀ ਫੌਜ ਦੀ ਅਗਵਾਈ ਕਰਦਾ ਹੈ ਤਾਂ ਉਹ ਕੁੱਤਿਆਂ ਵਾਂਗੂ ਲੜਨਗੇ ਤੇ ਹਾਰ ਜਾਣਗੇ। ਮਾਰਕ ਕਾਰਨੀ ਇਕ ਸ਼ੇਰ ਵਜੋਂ ਟਰੰਪ ਦੀ ਅਗਵਾਈ ਵਾਲੀ ਅਮਰੀਕੀ ਸ਼ਕਤੀ ਅੱਗੇ ਡਟ ਗਿਆ ਹੈ।

ਸੋ ਡੋਨਾਲਡ ਟਰੰਪ ਦੇ ਅਮਰੀਕੀ ਫਾਸ਼ੀਵਾਦੀ ਏਕਾਧਿਕਾਰ, ਜਿਨ ਸੀ ਪਿੰਗ ਦੇ ਚੀਨ ਦੇ ਪ੍ਰਸਾਰਵਾਦ ਅਤੇ ਵਲਾਦੀਮੀਰ ਪੂਤਨ ਦੇ ਧੌਂਸਵਾਦ ਤੋਂ ਅਜੋਕੇ ਵਿਸ਼ਵ ਦੇ ਦਰਮਿਆਨੀ ਆਰਥਿਕ ਅਤੇ ਫੌਜੀ ਸ਼ਕਤੀ ਵਾਲੇ ਦੇਸ਼ਾਂ ਨੂੰ ਆਪਣੀ ਪ੍ਰਭੂਸੱਤਾ,ਆਜ਼ਾਦੀ ਅਤੇ ਅਖੰਡਤਾ ਕਾਇਮ ਰੱਖਣੀ ਹੈ ਤਾਂ ਉਹਨਾਂ ਨੂੰ ਇੱਕਜੁੱਟ ਹੋ ਕੇ ਇੱਕ ਨਵੀਂ ਮੁਨਸਫਾਨਾ ਕੌਮਾਂਤਰੀ ਵਿਵਸਥਾ ਨੂੰ ਸੁਹਿਰਦਤਾ ਇਮਾਨਦਾਰੀ ਅਤੇ ਵਚਨਬੱਧਤਾ ਨਾਲ ਸਥਾਪਿਤ ਕਰਨਾ ਚਾਹੀਦਾ ਹੈ।

# ਪੰਜਾਬ ਦੇ ਦਰਿਆਵਾਂ 'ਚ ਘੁਲ ਰਿਹੈ ਜ਼ਹਿਰ

ਗੁਰਪ੍ਰੀਤ

ਪੰਜਾਬ ਦੇ ਪਾਣੀਆਂ ਦਾ ਮਸਲਾ ਜਦੋਂ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ ਤਾਂ ਸਾਰੀਆਂ ਸਿਆਸੀ ਧਿਰਾਂ ਇੱਕ ਦੂਜੇ 'ਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿੰਦੀਆਂ ਹਨ। ਗੱਲ ਭਾਵੇਂ ਐੱਸ ਵਾਈ ਐੱਲ ਦੀ ਹੋਵੇ ਜਾਂ ਫਿਰ ਹੋਰਨਾਂ ਦਰਿਆਵਾਂ ਨਹਿਰਾਂ ਦੀ, ਸਿਆਸੀ ਧਿਰਾਂ ਨੂੰ ਜਦੋਂ ਕੋਈ ਮੌਕਾ ਮਿਲਦਾ ਹੈ ਤਾਂ ਉਹ ਪਿੱਛੇ ਨਹੀਂ ਰਹਿੰਦੀਆਂ। ਬੀ ਬੀ ਐੱਮ ਬੀ ਉੱਤੇ ਵੀ ਪੰਜਾਬ ਦਾ ਹੱਕ ਜਤਾਉਣ ਵਾਲੀਆਂ ਇਹ ਸਿਆਸੀ ਧਿਰਾਂ ਹਮੇਸ਼ਾ ਸਿਆਸਤ ਹੀ ਕਰਦੀਆਂ ਆਈਆਂ ਹਨ। ਪੰਜਾਬ ਦੇ ਪਾਣੀਆਂ ਵਿੱਚ ਰੋਜ਼ਾਨਾ ਘੁਲ ਰਿਹਾ ਜ਼ਹਿਰ ਕਿਸੇ ਸਿਆਸੀ ਪਾਰਟੀ ਲਈ ਚਿੰਤਾ ਦਾ ਵਿਸ਼ਾ ਨਹੀਂ ਹੈ। ਇਸ ਦੇ ਉਲਟ ਅਜਿਹੇ ਕਿਸੇ ਮੁੱਦੇ 'ਤੇ ਜਦੋਂ ਲੋਕਾਂ ਵੱਲੋਂ ਪ੍ਰਦਰਸ਼ਨ ਕੀਤਾ ਜਾਂਦਾ ਹੈ ਤਾਂ ਵੀ ਪੱਲੇ ਸਿਰਫ਼ ਲਾਰੇ ਹੀ ਪੈਂਦੇ ਹਨ।

ਗੱਲ ਭਾਵੇਂ ਪੰਜਾਬ ਦੇ ਦਰਿਆਵਾਂ ਦੀ ਕਰ ਲਈਏ ਜਾਂ ਫਿਰ ਨਹਿਰਾਂ ਦੀ, ਹਰ ਪਾਸੇ ਹੀ ਬੁਰਾ ਹਾਲ ਹੈ। ਹੇਠਲੇ ਪੱਧਰ 'ਤੇ ਜੇਕਰ ਆਮ ਲੋਕ ਨਹਿਰਾਂ ਵਿੱਚ ਕੁਝ ਵੀ ਸੁੱਟਣ ਤੋਂ ਗੁਰੇਜ਼ ਨਹੀਂ ਕਰਦੇ ਤਾਂ ਵੱਡੇ ਪੱਧਰ 'ਤੇ ਵੱਡੀਆਂ ਕਾਰਪੋਰੇਟ ਕੰਪਨੀਆਂ ਤੇ ਹੋਰ ਵੱਡੇ ਕਾਰਖਾਨੇ ਵੀ ਪਾਣੀ ਦੇ ਸਰੋਤਾਂ ਨੂੰ ਗੰਧਲਾ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ। ਪੰਜਾਬ ਦੇ ਪਾਣੀਆਂ ਦੀ ਗੁਣਵੱਤਾ ਇਸ ਵੇਲੇ ਇਸ ਕਦਰ ਖ਼ਰਾਬ ਹੋ ਗਈ ਹੈ ਕਿ ਜੇਕਰ ਇਸ ਨੂੰ ਸਾਫ਼ ਕਰਨ ਵੱਲ ਵਧੀਏ ਤਾਂ ਵੀ ਦੋ-ਤਿੰਨ ਦਹਾਕੇ ਲੱਗ ਜਾਣਗੇ, ਪਰ ਮੌਜੂਦਾ ਹਾਲਾਤ ਇਸ ਸਥਿਤੀ ਦੇ ਹੋਰ ਨਿੱਘਰਨ ਵੱਲ ਸੰਕੇਤ ਕਰ ਰਹੇ ਹਨ।

ਪਿਛਲੇ ਸਮੇਂ ਦੌਰਾਨ ਪੰਜਾਬ 'ਚ ਆਏ ਹੜ੍ਹਾਂ ਨੇ ਵੀ ਮੁੜ ਸਾਨੂੰ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਮਨੁੱਖ ਦੀ ਹੋਂਦ ਲਈ ਪੀਣ ਵਾਲੇ ਪਾਣੀ ਦੀ ਕਿੰਨੀ ਲੋੜ ਹੁੰਦੀ ਹੈ। ਕਈ ਥਾਈਂ ਹੜ੍ਹ ਦੀ ਮਾਰ ਝੱਲ ਰਹੇ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਵੀ ਉਪਲੱਬਧ ਨਹੀਂ ਸੀ। ਜੇਕਰ ਪੰਜ ਦਰਿਆਵਾਂ ਦੀ ਧਰਤੀ 'ਤੇ ਵੀ ਲੋਕਾਂ ਨੂੰ ਜਿਊਂਦੇ ਰਹਿਣ ਲਈ ਪਾਣੀ ਵਾਲੀਆਂ ਬੋਤਲਾਂ 'ਤੇ ਹੀ ਨਿਰਭਰ ਹੋਣਾ ਪਵੇਗਾ ਤਾਂ ਇਸ ਦਾ ਸਪੱਸ਼ਟ ਅਰਥ ਇਹ ਨਿਕਲਦਾ ਹੈ ਕਿ ਵੱਡੀ ਗਿਣਤੀ ਲੋਕ ਜਿਊਣ ਦੇ ਹੱਕ ਤੋਂ ਵਾਂਝੇ ਹੋ ਜਾਣਗੇ।

ਇਹ ਸਾਰੀ ਖੇਡ ਅੰਕੜਿਆਂ ਦੀ ਹੈ। ਜਦੋਂ ਕਿਤੇ ਕੋਈ ਮੁੱਦਾ ਖੜ੍ਹਾ ਹੁੰਦਾ ਹੈ ਤਾਂ ਚਾਰ ਦਿਨ ਸੈਂਪਲ ਭਰ ਲਏ ਜਾਂਦੇ ਹਨ। ਪਾਣੀ ਸਾਫ਼ ਕਰਨ ਲਈ ਮੁਹਿੰਮਾਂ ਵੀ ਵਿੱਢ ਦਿੱਤੀਆਂ ਜਾਂਦੀਆਂ ਹਨ ਪਰ ਹਕੀਕੀ ਪੱਧਰ 'ਤੇ ਬਦਲਦਾ ਕੁਝ ਵੀ ਨਹੀਂ। ਸਰਕਾਰਾਂ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੁੰਦੀਆਂ ਹਨ ਪਰ ਇਥੇ ਸਰਕਾਰੀ ਨੀਤੀਆਂ ਕਾਰਨ ਹੀ ਲੋਕ ਮੁਢਲੀਆਂ ਲੋੜਾਂ ਤੋਂ ਵਾਂਝੇ ਹੁੰਦੇ ਜਾ ਰਹੇ ਹਨ। ਅੱਜ ਪੰਜਾਬ ਦੀ ਵੱਡੀ ਗਿਣਤੀ ਆਬਾਦੀ ਸਾਫ਼ ਹਵਾ, ਪਾਣੀ ਤੇ ਖੁਰਾਕ ਤੋਂ ਦੂਰ ਹੁੰਦੀ ਜਾ ਰਹੀ ਹੈ।

ਕਿਸੇ ਸਮੇਂ ਅਜਿਹਾ ਹੁੰਦਾ ਸੀ ਕਿ ਪੰਜਾਬ ਦੀਆਂ ਨਹਿਰਾਂ ਅਤੇ ਦਰਿਆਵਾਂ ਦਾ ਪਾਣੀ ਲੋਕ ਬਿਨਾਂ ਪੁਣੇ ਅਤੇ ਬਿਨਾਂ ਸਾਫ਼ ਕੀਤੇ ਹੀ ਪੀ ਲੈਂਦੇ ਸਨ, ਪਰ ਹੁਣ ਹਾਲਾਤ ਇਹ ਬਣ ਚੁੱਕੇ ਨੇ ਕਿ ਅਸੀਂ ਵੱਡੇ ਵੱਡੇ ਫ਼ਿਲਟਰ ਵੀ ਲਗਾ ਲਏ ਨੇ ਫਿਰ ਵੀ ਪਾਣੀ ਸਾਫ਼ ਨਹੀਂ ਹੋ ਰਿਹਾ। ਪੰਜਾਬ ਦਾ ਇੱਕ ਵੱਡਾ ਇਲਾਕਾ ਇਸ ਵੇਲੇ ਕੈਂਸਰ ਦੀ ਲਪੇਟ ਵਿੱਚ ਆ ਗਿਆ ਹੈ।

ਪੰਜਾਬ ਦੇ ਪਾਣੀਆਂ ਬਾਰੇ ਪਿਛਲੇ ਦਿਨੀਂ ਸਾਹਮਣੇ ਆਈ ਇੱਕ ਰਿਪੋਰਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਭੋਰਾ ਵੀ ਸੁਹਿਰਦ ਨਹੀਂ ਹੈ। ਪੰਜਾਬ ਦੇ ਦਰਿਆਵਾਂ ਅਤੇ ਨਹਿਰਾਂ ਵਿੱਚ ਜਿਹੜਾ ਪ੍ਰਦੂਸ਼ਣ ਕਾਰਪੋਰੇਟ ਘਰਾਣਿਆਂ, ਕਾਰਖ਼ਾਨਿਆਂ, ਕੰਪਨੀਆਂ ਅਤੇ ਫ਼ੈਕਟਰੀਆਂ ਵੱਲੋਂ ਘੋਲਿਆ ਜਾ ਰਿਹਾ ਹੈ, ਉਸ ਨੂੰ ਬੰਦ ਕਰਨ ਵਾਸਤੇ ਸਰਕਾਰ ਕੋਈ ਠੋਸ ਕਦਮ ਨਹੀਂ ਚੁੱਕ ਰਹੀ, ਭਾਵੇਂ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸਮੇਂ-ਸਮੇਂ 'ਤੇ ਪ੍ਰਦੂਸ਼ਣ ਨੂੰ ਖ਼ਤਮ ਕਰਨ ਵਾਸਤੇ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਸਰਕਾਰ ਦਾ ਸਹਿਯੋਗ ਲਿਆ ਜਾਂਦਾ ਹੈ, ਪਰ ਹਾਲਾਤ ਇਹ ਹਨ ਕਿ ਇਹ ਮੁਹਿੰਮਾਂ ਵੀ ਹੋਰਨਾਂ ਵਿਕਾਸ ਕਾਰਜਾਂ ਵਾਂਗ ਕਾਗਜ਼ਾਂ ਅਤੇ ਇਸ਼ਤਿਹਾਰਾਂ 'ਚ ਜ਼ਿਆਦਾ ਦਿਖਾਈ ਦਿੰਦੀਆਂ ਹਨ।



ਪੰਜਾਬ ਵਿਚਲੇ ਦਰਿਆਵਾਂ ਅਤੇ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕਰਨ ਵਾਲੇ ਕੁੱਲ 819 ਸਰੋਤ ਹਾਲੇ ਬੰਦ ਕਰਨੇ ਬਾਕੀ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸਰੋਤ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਅਧੀਨ ਹਨ। ਹੁਣ ਤੱਕ ਕਰੀਬ 290 ਸਰੋਤ ਬੰਦ ਕੀਤੇ ਜਾ ਚੁੱਕੇ ਹਨ ਜਾਂ ਫਿਰ ਉਨ੍ਹਾਂ ਨੂੰ ਹਟਾਇਆ ਜਾ ਚੁੱਕਿਆ ਹੈ, ਪਰ ਪੰਚਾਇਤ ਵਿਭਾਗ ਦੇ ਅਧੀਨ 510 ਸਰੋਤ ਬੰਦ ਕਰਨੇ ਹਾਲੇ ਬਾਕੀ ਹਨ। ਇਹ ਖ਼ੁਲਾਸਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ 19 ਦਸੰਬਰ 2025 ਨੂੰ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਕੋਲ ਦਾਇਰ ਕੀਤੀ ਗਈ ਆਪਣੀ ਰਿਪੋਰਟ ਵਿੱਚ ਕੀਤਾ ਹੈ। ਇਹ ਰਿਪੋਰਟ 19 ਸਤੰਬਰ 2025 ਦੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਅਨੁਸਾਰ ਅਦਾਲਤ ਵਿੱਚ ਪੇਸ਼ ਕੀਤੀ ਗਈ ਸੀ, ਜੋ ਪੰਜਾਬ ਦੇ ਜਲ ਸਰੋਤਾਂ ਦੇ ਪ੍ਰਦੂਸ਼ਣ ਨਾਲ ਸਬੰਧਿਤ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ 16 ਸਤੰਬਰ 2024 ਨੂੰ 'ਦਿ ਟ੍ਰਿਬਿਊਨ' ਵਿੱਚ ਪ੍ਰਕਾਸ਼ਿਤ ਇੱਕ ਖ਼ਬਰ ਦੇ ਆਧਾਰ 'ਤੇ ਇਸ ਮਾਮਲੇ ਦਾ ਖ਼ੁਦ ਨੋਟਿਸ ਲਿਆ ਸੀ। ਸਵਾਲ ਇਹ ਹੈ ਕਿ ਜਦੋਂ ਸਰਕਾਰ ਤੱਕ ਸਾਰੀ ਰਿਪੋਰਟ ਪਹੁੰਚ ਚੁੱਕੀ ਹੈ ਅਤੇ ਜਲ ਪ੍ਰਦੂਸ਼ਿਤ ਕਰਨ ਵਾਲੇ ਹਰ ਕਾਰਖ਼ਾਨੇ ਤੇ ਫ਼ੈਕਟਰੀ ਦਾ ਡੇਟਾ ਪਹੁੰਚ ਚੁੱਕਿਆ ਹੈ ਤਾਂ ਸਰਕਾਰ ਕੋਈ ਕਾਰਵਾਈ ਕਰਨ ਵਿੱਚ ਉਡੀਕ ਕਿਸ ਦੀ ਕਰ ਰਹੀ ਹੈ ? ਪ੍ਰਦੂਸ਼ਣ ਫੈਲਾਉਣ ਵਾਲੇ ਇਨ੍ਹਾਂ ਕਾਰਖਾਨਿਆਂ ਨੂੰ ਨੋਟਿਸ ਜਾਰੀ ਕਰਕੇ ਬੰਦ ਕਿਉਂ ਨਹੀਂ ਕੀਤਾ ਜਾਂਦਾ। ਹਾਲਾਂਕਿ ਇਸ ਮਾਮਲੇ 'ਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸਾਰੇ ਪ੍ਰਦੂਸ਼ਣ ਕਰਨ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਇੱਕ ਸਪੱਸ਼ਟ ਸਮਾਂ-ਸੀਮਾ ਤੈਅ ਕਰਨ ਦੇ ਹੁਕਮ ਦਿੱਤੇ ਹਨ। ਇਸ ਤੋਂ ਬਾਅਦ ਬੋਰਡ ਦੇ ਮੈਂਬਰ ਸਕੱਤਰ ਨੇ ਸਾਰੇ ਖੇਤਰੀ ਦਫ਼ਤਰਾਂ ਦੇ ਵਾਤਾਵਰਨ ਇੰਜੀਨੀਅਰਾਂ ਨੂੰ ਨਦੀਆਂ ਵਿੱਚ ਦੂਸ਼ਿਤ ਪਾਣੀ ਛੱਡਣ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਕਾਰਜ ਯੋਜਨਾਵਾਂ ਅਤੇ ਸਮਾਂ-ਸੀਮਾਵਾਂ ਜਮ੍ਹਾਂ ਕਰਾਉਣ ਦੇ ਹੁਕਮ ਵੀ ਦਿੱਤੇ। ਖ਼ਬਰਾਂ ਇਹ ਹਨ ਕਿ ਜਲ ਸਰੋਤ ਮਹਿਕਮੇ ਨੂੰ ਜਲ ਸਰੋਤਾਂ ਦੇ ਰਖਵਾਲੇ ਵਜੋਂ ਮਾਨਤਾ ਦਿੰਦੇ ਹੋਏ 11 ਦਸੰਬਰ 2025 ਨੂੰ ਪ੍ਰਮੁੱਖ ਸਕੱਤਰ ਨੂੰ ਇੱਕ ਪੱਤਰ ਲਿਖਿਆ ਗਿਆ ਸੀ, ਜਿਸ ਵਿੱਚ ਇੱਕ ਅਪੀਲ ਕੀਤੀ ਗਈ ਸੀ ਕਿ ਦਰਿਆਵਾਂ ਅਤੇ ਜਲ ਸਰੋਤਾਂ ਵਿੱਚ ਦੂਸ਼ਿਤ ਪਾਣੀ ਪਾਉਣ ਵਾਲੀਆਂ ਸਨਅਤੀ ਇਕਾਈਆਂ, ਪਿੰਡਾਂ ਦੇ ਸੀਵਰੇਜ, ਸ਼ਹਿਰੀ ਨਗਰ ਨਿਗਮ ਦੇ ਨਾਲਿਆਂ, ਡੇਅਰੀ ਦੀ ਰਹਿੰਦ-ਖੂੰਹਦ ਅਤੇ ਹੋਰ ਸਰੋਤਾਂ ਨੂੰ ਤੁਰੰਤ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਜਾਵੇ।

ਪੰਜਾਬ ਪੇਂਡੂ ਵਿਕਾਸ, ਪੰਚਾਇਤ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਨੂੰ ਵੀ ਆਪਣੇ ਅਧਿਕਾਰ ਖੇਤਰ ਅਧੀਨ ਪ੍ਰਦੂਸ਼ਣ ਫੈਲਾਉਣ ਵਾਲੇ ਸਰੋਤਾਂ ਨੂੰ ਬੰਦ ਕਰਨ ਲਈ ਆਖਿਆ ਗਿਆ ਸੀ ਅਤੇ ਇਸ ਸਬੰਧੀ ਬਾਕਾਇਦਾ ਹੁਕਮ ਵੀ ਦਿੱਤੇ ਗਏ ਹਨ। ਪਰ ਹੁਣ ਤੱਕ ਕਾਰਵਾਈ ਕਾਗ਼ਜ਼ਾਂ ਤੱਕ ਹੀ ਸੀਮਤ ਰਹੀ ਹੈ। ਇੱਕ ਰਿਪੋਰਟ ਮੁਤਾਬਿਕ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕਹਿੰਦਾ ਹੈ ਕਿ ਪ੍ਰਦੂਸ਼ਣ ਫੈਲਾਉਣ ਵਾਲੇ 31 ਸਰੋਤਾਂ ਨੂੰ ਉਨ੍ਹਾਂ ਦੁਆਰਾ ਬੰਦ ਕਰ ਦਿੱਤਾ ਗਿਆ ਹੈ, ਪਰ ਸਥਾਨਕ ਸਰਕਾਰਾਂ ਵਿਭਾਗ ਨੇ 30 ਸਰੋਤ ਹੀ ਬੰਦ ਕੀਤੇ ਹਨ। ਬੋਰਡ ਨੇ 18 ਉਦਯੋਗਿਕ, ਤਿੰਨ ਡੇਅਰੀ ਤੇ ਪ੍ਰਦੂਸ਼ਣ ਦੇ ਚਾਰ ਵਿਅਕਤੀਗਤ ਸਰੋਤ ਬੰਦ ਕਰ ਦਿੱਤੇ ਹਨ ਜਾਂ ਫਿਰ ਉਨ੍ਹਾਂ ਨੂੰ ਉੱਥੋਂ ਹਟਾ ਦਿੱਤਾ ਗਿਆ ਹੈ। ਬੰਦ ਕੀਤੇ ਗਏ ਪ੍ਰਦੂਸ਼ਣ ਫ਼ੈਲਾਉਣ ਵਾਲੇ ਸਰੋਤਾਂ ਦੀ ਗਿਣਤੀ 606 ਤੋਂ ਵਧ ਕੇ 692 ਹੋ ਗਈ ਹੈ, ਜਦਕਿ ਸੂਬੇ ਦੇ ਅੰਦਰ ਬਾਕੀ ਬਚੇ ਸਰੋਤ 905 ਤੋਂ ਘਟ ਕੇ 819 ਹੋ ਗਏ ਹਨ।

ਵੈਸੇ ਵੇਖਿਆ ਜਾਵੇ ਤਾਂ ਇਹ ਇੱਕ ਤਾਜ਼ਾ ਡੇਟਾ ਹੈ। ਇਸ ਤੋਂ ਪਹਿਲਾਂ ਵੀ ਬਹੁਤ ਸਾਰੀਆਂ ਸੰਸਥਾਵਾਂ ਦੁਆਰਾ ਆਪਣੇ ਪੱਧਰ 'ਤੇ ਡਾਟਾ ਇਕੱਠਾ ਕੀਤਾ ਜਾਂਦਾ ਰਿਹਾ ਹੈ। ਬੁੱਢੇ ਨਾਲੇ ਦਾ ਮਸਲਾ ਹੋਵੇ ਜਾਂ ਫਿਰ ਸਤਲੁਜ ਦਰਿਆ, ਰਾਵੀ ਜਾਂ ਬਿਆਸ ਦਾ, ਸਰਕਾਰੀ ਦਾਅਵੇ ਅਮਲ ਤੋਂ ਕਾਫ਼ੀ ਦੂਰ ਹੀ ਦਿਖਦੇ ਹਨ। ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬਹੁਤ ਜ਼ਰੂਰੀ ਹੈ ਕਿਉਂਕਿ ਜਿਸ ਤਰ੍ਹਾਂ ਸੂਬੇ ਦੇ ਅੰਦਰ ਪੰਜਾਬ ਦੇ ਪਾਣੀਆਂ ਦਾ ਪੱਧਰ ਲਗਾਤਾਰ ਘੱਟ ਰਿਹਾ ਹੈ, ਉਸ ਤੋਂ ਸਪੱਸ਼ਟ ਹੈ ਕਿ ਆਉਣ ਵਾਲਾ ਸਮਾਂ ਪੰਜਾਬ ਦੇ ਲਈ ਭਿਆਨਕ ਹੋਣ ਵਾਲਾ ਹੈ।

ਭਾਵੇਂ ਇਸੇ ਸਾਲ ਆਏ ਹੜ੍ਹਾਂ ਕਾਰਨ ਪਾਣੀ ਦਾ ਪੱਧਰ ਸੂਬੇ ਦੇ ਅੰਦਰ ਵਧਿਆ ਹੈ, ਪਰ ਇਸ ਦੇ ਨਾਲ ਸਮੱਸਿਆਵਾਂ ਦਾ ਅੰਕੜਾ ਵੀ ਕਾਫ਼ੀ ਉੱਤੇ ਗਿਆ ਹੈ, ਜਿਸ ਵੱਲ ਧਿਆਨ ਦੇਣ ਦੀ ਲੋੜ ਹੈ। ਫ਼ੈਕਟਰੀਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਣ ਵਾਲੇ ਧੂੰਏਂ ਕਾਰਨ ਜ਼ਹਿਰੀਲੀਆਂ ਗੈਸਾਂ ਪੈਦਾ ਹੋ ਰਹੀਆਂ ਹਨ।

ਪੰਜਾਬ ਦੇ ਪਾਣੀਆਂ ਨੂੰ ਬਚਾਉਣਾ ਇਸ ਵੇਲੇ ਬੇਹੱਦ ਜ਼ਰੂਰੀ ਹੈ ਕਿਉਂਕਿ ਜਿਸ ਤਰ੍ਹਾਂ ਤੇਜ਼ੀ ਨਾਲ ਜਲ ਸਰੋਤਾਂ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ, ਉਸ ਹਿਸਾਬ ਨਾਲ ਪੰਜਾਬ ਵਿੱਚ ਜੰਮਣ ਵਾਲਾ ਬੱਚਾ ਅੱਜ ਸੁਰੱਖਿਅਤ ਨਹੀਂ। ਸੂਬਾ ਸਰਕਾਰ ਨੂੰ ਇਸ ਪਸੇ ਧਿਆਨ ਦਿੰਦੇ ਹੋਏ ਤੁਰੰਤ ਹੱਲ ਲੱਭਣਾ ਚਾਹੀਦਾ ਹੈ ਤੇ ਸਖ਼ਤੀ ਨਾਲ ਲਾਗੂ ਵੀ ਕਰਵਾਉਣਾ ਚਾਹੀਦਾ ਹੈ।

ਸੰਪਰਕ: 95698-20314

# ਐੱਸ ਵਾਈ ਐੱਲ: ਸਕੱਤਰ ਪੱਧਰੀ ਦੁਵੱਲੀ ਵਾਰਤਾ ’ਤੇ ਸਹਿਮਤੀ

ਚੰਡੀਗੜ੍ਹ, -ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵਿਚਾਲੇ ਅੱਜ ਇੱਥੇ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ ’ਤੇ ਹੋਈ ਛੇਵੇਂ ਗੇੜ ਦੀ ਮੀਟਿੰਗ ’ਚ ਗੱਲਬਾਤ ਸਾਰਥਕ ਤਰੀਕੇ ਨਾਲ ਅੱਗੇ ਵਧਾਉਣ ’ਤੇ ਸਹਿਮਤੀ ਬਣੀ। ਮੀਟਿੰਗ ’ਚ ਦੋਵੇਂ ਸੂਬਿਆਂ ਨੇ ਹੁਣ ਅਗਲੇ ਗੇੜ ’ਚ ਸਕੱਤਰ ਪੱਧਰ ਦੀ ਵਾਰਤਾ ਸ਼ੁਰੂ ਕਰਨ ਦਾ ਫ਼ੈਸਲਾ ਲਿਆ। ਇਸ ਤਹਿਤ ਪੰਜਾਬ ਅਤੇ ਹਰਿਆਣਾ ਦੇ ਜਲ ਸਰੋਤ ਵਿਭਾਗਾਂ ਦੇ ਸਕੱਤਰ ਪੰਦਰਾਂ ਦਿਨਾਂ ’ਚ ਇੱਕ ਵਾਰ ਇਸ ਮੁੱਦੇ ’ਤੇ ਗੱਲਬਾਤ ਕਰਨਗੇ ਅਤੇ ਆਪਣੀ ਰਿਪੋਰਟ ਮੁੱਖ ਮੰਤਰੀਆਂ ਨੂੰ ਸੌਂਪਣਗੇ।



ਸੁਪਰੀਮ ਕੋਰਟ ਦੇ ਨਿਰਦੇਸ਼ਾਂ ਤਹਿਤ ਦੋਵੇਂ ਸੂਬਿਆਂ ਵਿਚਾਲੇ ਕਰੀਬ ਅੱਧਾ ਘੰਟਾ ਹੋਈ ਮੀਟਿੰਗ ਬਿਨਾਂ ਕਿਸੇ ਠੋਸ ਨਤੀਜੇ ਤੋਂ ਸਮਾਪਤ ਹੋ ਗਈ। ਕੇਂਦਰ ਸਰਕਾਰ ਵੱਲੋਂ ਵਿਚੋਲਗੀ ਤੋਂ ਪਿੱਛੇ ਹਟਣ ਮਗਰੋਂ ਨਵੇਂ ਸਾਲ ਵਿੱਚ ਦੋਵੇਂ ਸੂਬਿਆਂ ਦੀ ਇਹ ਪਹਿਲੀ ਮੀਟਿੰਗ ਸੀ। ਬਿਨਾਂ ਕਿਸੇ ਤੱਥਾਂ ’ਤੇ ਚਰਚਾ ਕੀਤੇ ਦੋਵੇਂ ਮੁੱਖ ਮੰਤਰੀਆਂ ਨੇ ਸਪੱਸ਼ਟ ਕੀਤਾ ਕਿ ਪਹਿਲਾਂ ਅਧਿਕਾਰੀ ਆਪਣੇ ਪੱਧਰ ’ਤੇ ਚਰਚਾ ਕਰਨਗੇ ਅਤੇ ਜੋ ਤੱਥ ਸਾਹਮਣੇ ਆਉਣਗੇ, ਉਨ੍ਹਾਂ ’ਤੇ ਮੁੱਖ ਮੰਤਰੀ ਬਾਅਦ ਵਿੱਚ ਗੱਲਬਾਤ ਕਰਨਗੇ। ਸੁਪਰੀਮ ਕੋਰਟ ਵਿੱਚ ਇਸ ਮਾਮਲੇ ਦੀ ਅਗਲੀ ਸੁਣਵਾਈ 8 ਅਪਰੈਲ ਨੂੰ ਹੋਵੇਗੀ।

ਪੰਜਾਬ ਦੇ ਮੁੱਖ ਸਕੱਤਰ ਕੇ ਏ ਪੀ ਸਿਨਹਾ ਨੇ ਜਦੋਂ ਪਾਣੀਆਂ ਦੇ ਮਾਮਲੇ ਦਾ ਪਿਛੋਕੜ ਤਰਤੀਬਵਾਰ ਦੱਸਣਾ ਸ਼ੁਰੂ ਕੀਤਾ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਟੋਕਦਿਆਂ ਕਿਹਾ ਕਿ ਇਨ੍ਹਾਂ ਤੱਥਾਂ ਤੋਂ ਹੁਣ ਸਭ ਜਾਣੂ ਹੀ ਹਨ। ਮਾਨ ਅਤੇ ਨਾਇਬ ਸਿੰਘ ਸੈਣੀ ਨੇ ਮੀਟਿੰਗ ’ਚ ਕਿਹਾ ਕਿ ਇਸ ਮੁੱਦੇ ਦਾ ਪਿਆਰ ਨਾਲ ਹੱਲ ਕੱਢਣਾ ਹੈ ਅਤੇ ਦੋਵੇਂ ਸੂਬਿਆਂ ਦਾ ਮਾਹੌਲ ਖ਼ਰਾਬ ਨਹੀਂ ਕਰਨਾ। ਸੂਤਰ ਦੱਸਦੇ ਹਨ ਕਿ ਪਾਣੀਆਂ ਦੇ ਮੁੱਦੇ ’ਤੇ ਦੋਵੇਂ ਸੂਬਿਆਂ ਦੇ ਮੁੱਖ ਸਕੱਤਰ ਵੀ ਗੱਲਬਾਤ ਲਈ ਬੈਠ ਸਕਦੇ ਹਨ। ਮੀਟਿੰਗ ਮਗਰੋਂ ਦੋਵੇਂ ਮੁੱਖ ਮੰਤਰੀਆਂ ਨੇ ਸਾਂਝੀ ਪ੍ਰੈੱਸ ਕਾਨਫਰੰਸ ’ਚ ਕਿਹਾ ਕਿ ਗੱਲਬਾਤ ਸੁਖਾਵੇਂ ਮਾਹੌਲ ’ਚ ਹੋਈ ਹੈ ਅਤੇ ਇਸ ਦੇ ਨਤੀਜੇ ਸਾਰਥਿਕ ਨਿਕਲਣਗੇ।

ਮਾਨ ਨੇ ਕਿਹਾ ਕਿ ਇਸ ਮਾਮਲੇ ’ਚ ਕਿਸੇ ਦਾ ਹੱਕ ਨਹੀਂ ਮਰਨਾ ਚਾਹੀਦਾ। ਉਨ੍ਹਾਂ ਕਿਹਾ, ‘‘ਅਸੀਂ ਭਾਈ ਘਨ੍ਹੱਈਆ ਜੀ ਦੇ ਵਾਰਸ ਹਾਂ, ਜੋ ਜੰਗ ਦੇ ਮੈਦਾਨ ਵਿੱਚ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਉਂਦੇ ਸਨ। ਹਰਿਆਣਾ ਸਾਡਾ ਦੁਸ਼ਮਣ ਨਹੀਂ, ਭਰਾ ਹੈ।’’ ਉਨ੍ਹਾਂ ਕਿਹਾ ਕਿ ਪੰਜਾਬ ਹਰਿਆਣਾ ਦਾ ਵੱਡਾ ਭਰਾ ਹੋਣ ਦੇ ਨਾਤੇ ਗੁਆਂਢੀ ਸੂਬੇ ਨਾਲ ਕੋਈ ਵੈਰ ਵਿਰੋਧ ਨਹੀਂ ਚਾਹੁੰਦਾ। ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਪੁੱਛੇ ਸਵਾਲ ਦੇ ਜਵਾਬ ’ਚ ਉਨ੍ਹਾਂ ਕਿਹਾ ਕਿ ਪਹਿਲਾਂ ਪਾਣੀਆਂ ਦਾ ਫ਼ੈਸਲਾ ਤਾਂ ਕਰ ਲਈਏ, ਫਿਰ ਨਹਿਰ ਵੀ ਬਣਾ ਲਵਾਂਗੇ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਮੀਟਿੰਗ ਦੇ ਮਾਹੌਲ ਨੂੰ ਸੁਖਾਵਾਂ ਦੱਸਦਿਆਂ ਕਿਹਾ ਕਿ ਹੁਣ ਅਧਿਕਾਰੀ ਪੱਧਰ ਦੀ ਗੱਲਬਾਤ ਨਾਲ ਅੱਗੇ ਵਧਿਆ ਜਾਵੇਗਾ। ਮੀਟਿੰਗ ਵਿੱਚ ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਅਤੇ ਹਰਿਆਣਾ ਦੇ ਸਿੰਜਾਈ ਮੰਤਰੀ ਸ਼ਰੂਤੀ ਚੌਧਰੀ ਵੀ ਹਾਜ਼ਰ ਸਨ।

ਸਤਲੁਜ ਯਮੁਨਾ ਲਿੰਕ ਨਹਿਰ : ਇੱਕ ਨਜ਼ਰ

214 ਕਿਲੋਮੀਟਰ ਲੰਮੀ ਸਤਲੁਜ ਯਮੁਨਾ ਲਿੰਕ ਨਹਿਰ ਦਾ 122 ਕਿਲੋਮੀਟਰ ਹਿੱਸਾ ਪੰਜਾਬ ਵਿੱਚ ਪੈਂਦਾ ਹੈ, ਜਿਸ ਦੀ ਉਸਾਰੀ ਹਾਲੇ ਲਟਕੀ ਹੋਈ ਹੈ। 2002 ਵਿੱਚ ਸੁਪਰੀਮ ਕੋਰਟ ਨੇ ਪੰਜਾਬ ਨੂੰ ਪਾਣੀਆਂ ਦੇ ਸਮਝੌਤੇ ਮੁਤਾਬਕ ਨਹਿਰ ਬਣਾਉਣ ਦੇ ਹੁਕਮ ਦਿੱਤੇ ਸਨ, ਪਰ 2004 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 1981 ਦਾ ਸਮਝੌਤਾ ਰੱਦ ਕਰਨ ਦਾ ਕਾਨੂੰਨ ਪਾਸ ਕਰ ਦਿੱਤਾ ਸੀ, ਜਿਸ ਨੂੰ 2016 ਵਿੱਚ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਸੀ।

# ਬਰੈਂਪਟਨ ਵਿੱਚ ਕਾਰ ਐਕਸੀਡੈਂਟ ਜ਼ਿਆਦਾ ਹੋਣ ਦੇ ਕਾਰਨ



ਚਰਨ ਸਿੰਘ ਰਾਏ
MA,CAIB
416-400-9997

ਬਰੈਂਪਟਨ ਵਿੱਚ ਕਾਰ ਹਾਦਸਿਆਂ ਦੀ ਉੱਚ ਦਰ ਹੋਣ ਦੇ ਬਹੁਤ ਸਾਰੇ ਸੰਭਾਵਿਤ ਕਾਰਨ ਹਨ ਜਿਵੇਂ,

ਉੱਚ ਆਬਾਦੀ ਅਤੇ ਟਰੈਫ਼ਿਕ ਘਣਤਾ. ਬਰੈਂਪਟਨ ਕੈਨੇਡਾ ਦੇ ਸਭ ਤੋ ਤੇਜ਼ੀ ਨਾਲ ਵਧ ਰਹੇ ਅਤੇ ਸਭ ਤੋ ਵਿਭਿੰਨ ਸ਼ਹਿਰਾਂ ਵਿੱਚੋਂ ਇੱਕ ਹੈ, ਜਿਸ ਦੀ ਆਬਾਦੀ 600,000 ਤੋ ਵੱਧ ਹੈ। ਇਸ ਵਿੱਚ ਵੱਡੀ ਗਿਣਤੀ ਵਿੱਚ ਯਾਤਰੀ ਵੀ ਹਨ ਜੋ ਟੋਰਾਂਟੋ ਅਤੇ ਹੋਰ ਨੇੜਲੇ ਸ਼ਹਿਰਾਂ ਦੀ ਯਾਤਰਾ ਕਰਦੇ ਹਨ। ਇਸ ਦਾ ਮਤਲਬ ਇਹ ਹੈ ਕਿ ਸੜਕ ‘ਤੇ ਵਧੇਰੇ ਵਾਹਨ ਹਨ, ਖ਼ਾਸਕਰ ਪੀਕ ਘੰਟਿਆਂ ਦੌਰਾਨ, ਜੋ ਡਰਾਈਵਰਾਂ ਲਈ ਭੀੜ ਅਤੇ ਨਿਰਾਸ਼ਾ ਪੈਦਾ ਕਰਦਾ ਹੈ।

ਡਰਾਈਵਿੰਗ ਦੇ ਮਾੜੇ ਹੁਨਰ ਅਤੇ ਆਦਤਾਂ। ਬਰੈਂਪਟਨ ਵਿੱਚ ਬਹੁਤ ਸਾਰੇ ਡਰਾਈਵਰ ਘਟ ਤਜਰਬੇਕਾਰ, ਲਾਪਰਵਾਹ ਹਮਲਾਵਰ, ਧਿਆਨ ਭਟਕਾਉਣ ਵਾਲੇ ਹਨ। ਉਹ ਅਕਸਰ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਂਦੇ ਹਨ, ਲਾਲ ਲਾਈਟਾਂ ਟੱਪਦੇ ਹਨ, ਟੇਲ ਗੇਟ ਕਰਦੇ ਹਨ, ਬਿਨਾਂ ਸਿਗਨਲ ਦਿੱਤੇ ਲੇਨ ਬਦਲਦੇ ਹਨ, ਜਾਂ ਗੱਡੀ ਚਲਾਉਂਦੇ ਸਮੇਂ ਆਪਣੇ ਫ਼ੋਨ ਦੀ ਵਰਤੋ ਕਰਦੇ ਹਨ. ਇਹ ਵਿਵਹਾਰ ਟਕਰਾਅ ਅਤੇ ਸੜਕ ਦੇ ਜੋਖ਼ਮ ਨੂੰ ਵਧਾਉਂਦੇ ਹਨ।

ਬਰੈਂਪਟਨ ਵਿੱਚ ਮਾੜੀ ਡਰਾਈਵਿੰਗ ਦੀ ਨਿਗਰਾਨੀ ਕਰਨ ਅਤੇ ਰੋਕਣ ਲਈ ਪੁਲਿਸ ਅਧਿਕਾਰੀਆਂ ਅਤੇ ਟਰੈਫ਼ਿਕ ਕੈਮਰਿਆਂ ਦੀ ਘਾਟ ਹੈ। ਇਸ ਵਿੱਚ ਡਰਾਈਵਰ ਸਿੱਖਿਆ ਅਤੇ ਟੈਸਟਿੰਗ ਦੀ ਘੱਟ ਦਰ ਵੀ ਹੈ, ਜਿਸ ਦਾ ਮਤਲਬ ਹੈ ਕਿ ਬਹੁਤ ਸਾਰੇ ਡਰਾਈਵਰ ਸਹੀ ਤਰੀਕੇ ਨਾਲ ਸਿਖਲਾਈ ਪ੍ਰਾਪਤ ਜਾਂ ਲਾਇਸੰਸ ਸ਼ੁਦਾ ਨਹੀਂ ਹਨ. ਇਸ ਤੋ ਇਲਾਵਾ, ਕੁਝ ਡਰਾਈਵਰਾਂ ਨੂੰ ਸੜਕ ਦੇ ਨਿਯਮਾਂ ਜਾਂ ਉਨ੍ਹਾਂ ਨੂੰ ਤੋੜਨ ਦੇ ਨਤੀਜਿਆਂ ਬਾਰੇ ਪਤਾ ਨਹੀਂ ਹੋ ਸਕਦਾ ਹੈ.

ਪਾਰਕਿੰਗ ਹਾਦਸੇ। ਬਰੈਂਪਟਨ ਵਿੱਚ ਕਾਰ ਹਾਦਸਿਆਂ ਲਈ ਪਾਰਕਿੰਗ ਸਥਾਨ ਇੱਕ ਹੋਰ ਆਮ ਸਥਾਨ ਹਨ। ਉਹ ਅਕਸਰ ਭੀੜ-ਭੜੱਕੇ ਵਾਲੇ, ਮਾੜੇ ਡਿਜ਼ਾਈਨ ਵਾਲੇ, ਜਾਂ ਮਾੜੇ ਰੱਖ-ਰਖਾਅ ਵਾਲੇ ਹੁੰਦੇ ਹਨ, ਜਿਸ ਨਾਲ ਡਰਾਈਵਰਾਂ ਲਈ ਸੁਰੱਖਿਅਤ ਤਰੀਕੇ ਨਾਲ ਨੈਵੀਗੇਟ ਕਰਨਾ ਅਤੇ ਪਾਰਕ ਕਰਨਾ ਮੁਸ਼ਕਲ ਹੋ ਜਾਂਦਾ ਹੈ। ਉਨ੍ਹਾਂ ਕੋਲ ਬਹੁਤ ਸਾਰੇ ਸੰਭਾਵੀ ਖ਼ਤਰੇ ਵੀ ਹਨ, ਜਿਵੇਂ ਕਿ ਪੈਦਲ ਯਾਤਰੀ, ਸਾਈਕਲ ਸਵਾਰ, ਸ਼ਾਪਿੰਗ ਕਾਰਟ, ਮੀਡੀਅਨ, ਅਤੇ ਤੰਗ ਡਰਾਈਵਿੰਗ ਲੇਨਾਂ

ਇਹ ਕੁਝ ਕਾਰਨ ਹਨ ਜੋ ਬਰੈਂਪਟਨ ਵਿੱਚ ਕਾਰ ਹਾਦਸਿਆਂ ਦੀ ਉੱਚ ਬਾਰੰਬਾਰਤਾ ਵਿੱਚ ਯੋਗਦਾਨ ਪਾ ਰਹੇ ਹਨ। ਹਾਲਾਂਕਿ, ਹੋਰ ਕਾਰਨ ਹੋ ਸਕਦੇ ਹਨ ਜਿਨ੍ਹਾਂ ਦਾ ਇੱਥੇ ਜ਼ਿਕਰ ਨਹੀਂ ਕੀਤਾ ਗਿਆ ਹੈ. ਕਾਰ ਹਾਦਸਿਆਂ ਨੂੰ ਰੋਕਣ ਦਾ ਸਭ ਤੋ ਵਧੀਆ ਤਰੀਕਾ ਹੈ ਧਿਆਨ ਨਾਲ ਗੱਡੀ ਚਲਾਉਣਾ, ਸੜਕ ਦੇ ਨਿਯਮਾਂ ਦੀ ਪਾਲਣਾ ਕਰਨਾ, ਅਤੇ ਹੋਰ ਸੜਕ ਉਪਭੋਗਤਾਵਾਂ ਦਾ ਆਦਰ ਕਰਨਾ.

ਆਟੋਮੈਟਿਕ ਸਪੀਡ ਇਨਫੋਰਸਮੈਂਟ ਦੀ ਵਰਤੋ ਕਰੋ। ਬਰੈਂਪਟਨ ਸ਼ਹਿਰ ਨੇ ਤੇਜ਼ ਰਫ਼ਤਾਰ ਅਤੇ ਟਰੈਫ਼ਿਕ ਨਾਲ ਸਬੰਧਿਤ ਘਟਨਾਵਾਂ ਨੂੰ ਘਟਾਉਣ ਲਈ ਸਾਲਾਨਾ 200 ਥਾਵਾਂ ‘ਤੇ ਆਟੋਮੈਟਿਕ ਸਪੀਡ ਇਨਫੋਰਸਮੈਂਟ (ਏਐਸਈ) ਉਪਕਰਨ ਲਾਗੂ ਕੀਤੇ ਹਨ। ਏਐਸਈ ਉਪਕਰਨ ਉਹ ਕੈਮਰੇ ਹੁੰਦੇ ਹਨ ਜੋ ਪੋਸਟ ਕੀਤੀ ਗਤੀ ਸੀਮਾ ਤੋ ਵੱਧ ਵਾਹਨਾਂ ਦੀ ਗਤੀ ਅਤੇ ਲਾਇਸੈਂਸ ਪਲੇਟ ਨੂੰ ਕੈਪਚਰ ਕਰਦੇ ਹਨ ਅਤੇ ਰਜਿਸਟਰਡ ਮਾਲਕਾਂ ਨੂੰ ਜੁਰਮਾਨਾ ਜਾਰੀ ਕਰਦੇ ਹਨ। ਇਹ ਕਾਨੂੰਨ ਨੂੰ ਲਾਗੂ ਕਰਨ ਵਿੱਚ ਮਦਦ ਕਰ ਸਕਦਾ ਹੈ ਅਤੇ ਡਰਾਈਵਰਾਂ ਨੂੰ ਤੇਜ਼ ਰਫ਼ਤਾਰ ਤੋ ਨਿਰਾਸ਼ ਕਰ ਸਕਦਾ ਹੈ।

ਜਨਤਕ ਆਵਾਜਾਈ ‘ਤੇ ਵਿਚਾਰ ਕਰੋ। ਬਰੈਂਪਟਨ ਟਰਾਂਜ਼ਿਟ ਕਈ ਤਰ੍ਹਾਂ ਦੇ ਟਰਾਂਜ਼ਿਟ ਵਿਕਲਪਾਂ ਦੀ ਪੇਸ਼ਕਸ਼ ਕਰਦਾ ਹੈ ਜੋ ਹਰ ਰੋਜ਼ ਤੁਹਾਡੀ ਕਾਰ ਚਲਾਉਣ ਨਾਲੋਂ ਵਧੇਰੇ ਕਿਫ਼ਾਇਤੀ ਹੋ ਸਕਦੇ ਹਨ। ਜਨਤਕ ਆਵਾਜਾਈ ਲੈਣਾ ਤੁਹਾਡੀ ਡਰਾਈਵਿੰਗ ਅਤੇ ਹਾਦਸਿਆਂ ਦੇ ਸੰਭਾਵਿਤ ਜੋਖ਼ਮ ਨੂੰ ਘਟਾ ਸਕਦਾ ਹੈ, ਨਾਲ ਹੀ ਤੁਹਾਨੂੰ ਗੈਸ, ਪਾਰਕਿੰਗ ਅਤੇ ਬੀਮੇ ਦੇ ਪੈਸੇ ਬਚਾ ਸਕਦਾ ਹੈ. ਇਹ ਸ਼ਹਿਰ ਵਿੱਚ ਟਰੈਫ਼ਿਕ ਭੀੜ ਅਤੇ ਪ੍ਰਦੂਸ਼ਣ ਨੂੰ ਵੀ ਘਟਾ ਸਕਦਾ ਹੈ।

ਕਾਰ ਹਾਦਸਿਆਂ ਦੀ ਰਿਪੋਰਟ ਪੁਲਿਸ ਅਤੇ ਬੀਮੇ ਨੂੰ ਕਰੋ। ਕੁਝ ਡਰਾਈਵਰਾਂ ਨੂੰ ਦੁਰਘਟਨਾ ਦੀ ਰਿਪੋਰਟ ਕਰਨ ਦੀ ਪ੍ਰਕਿਰਿਆ ਨੂੰ ਛੱਡਣ ਅਤੇ ਪੁਲਿਸ ਜਾਂ ਬੀਮੇ ਨੂੰ ਸ਼ਾਮਲ ਨਾ ਕਰਨ ਦਾ ਲਾਲਚ ਹੋ ਸਕਦਾ ਹੈ, ਖ਼ਾਸਕਰ ਜੇ ਉਹ ਕਿਸੇ ਮਾਮੂਲੀ ਹਾਦਸੇ ਵਿੱਚ ਹਨ ਹਾਲਾਂਕਿ, ਇਹ ਜੋਖ਼ਮ ਭਰਿਆ ਅਤੇ ਗੈਰ-ਕਾਨੂੰਨੀ ਹੋ ਸਕਦਾ ਹੈ, ਕਿਉਂਕਿ ਇਹ ਬਾਅਦ ਵਿੱਚ ਹੋਰ ਉਲਝਣਾਂ ਜਾਂ ਵਿਵਾਦਾਂ ਦਾ ਕਾਰਨ ਬਣ ਸਕਦਾ ਹੈ. ਪੁਲਿਸ ਅਤੇ ਬੀਮੇ ਨੂੰ ਕਾਰ ਹਾਦਸਿਆਂ ਦੀ ਰਿਪੋਰਟ ਕਰਨਾ ਤੁਹਾਡੇ ਅਧਿਕਾਰਾਂ ਦੀ ਰੱਖਿਆ ਕਰਨ, ਸਬੂਤਾਂ ਦਾ ਦਸਤਾਵੇਜ਼ ਬਣਾਉਣ ਅਤੇ ਤੁਹਾਨੂੰ ਲੋੜੀਂਦੀ ਉਚਿਤ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦਾ ਹੈ।

ਇੱਕ ਕਾਰ ਦੁਰਘਟਨਾ ਦਾ ਤੁਹਾਡੇ ਕਾਰ ਬੀਮੇ ‘ਤੇ ਵੱਖੋ ਵੱਖਰੇ ਪ੍ਰਭਾਵ ਪੈ ਸਕਦੇ ਹਨ, ਇਹ ਇਸ ਗੱਲ ‘ਤੇ ਨਿਰਭਰ ਕਰਦਾ ਹੈ ਕਿ ਕਿਸ ਦੀ ਗ਼ਲਤੀ ਹੈ, ਦਾਅਵੇ ਦੀ ਲਾਗਤ, ਅਤੇ ਤੁਹਾਡਾ ਪਿਛਲਾ ਡਰਾਈਵਿੰਗ ਰਿਕਾਰਡ।

ਜੇ ਹਾਦਸੇ ਲਈ ਤੁਹਾਡੀ ਕੋਈ ਗ਼ਲਤੀ ਨਹੀਂ ਹੈ, ਤਾਂ ਹੋ ਸਕਦਾ ਹੈ ਤੁਹਾਡੀਆਂ ਕਾਰ ਬੀਮੇ ਦੀਆਂ ਦਰਾਂ ਬਿਲਕੁਲ ਨਾ ਬਦਲਣ। ਤੁਹਾਡੀ ਬੀਮਾ ਕੰਪਨੀ ਤੁਹਾਡੀ ਪਾਲਿਸੀ ਦੇ ਅਨੁਸਾਰ ਤੁਹਾਡੇ ਨੁਕਸਾਨਾਂ ਅਤੇ ਸੱਟਾਂ ਵਾਸਤੇ ਭੁਗਤਾਨ ਕਰੇਗੀ, ਅਤੇ ਤੁਹਾਨੂੰ ਕੋਈ ਕਟੌਤੀ ਯੋਗ ਭੁਗਤਾਨ ਨਹੀਂ ਕਰਨਾ ਪਵੇਗਾ1.

ਜੇ ਹਾਦਸੇ ਲਈ ਤੁਹਾਡੀ ਗ਼ਲਤੀ ਹੈ, ਤਾਂ ਤੁਹਾਡੀ ਪਾਲਿਸੀ ਦੇ ਮੁੜ ਸੁਰਜੀਤ ਹੋਣ ‘ਤੇ ਤੁਹਾਡੀਆਂ ਕਾਰ ਬੀਮੇ ਦੀਆਂ ਦਰਾਂ ਵਧ ਸਕਦੀਆਂ ਹਨ। ਵਾਧੇ ਦੀ ਰਕਮ ਇਸ ਗੱਲ ‘ਤੇ ਨਿਰਭਰ ਕਰੇਗੀ ਕਿ ਤੁਹਾਡਾ ਬੀਮਾ ਕਰਤਾ ਸਥਿਤੀ ਦਾ ਮੁਲਾਂਕਣ ਕਿਵੇਂ ਕਰਦਾ ਹੈ, ਜਿਵੇਂ ਕਿ ਹਾਦਸੇ ਦੀ ਤੀਬਰਤਾ, ਦਾਅਵੇ ਦੀ ਰਕਮ, ਅਤੇ ਤੁਹਾਡਾ ਡਰਾਈਵਿੰਗ ਇਤਿਹਾਸ। ਇਹ ਵਾਧਾ ਨੌਂ ਸਾਲਾਂ ਤੱਕ ਚੱਲ ਸਕਦਾ ਹੈ।

ਜੇ ਤੁਹਾਡੇ ਕੋਲ ਦੁਰਘਟਨਾ ਮੁਆਫ਼ੀ ਕਵਰੇਜ ਹੈ, ਤਾਂ ਹਾਦਸੇ ਦੇ ਨਤੀਜੇ ਵਜੋਂ ਤੁਹਾਡੀਆਂ ਕਾਰ ਬੀਮੇ ਦੀਆਂ ਦਰਾਂ ਵਿੱਚ ਵਾਧਾ ਨਹੀਂ ਹੋਵੇਗਾ, ਜਦੋਂ ਤੱਕ ਤੁਸੀਂ ਆਪਣੀ ਪਾਲਿਸੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਪੂਰਾ ਕਰਦੇ ਹੋ। ਇਹ ਇੱਕ ਲਾਭ ਹੈ ਜੋ ਕੁਝ ਬੀਮਾ ਕਰਤਾ ਚੰਗੇ ਡਰਾਈਵਰਾਂ ਨੂੰ ਇਨਾਮ ਦੇਣ ਦੀ ਪੇਸ਼ਕਸ਼ ਕਰਦੇ ਹਨ ਜਿਨ੍ਹਾਂ ਕੋਲ ਸਾਫ਼ ਡਰਾਈਵਿੰਗ ਰਿਕਾਰਡ ਹੈ।

ਜੇ ਤੁਸੀਂ ਥੋੜ੍ਹੇ ਸਮੇਂ ਦੇ ਅੰਦਰ ਕਈ ਹਾਦਸਿਆਂ ਵਿੱਚ ਸ਼ਾਮਲ ਹੋ ਜਾਂਦੇ ਹੋ, ਤਾਂ ਤੁਹਾਡੀਆਂ ਕਾਰ ਬੀਮਾ ਦਰਾਂ ਵਿੱਚ ਮਹੱਤਵਪੂਰਨ ਵਾਧਾ ਹੋ ਸਕਦਾ ਹੈ, ਜਾਂ ਤੁਹਾਡਾ ਬੀਮਾ ਕਰਤਾ ਤੁਹਾਡੀ ਪਾਲਿਸੀ ਨੂੰ ਰੱਦ ਜਾਂ ਨਵਿਆਉਣ ਤੋ ਇਨਕਾਰ ਕਰ ਸਕਦਾ ਹੈ. ਇਹ ਇਸ ਲਈ ਹੈ ਕਿਉਂਕਿ ਤੁਹਾਨੂੰ ਇੱਕ ਉੱਚ ਜੋਖ਼ਮ ਵਾਲਾ ਡਰਾਈਵਰ ਮੰਨਿਆ ਜਾਂਦਾ ਹੈ ਜੋ ਬੀਮਾ ਕਰਤਾ ਲਈ ਵਧੇਰੇ ਦੇਣਦਾਰੀ ਪੈਦਾ ਕਰਦਾ ਹੈ.ਇਹ ਕੁਝ ਤਰੀਕੇ ਹਨ ਜੋ ਕਾਰ ਹਾਦਸੇ ਤੁਹਾਡੇ ਕਾਰ ਬੀਮੇ ਨੂੰ ਪ੍ਰਭਾਵਿਤ ਕਰ ਸਕਦੇ ਹਨ। ਹਾਲਾਂਕਿ, ਸਹੀ ਪ੍ਰਭਾਵ ਤੁਹਾਡੀ ਵਿਸ਼ੇਸ਼ ਸਥਿਤੀ ਅਤੇ ਤੁਹਾਡੀ ਬੀਮਾ ਕੰਪਨੀ ਦੇ ਅਧਾਰ ਤੇ ਵੱਖੋ ਵੱਖਰੇ ਹੋਣਗੇ। ਕਾਰ ਹਾਦਸਿਆਂ ਅਤੇ ਉਨ੍ਹਾਂ ਦੇ ਨਤੀਜਿਆਂ ਤੋ ਬਚਣ ਦਾ ਸਭ ਤੋ ਵਧੀਆ ਤਰੀਕਾ ਸੁਰੱਖਿਅਤ ਢੰਗ ਨਾਲ ਗੱਡੀ ਚਲਾਉਣਾ ਅਤੇ ਸੜਕ ਦੇ ਨਿਯਮਾਂ ਦੀ ਪਾਲਣਾ ਕਰਨਾ ਹੈ। ਮੈਨੂੰ ਉਮੀਦ ਹੈ ਕਿ ਇਹ ਜਾਣਕਾਰੀ ਤੁਹਾਡੀ ਮਦਦ ਕਰੇਗੀ।

ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਜਾਂ ਹਰ ਤਰਾਂ ਦੀ ਇੰਸ਼ੋਰੈਂਸ ਜਿਵੇਂ ਕਾਰ,ਘਰ ਬਿਜ਼ਨਸ ਦੀ ਇੰਸ਼ੋਰੈਂਸ ਲਾਈਫ਼,ਡਿਸਬਿਲਟੀ,ਕਰੀਟੀਕਲ ਇਲਨੈਸ,ਵਿਜ਼ਟਰ ਜਾਂ ਸੁਪਰ ਵੀਜ਼ਾ ਇੰਸ਼ੋਰੈਂਸ ਜਾਂ ਆਰ ਆਰ ਐੱਸ ਪੀ ਜਾਂ ਆਰ ਈ ਐੱਸ ਪੀ ਲੈਣ ਲਈ ਤੁਸੀਂ ਮੈਨੂੰ 416-400-9997 ਤੇ ਕਾਲ ਕਰ ਸਕਦੇ ਹੋ।

ਜੇ ਨਵੇਂ ਡਰਾਈਵਰਾਂ ਦੀ ਇੰਸ਼ੋਰੈਂਸ ਬਹੁਤ ਮਹਿੰਗੀ ਹੈ ਜਾਂ ਹਾਈ ਰਿਸਕ ਡਰਾਈਵਰਾਂ ਨੂੰ ਇੰਸ਼ੋਰੈਂਸ ਮਿਲ ਨਹੀਂ ਰਹੀ ਜਾਂ

ਜੇ ਤੁਹਾਡੇ ਕੋਲ ਦੋ ਜਾਂ ਵੱਧ ਕਾਰਾਂ ਹਨ ਅਤੇ 7 ਲੱਖ ਤੋ ਉਪਰ ਘਰ ਹੈ ਤਾਂ ਮੈਂ ਤੁਹਾਨੂੰ ਬਹੁਤ ਹੀ ਵਧੀਆ ਰੇਟ ਦੇ ਸਕਦਾ ਹਾਂ।

ਤੁਸੀਂ ਮੈਨੂੰ 416-400-9997 ਤੇ ਕਾਲ ਕਰ ਸਕਦੇ ਹੋ।

# ਕੈਨੇਡਾ: ਨਿਜੀ ਦੁਸ਼ਮਣੀ ਨੇ ਕਤਲ ਕਾਰਵਾਇਆ ਪੰਜਾਬੀ

## ਬੇਸਮੈਂਟ ਵਿਚ ਰਹਿੰਦੇ 3 ਪੰਜਾਬੀਆਂ ‘ਤੇ ਚੱਲੀਆਂ ਸਨ ਗੋਲੀਆਂ

ਸਰੀ, 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਜਬਰੀ ਵਸੂਲੀ ਅਤੇ ਗੈਂਗਵਾਰ ਦੀਆਂ ਵਾਰਦਾਤਾਂ ਤੋਂ ਬਾਅਦ ਨਿਜੀ ਦੁਸ਼ਮਣੀ ਪੰਜਾਬੀਆਂ ਦੀ ਜਾਨ ਦਾ ਖੌਅ ਬਣਦੀ ਨਜ਼ਰ ਆ ਰਹੀ ਹੈ। ਜੀ ਹਾਂ, ਸਰੀ ਵਿਖੇ ਸ਼ਨਿੱਚਰਵਾਰ ਨੂੰ ਹੋਈ ਵਾਰਦਾਤ ਪੰਜਾਬੀ ਨੌਜਵਾਨਾਂ ਦੀ ਆਪਸੀ ਖਿੱਚੋਤਾਣ ਦਾ ਸਿੱਟਾ ਦੱਸੀ ਜਾ ਰਹੀ ਹੈ ਜਿਸ ਦੌਰਾਨ ਇਕ ਜਣਾ ਦਮ ਤੋੜ ਗਿਆ ਜਦਕਿ ਦੂਜਾ ਜ਼ਿੰਦਗੀ ਲਈ ਸੰਘਰਸ਼ ਕਰ ਰਿਹਾ ਹੈ। ਕਾਨੂੰਨ ਤੋਂ ਬੇਖ਼ੌਫ਼ ਹਮਲਾਵਰਾਂ ਨੇ ਸੰਘਣੀ ਵਸੋਂ ਵਾਲੇ ਇਲਾਕੇ ਦੀ ਬੇਸਮੈਂਟ ਵਿਚ ਦਾਖਲ ਹੋ ਕੇ ਗੋਲੀਆਂ ਚਲਾਈਆਂ। ਪੁਲਿਸ ਵੱਲੋਂ ਫ਼ਿਲਹਾਲ ਗੋਲੀਬਾਰੀ ਦੌਰਾਨ ਮਾਰੇ ਗਏ ਨੌਜਵਾਨ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਪਰ ਇਹ ਸਪੱਸ਼ਟ ਹੋ ਗਿਆ ਹੈ ਕਿ ਬੇਸਮੈਂਟ ਵਿਚ ਰਹਿ ਰਹੇ ਤਿੰਨੇ ਨੌਜਵਾਨ ਪੰਜਾਬੀ ਸਨ ਅਤੇ ਹਮਲਾਵਰਾਂ ਨਾਲ ਕਿਸੇ ਗੱਲ ‘ਤੇ ਅਤੀਤ ਵਿਚ ਝਗੜਾ ਹੋਇਆ। ਦੂਜੇ ਪਾਸੇ ਪੁਲਿਸ ਨੇ ਸਰੀ ਦੇ ਸੀਡਰ ਹਿਲ ਇਲਾਕੇ ਵਿਚ ਇਕ ਘਰ ਕਈ ਘੰਟੇ ਤੱਕ ਘੇਰੀ ਰੱਖਿਆ। ਮੰਨਿਆ ਜਾ ਰਿਹਾ ਹੈ ਕਿ ਗੋਲੀਬਾਰੀ ਦੇ ਸ਼ੱਕੀ ਇਥੇ ਮੌਜੂਦ ਹੋ ਸਕਦੇ ਹਨ। ਇਹ ਵਾਰਦਾਤ ਨਾ ਐਕਸਟੌਰਸ਼ਨ ਨਾਲ ਸਬੰਧਤ ਹੈ ਅਤੇ ਨਾ ਹੀ ਗੈਂਗਵਾਰ ਨਾਲ ਇਸ ਦਾ ਕੋਈ ਸਬੰਧਤ ਦੱਸਿਆ ਗਿਆ ਹੈ। ਆਈ ਹਿਟ ਦੀ ਸਾਰਜੈਂਟ ਫਰੈਡਾ ਫ਼ੌਂਗ ਨੇ ਦੱਸਿਆ ਕਿ ਸ਼ੱਕੀ ਅਤੇ ਪੀੜਤ ਇਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਪਰ ਵਾਰਦਾਤ ਦੇ ਕਾਰਨਾਂ ਬਾਰੇ ਕੋਈ ਜ਼ਿਕਰ ਨਾ ਕੀਤਾ। ਉਨ੍ਹਾਂ ਕਿਹਾ ਕਿ ਰਿਹਾਇਸ਼ੀ ਇਲਾਕਿਆਂ ਵਿਚ ਗੋਲੀਬਾਰੀ ਦੀਆਂ ਜਾਨਲੇਵਾ ਵਾਰਦਾਤਾਂ ਲੋਕਾਂ ਅੰਦਰ ਡੂੰਘੀਆਂ ਚਿੰਤਾਵਾਂ ਪੈਦਾ ਕਰਦੀਆਂ ਹਨ ਅਤੇ ਇਸ ਮਾਮਲੇ ਦੀ ਪੜਤਾਲ ਨੂੰ ਅੱਗੇ ਵਧਾਉਂਦਿਆਂ ਆਂਢ-ਗੁਆਂਢ ਦੇ ਲੋਕਾਂ ਤੋਂ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਜਾਂਚਕਰਤਾਵਾਂ ਨੇ 91 ਐਵੇਨਿਊ ਦੇ 12500 ਬਲਾਕ ਵਿਚ ਰਹਿੰਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਸ਼ਨਿੱਚਰਵਾਰ ਸਵੇਰੇ ਸਾਢੇ ਤਿੰਨ ਵਜੇ ਤੋਂ ਸਾਢੇ ਪੰਜ ਵਜੇ ਤੱਕ ਦੀ ਸੀ.ਸੀ.ਟੀ.ਵੀ. ਫੁਟੇਜ ਜਾਂ ਡੈਸ਼ਕੈਮ ਫੁਟੇਜ ਹੋਵੇ ਤਾਂ ਆਈ ਇਟ ਦੇ ਇਨਫ਼ਰਮੇਸ਼ਨ ਲਾਈਨ 1877 551 4448 ‘ਤੇ ਸੰਪਰਕ ਕੀਤਾ ਜਾ ਸਕਦਾ ਹੈ। ਦੂਜੇ ਪਾਸੇ ਉਨਟਾਰੀਓ ਦੇ ਲੰਡਨ ਸ਼ਹਿਰ ਵਿਚ ਗੋਲੀਆਂ ਚੱਲਣ ਅਤੇ ਇਕ ਜਣੇ ਦੀ ਮੌਤ ਬਾਰੇ ਰਿਪੋਰਟ ਸਾਹਮਣੇ ਆਈ ਹੈ। ਪੁਲਿਸ ਨੇ ਦੱਸਿਆ ਕਿ ਪੈਰਾਮੈਡਿਕਸ ਨੂੰ ਐਤਵਾਰ ਸਵੇਰੇ ਤਕਰੀਬਨ 4 ਵਜੇ ਡੰਡਾਸ ਸਟ੍ਰੀਟ ਦੇ 700 ਬਲਾਕ ਵਿਚ ਸੱਦਿਆ ਗਿਆ। ਡਿਟੈਕਟਿਕ ਇੰਸਪੈਕਟਰ ਐਡਮ ਸਟੀਲ ਮੁਤਾਬਕ ਮੌਕੇ ‘ਤੇ ਪੁੱਜੇ ਅਫ਼ਸਰਾਂ ਨੂੰ ਦੋ ਜਣੇ ਜ਼ਖਮੀ ਹਾਲਤ ਵਿਚ ਮਿਲੇ ਜਿਨ੍ਹਾਂ ਵਿਚੋਂ ਇਕ ਮੌਕੇ ‘ਤੇ ਹੀ ਦਮ ਤੋੜ ਗਿਆ ਜਦਕਿ ਦੂਜੇ ਨੂੰ ਲੰਡਨ ਹੈਲਥ ਸਾਇੰਸਿਜ਼ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ। ਵਾਰਦਾਤ ਮਗਰੋਂ ਹੈਵਿਟ ਸਟ੍ਰੀਟ ਵਿਖੇ ਵੱਡੀ ਗਿਣਤੀ ਵਿਚ ਪੁਲਿਸ ਅਫ਼ਸਰ ਪੜਤਾਲ ਕਰਦੇ ਨਜ਼ਰ ਆਏ ਜਿਨ੍ਹਾਂ ਵੱਲੋਂ ਸ਼ੱਕੀਆਂ ਦੀ ਪੈੜ ਨੱਪਣ ਦੇ ਯਤਨ ਕੀਤੇ ਜਾ ਰਹੇ ਹਨ। ਗੋਲੀਬਾਰੀ ਦੀ ਤਾਜ਼ਾ ਵਾਰਦਾਤ 2026 ਦੌਰਾਨ ਲੰਡਨ ਸ਼ਹਿਰ ਵਿਖੇ ਪਹਿਲੇ ਕਤਲ ਵਾਲੀ ਥਾਂ ਤੋਂ ਕੁਝ ਕਦਮ ਦੂਰ ਵਾਪਰੀ। ਦੱਸ ਦੇਈਏ ਕਿ ਲੰਡਨ ਅਪਾਰਟਮੈਂਟ ਕੰਪਲੈਕਸ ਵਿਚ 45 ਸਾਲ ਦੇ ਇਕ ਸ਼ਖਸ ਦਾ ਛੁਰੇ ਮਾਰ ਕੇ ਕਤਲ ਕਰ ਦਿਤਾ ਗਿਆ ਅਤੇ ਪੁਲਿਸ ਨੇ 38 ਸਾਲ ਦੇ ਸ਼ੱਕੀ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ।




# ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਮਾਰਚ ਵਿੱਚ ਭਾਰਤ ਦਾ ਦੌਰਾ ਕਰਨਗੇ

ਓਟਵਾ, 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਮਾਰਚ ਦੇ ਪਹਿਲੇ ਹਫ਼ਤੇ ਭਾਰਤ ਦਾ ਦੌਰਾ ਕਰਨ ਲਈ ਤਿਆਰ ਹਨ। ਇਸ ਦੌਰਾਨ ਦੋਵੇਂ ਦੇਸ਼ ਆਪਣੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਮਾਮਲਿਆਂ ’ਤੇ ਗੱਲਬਾਤ ਕਰਨਗੇ ਤੇ ਸਮਝੌਤੇ ਸਹੀਬੰਦ ਕਰਨਗੇ। ਕੈਨੇਡਾ ਦੇ ਪ੍ਰਧਾਨ ਮੰਤਰੀ ਦੀ ਯਾਤਰਾ ਦੌਰਾਨ ਯੂਰੇਨੀਅਮ, ਊਰਜਾ, ਖਣਿਜ ਅਤੇ ਮਸਨੂਈ ਬੌਧਿਕਤਾ ਦੇ ਮਾਮਲਿਆਂ ’ਤੇ ਸਮਝੌਤਿਆਂ ’ਤੇ ਦਸਤਖਤ ਹੋਣਗੇ। ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਦਿਨੇਸ਼ ਪਟਨਾਇਕ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਕੈਨੇਡਾ ਦੇ ਊਰਜਾ ਮੰਤਰੀ ਟਿਮ ਹਾਜਸਨ ਇਸ ਹਫ਼ਤੇ ਭਾਰਤ ਦਾ ਦੌਰਾ ਕਰ ਰਹੇ ਹਨ, ਜਿਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਪ੍ਰਧਾਨ ਮੰਤਰੀ ਕਾਰਨੀ ਭਾਰਤ ਦਾ ਦੌਰਾ ਕਰਨਗੇ ਪਰ ਇਸ ਸਬੰਧੀ ਹਾਲੇ ਤਕ ਅਧਿਕਾਰਤ ਤੌਰ ’ਤੇ ਤਰੀਕ ਨਹੀਂ ਐਲਾਨੀ ਗਈ। ਹਾਜਸਨ ਨੇ ਕਿਹਾ, ‘ਇਸ ਸਾਲ ਕਿਸੇ ਸਮੇਂ ਪ੍ਰਧਾਨ ਮੰਤਰੀ ਮਾਰਕ ਕਾਰਨ ਦੇ ਦੌਰੇ ਦੀ ਯੋਜਨਾ ਹੈ। ਇਸ ਸਬੰਧੀ ਅਸੀਂ ਪਹਿਲਾਂ ਭਾਰਤ ਦਾ ਦੌਰਾ ਕਰ ਕੇ ਖਾਕਾ ਤਿਆਰ ਕਰੇਗਾ ਤੇ ਸਾਡੇ ਕੰਮ ਦੀ ਚਾਲ ਤੋਂ ਬਾਅਦ ਹੀ ਪ੍ਰਧਾਨ ਮੰਤਰੀ ਦੇ ਦੌਰੇ ਦੀ ਤਰੀਕ ਐਲਾਨੀ ਜਾਵੇਗੀ। ਗਲੋਬ ਐਂਡ ਮੇਲ ਨੇ ਰਾਇਟਰਜ਼ ਦੇ ਹਵਾਲੇ ਨਾਲ ਕਿਹਾ ਹੈ ਕਿ ਭਾਰਤ ਨਾਲ ਇੱਕ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ ਲਈ ਰਸਮੀ ਗੱਲਬਾਤ ਵੀ ਮਾਰਚ ਵਿੱਚ ਸ਼ੁਰੂ ਹੋਵੇਗੀ। ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪਹਿਲਾਂ ਕਿਹਾ ਸੀ ਕਿ ਦੋ ਸਾਲਾਂ ਦੇ ਤਣਾਅਪੂਰਨ ਸਬੰਧਾਂ ਮਗਰੋਂ ਕੈਨੇਡਾ ਤੇ ਭਾਰਤ ਵਪਾਰ ਸਮਝੌਤੇ ਨੂੰ ਅੱਗੇ ਵਧਾਉਣ ਲਈ ਤੇਜ਼ੀ ਨਾਲ ਕੰਮ ਕਰਨਗੇ। ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਵਿਚ ਜੀ20 ਸਿਖਰ ਵਾਰਤਾ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਦਰਮਿਆਨ ਮੀਟਿੰਗ ਹੋਈ ਸੀ।

# ਭਾਰਤ ਦਾ ਪਾਕਿ ਨੂੰ ਕਰਾਰਾ ਜਵਾਬ: ਅਤਿਵਾਦ ਦੀ ਸਰਕਾਰੀ ਨੀਤੀ ਵਜੋਂ ਵਰਤੋਂ ਬਰਦਾਸ਼ਤ ਕਰਨਾ ਸਾਧਾਰਨ ਗੱਲ ਨਹੀਂ

ਸੰਯੁਕਤ ਰਾਸ਼ਟਰ, 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (UNSC) ਵਿੱਚ ਸਖ਼ਤ ਸ਼ਬਦਾਂ ’ਚ ਦਿੱਤੇ ਜਵਾਬ ਵਿੱਚ ਭਾਰਤ ਨੇ ਕਿਹਾ ਹੈ ਕਿ ਪਾਕਿਸਤਾਨ ਵੱਲੋਂ ਅਤਿਵਾਦ ਨੂੰ ਰਾਜ ਦੀ ਨੀਤੀ ਦੇ ਇੱਕ ਸਾਧਨ ਵਜੋਂ ਲਗਾਤਾਰ ਵਰਤਣਾ ਬਰਦਾਸ਼ਤ ਕਰਨਾ ਸਾਧਾਰਨ ਗੱਲ ਨਹੀਂ ਹੈ ਅਤੇ ਨਵੀਂ ਦਿੱਲੀ ਨੇ ‘ਅਪਰੇਸ਼ਨ ਸਿੰਧੂਰ’ ਬਾਰੇ ਇਸਲਾਮਾਬਾਦ ਦੇ ਦੂਤ ਵੱਲੋਂ ਪੇਸ਼ ਕੀਤੇ ਗਏ ‘ਝੂਠੇ ਅਤੇ ਸਵਾਰਥੀ’ ਬਿਰਤਾਂਤ ਦਾ ਮੂੰਹਤੋੜ ਜਵਾਬ ਦਿੱਤਾ ਹੈ।



ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਪ੍ਰਤੀਨਿਧ ਰਾਜਦੂਤ ਪਰਵਥਾਨੇਨੀ ਹਰੀਸ਼ ਨੇ ਪਾਕਿਸਤਾਨੀ ਰਾਜਦੂਤ ਆਸਿਮ ਇਫ਼ਤਿਖਾਰ ਅਹਿਮਦ ਦੀਆਂ ਟਿੱਪਣੀਆਂ ‘ਤੇ ਤਿੱਖਾ ਪਲਟਵਾਰ ਕੀਤਾ। ਹਰੀਸ਼ ਨੇ ਕਿਹਾ ਕਿ ਸੁਰੱਖਿਆ ਕੌਂਸਲ ਦਾ ਚੁਣਿਆ ਹੋਇਆ ਮੈਂਬਰ ਹੋਣ ਦੇ ਨਾਤੇ ਪਾਕਿਸਤਾਨ ਦਾ ਸਿਰਫ਼ ਇੱਕ ਹੀ ਨੁਕਾਤੀ ਏਜੰਡਾ ਹੈ - ਭਾਰਤ ਅਤੇ ਇਸਦੇ ਲੋਕਾਂ ਨੂੰ ਨੁਕਸਾਨ ਪਹੁੰਚਾਉਣਾ। ਉਨ੍ਹਾਂ ਸਪੱਸ਼ਟ ਕੀਤਾ ਕਿ ਅਤਿਵਾਦ ਨੂੰ ਕਦੇ ਵੀ ਸਾਧਾਰਨ ਨਹੀਂ ਬਣਾਇਆ ਜਾ ਸਕਦਾ ਜਿਵੇਂ ਕਿ ਪਾਕਿਸਤਾਨ ਚਾਹੁੰਦਾ ਹੈ ਅਤੇ ਭਾਰਤ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਜ਼ਰੂਰੀ ਕਦਮ ਚੁੱਕੇਗਾ।

ਹਰੀਸ਼ ਨੇ ਪਾਕਿਸਤਾਨੀ ਦੂਤ ਵੱਲੋਂ ਪਿਛਲੇ ਸਾਲ ਮਈ ਵਿੱਚ ਭਾਰਤ ਵੱਲੋਂ ਚਲਾਏ ਗਏ ‘ਅਪਰੇਸ਼ਨ ਸਿੰਧੂਰ’ ਬਾਰੇ ਦਿੱਤੇ ਗਏ ਗਲਤ ਵੇਰਵਿਆਂ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਕਾਰਵਾਈ ਅਪਰੈਲ 2025 ਵਿੱਚ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਦੇ ਜਵਾਬ ਵਿੱਚ ਕੀਤੀ ਗਈ ਸੀ, ਜਿਸ ਵਿੱਚ 26 ਨਿਰਦੋਸ਼ ਨਾਗਰਿਕ ਮਾਰੇ ਗਏ ਸਨ।

ਉਨ੍ਹਾਂ ਦੱਸਿਆ ਕਿ ਭਾਰਤ ਦੀ ਕਾਰਵਾਈ ਨਪੀ-ਤੁਲੀ ਅਤੇ ਜ਼ਿੰਮੇਵਾਰ ਸੀ ਜਿਸਦਾ ਉਦੇਸ਼ ਅਤਿਵਾਦੀ ਢਾਂਚੇ ਨੂੰ ਨਸ਼ਟ ਕਰਨਾ ਸੀ ਅਤੇ ਇਸ ਕਾਰਵਾਈ ਕਾਰਨ ਹੋਏ ਨੁਕਸਾਨ ਤੋਂ ਬਾਅਦ 10 ਮਈ ਨੂੰ ਪਾਕਿਸਤਾਨੀ ਫ਼ੌਜ ਨੇ ਖੁਦ ਭਾਰਤੀ ਫ਼ੌਜ ਨੂੰ ਫੋਨ ਕਰਕੇ ਲੜਾਈ ਰੋਕਣ ਦੀ ਅਪੀਲ ਕੀਤੀ ਸੀ।

ਜੰਮੂ-ਕਸ਼ਮੀਰ ਦੇ ਮੁੱਦੇ ‘ਤੇ ਭਾਰਤ ਨੇ ਮੁੜ ਦੁਹਰਾਇਆ ਕਿ ਇਹ ਭਾਰਤ ਦਾ ਅਟੁੱਟ ਅੰਗ ਹੈ ਅਤੇ ਪਾਕਿਸਤਾਨ ਨੂੰ ਭਾਰਤ ਦੇ ਅੰਦਰੂਨੀ ਮਾਮਲਿਆਂ ‘ਤੇ ਟਿੱਪਣੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

# ਕੈਨੇਡਾ ਵਿਚ ਗੁਰਦਵਾਰਾ ਸਾਹਿਬ ਦੇ ਵਿਸਤਾਰ ’ਤੇ ਵਿਵਾਦ

## ਓਕਵਿਲ ਦੇ ਕੁਝ ਕੌਂਸਲਰ ਕਰ ਰਹੇ ਵਿਰੋਧ

ਓਕਵਿਲ, 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਉਨਟਾਰੀਓ ਦੇ ਓਕਵਿਲ ਸ਼ਹਿਰ ਵਿਚ ਗੁਰਦਵਾਰਾ ਸਾਹਿਬ ਦਾ ਵਿਸਤਾਰ ਦਾ ਕੁਝ ਕੌਂਸਲਰਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਮਤੇ ਨੂੰ ਪ੍ਰਵਾਨਗੀ ਦਾ ਮੁੱਦਾ ਅਗਲੇ ਮਹੀਨੇ ਹੋਣ ਵਾਲੀ ਮੀਟਿੰਗ ਤੱਕ ਲਟਕ ਗਿਆ ਹੈ। ਸ਼ਹਿਰ ਦੇ 2403 ਖ਼ਾਲਸਾ ਗੇਟ ‘ਤੇ ਸਥਿਤ ਓਕਵਿਲ ਸਿੱਖ ਕਲਚਰਲ ਐਸੋਸੀਏਸ਼ਨ ਆਪਣੀ ਇਮਾਰਤ ਦੇ ਘੇਰੇ ਵਿਚ 2 ਹਜ਼ਾਰ ਵਰਗ ਮੀਟਰ ਦਾ ਵਾਧਾ ਕਰਨਾ ਚਾਹੁੰਦੀ ਹੈ। ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਮੌਜੂਦ 520 ਵਰਗ ਮੀਟਰ ਵਿਚ ਬਣੀ ਇਮਾਰਤ ਸੰਗਤ ਦੀ ਗਿਣਤੀ ਨੂੰ ਵੇਖਦਿਆਂ ਪੂਰੀ ਨਹੀਂ ਪੈ ਰਹੀ। ਕਲਚਰਲ ਐਸੋਸੀਏਸ਼ਨ ਗੁਰਦਵਾਰਾ ਸਾਹਿਬ ਦੀ ਪਾਰਕਿੰਗ ਦਾ ਵੀ ਵਿਸਤਾਰ ਚਾਹੁੰਦੀ ਹੈ ਤਾਂਕਿ 231 ਗੱਡੀਆਂ ਪਾਰਕ ਕਰਨ ਦੀ ਸਪੇਸ ਤਿਆਰ ਕੀਤੀ ਜਾ ਸਕੇ। ਟਾਊਨ ਪਲੈਨਰ ਵੱਲੋਂ ਗੁਰਦਵਾਰਾ ਸਾਹਿਬ ਦੇ ਵਿਸਤਾਰ ਨਾਲ ਸਬੰਧਤ ਯੋਜਨਾ ਨੂੰ ਹਰੀ ਝੰਡੀ ਦੇ ਦਿਤੀ ਗਈ ਪਰ ਵਾਰਡ 4 ਤੋਂ ਕੌਂਸਲਰ ਐਲਨ ਐਲਗਰ ਵੱਲੋਂ ਅਰਜ਼ੀ ਨੂੰ ਪ੍ਰਵਾਨਗੀ ਲਈ ਵੋਟਿੰਗ ਅੱਗੇ ਪਾਉਣ ਦਾ ਸੱਦਾ ਦਿਤਾ ਗਿਆ। ਸ਼ਹਿਰ ਦੇ ਵਸਨੀਕ ਗੁਲਾਮ ਸਾਬਿਰ ਅਤੇ ਹਿਨਾ ਸਾਬਿਰ ਨੇ ਲਿਖਤੀ ਤੌਰ ‘ਤੇ ਕਿਹਾ ਹੈ ਕਿ ਗੁਰਦਵਾਰਾ ਸਾਹਿਬ ਦੀ ਇਮਾਰਤ ਵਿਚ ਵਿਸਤਾਰ ਨਾਲ ਕਈ ਸਮੱਸਿਆਵਾਂ ਪੈਦਾ ਹੋਣਗੀਆਂ। ਉਨ੍ਹਾਂ ਦੀ ਦਲੀਲ ਹੈਕਿ ਐਤਵਾਰ ਨੂੰ ਗੁਰਦਵਾਰਾ ਸਾਹਿਬ ਵਿਚ ਪਾਰਕਿੰਗ ਵਾਸਤੇ ਥਾਂ ਨਹੀਂ ਹੁੰਦੀ ਅਤੇ ਗੱਡੀਆਂ ਸੜਕਾਂ ‘ਤੇ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਹੁਣ 17 ਫ਼ਰਵਰੀ ਨੂੰ ਵੋਟਿੰਗ ਹੋਵੇਗੀ ਜਿਸ ਦੌਰਾਨ ਗੁਰਦਵਾਰਾ ਸਾਹਿਬ ਦੀ ਇਮਾਰਤ ਨੂੰ ਵਿਸਤਾਰ ਲਈ ਹਰੀ ਝੰਡੀ ਦਿਤੀ ਜਾ ਸਕਦੀ ਹੈ।



# ਇੰਮੀਗ੍ਰੇਸ਼ਨ ਅਫ਼ਸਰਾਂ ਦੇ ਹੋਟਲ ’ਤੇ ਵਿਖਾਵਾਕਾਰੀਆਂ ਨੇ ਬੋਲਿਆ ਧਾਵਾ

## ਵੱਡੇ ਪੱਧਰ ‘ਤੇ ਕੀਤੀ ਭੰਨ-ਤੋੜ, 2 ਜਣੇ ਗ੍ਰਿਫ਼ਤਾਰ

ਮਿਨੀਆਪੋਲਿਸ, 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਇੰਮੀਗ੍ਰੇਸ਼ਨ ਏਜੰਟਾਂ ਦੀ ਧੱਕੇਸ਼ਾਹੀ ਤੋਂ ਅੱਕੇ ਵਿਖਾਵਾਕਾਰੀਆਂ ਨੇ ਮਿਨੇਸੋਟਾ ਦੇ ਉਸ ਹੋਟਲ ਵਿਚ ਵੱਡੇ ਪੱਧਰ ‘ਤੇ ਭੰਨ-ਤੋੜ ਕੀਤੀ ਜਿਥੇ ਫ਼ੈਡਰਲ ਅਫ਼ਸਰ ਠਹਿਰੇ ਹੋਏ ਸਨ। 37 ਸਾਲਾ ਆਈ.ਸੀ.ਯੂ. ਨਰਸ ਦੀ ਬਾਰਡਰ ਏਜੰਟਾਂ ਵੱਲੋਂ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਇਕ ਦਿਨ ਬਾਅਦ ਬੋਲੇ ਧਾਵੇ ਦੌਰਾਨ ਮੁਜ਼ਾਹਰਾਕਾਰੀਆਂ ਨੇ ਸ਼ੀਸ਼ੇ ਤੋੜ ਦਿਤੇ ਅਤੇ ਹਰ ਪਾਸੇ ਪੇਂਟ ਸਪ੍ਰੇਅ ਕਰਨ ਲੱਗੇ। ਕੁਝ ਲੋਕ ਅੰਦਰ ਦਾਖਲ ਹੋ ਗਏ ਜਦਕਿ ਕੁਝ ਮਿਨੀਆਪੋਲਿਸ ਦੇ ਹਿਲਟਨ ਹੋਟਲ ਦੇ ਬਾਹਰ ਖੜ੍ਹੇ ਹੋ ਕੇ ਨਾਹਰੇਬਾਜ਼ੀ ਕਰ ਰਹੇ ਸਨ। ਭੀੜ ਨੇ ਹੋਟਲ ਦੇ ਮੁੱਖ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਣ ਦਾ ਯਤਨ ਕੀਤਾ ਪਰ ਅਸਫ਼ਲ ਰਹੇ ਅਤੇ ਭੰਨ ਤੋੜ ਦਾ ਸਿਲਸਿਲਾ ਇਕ ਘੰਟੇ ਤੱਕ ਜਾਰੀ ਰਿਹਾ। ਹਾਲਾਤ ਬੇਕਾਬੂ ਹੁੰਦੇ ਵੇਖ ਲਾਅ ਐਨਫ਼ੋਰਸਮੈਂਟ ਅਫ਼ਸਰਾਂ ਨੇ ਮੋਰਚਾ ਸੰਭਾਲ ਲਿਆ ਅਤੇ ਹੰਝੂ ਗੈਸ ਦੇ ਗੋਲੇ ਦਾਗਣ ਲੱਗੇ। ਸੋਸ਼ਲ ਮੀਡੀਆ ‘ਤੇ ਵਾਇਰਲ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਘੱਟੋ ਘੱਟ ਦੋ ਵਿਖਾਵਾਕਾਰੀਆਂ ਨੇ ਫ਼ੈਡਰਲ ਏਜੰਟਾਂ ਨੇ ਹਿਰਾਸਤ ਵਿਚ ਲੈ ਲਿਆ। ਇਸੇ ਦੌਰਾਨ ਇਕ ਫ਼ੈਡਰਲ ਏਜੰਟ ਭੀੜ ਨੂੰ ਸ਼ਾਂਤ ਕਰਨ ਦੇ ਯਤਨ ਕਰਦਾ ਨਜ਼ਰ ਆਇਆ ਜਦਕਿ ਉਸ ਦੇ ਚਿਹਰੇ ਤੋਂ ਲਹੂ ਵਗ ਰਿਹਾ ਸੀ। ਇਥੇ ਦਸਣਾ ਬਣਦਾ ਹੈ ਕਿ ਹੋਟਲ ਹਿਲਟਨ, ਯੂਨੀਵਰਸਿਟੀ ਆਫ਼ ਮਿਨੇਸੋਟਾ ਦੇ ਕੈਂਪਸ ਤੋਂ ਕੁਝ ਮਿੰਟ ਦੀ ਦੂਰੀ ਹੈ।



ਉਧਰ ਰਾਸ਼ਟਰਪਤੀ ਡੌਨਲਡ ਟਰੰਪ ਨੇ ਐਲਕਸ ਪ੍ਰਿਟੀ ਦੀ ਮੌਤ ਮਗਰੋਂ ਟਿੱਪਣੀ ਕਰਦਿਆਂ ਕਿਹਾ ਕਿ ਉਹ ਕਿਸੇ ਵੀ ਕਿਸਮ ਦੀ ਗੋਲੀਬਾਰੀ ਪਸੰਦ ਨਹੀਂ ਕਰਦੇ ਪਰ ਉਨ੍ਹਾਂ ਨੂੰ ਇਹ ਵੀ ਪਸੰਦ ਨਹੀਂ ਕਿ ਕੋਈ ਸ਼ਖਸ ਭਰੀ ਹੋਈ ਪਸਤੌਲ ਲੈ ਕੇ ਮੁਜ਼ਾਹਰੇ ਵਿਚ ਸ਼ਾਮਲ ਹੋਵੇ। ਐਲਕਸ ਪ੍ਰਿਟੀ ਦੀ ਮੌਤ ਮਗਰੋਂ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ ਕਿਹਾ ਕਿ ਉਹ 9 ਐਮ.ਐਮ ਵਾਲੀ ਸੈਮੀਆਟੋਮੈਟਿਕ ਹੈਂਡ ਗੰਨਲੈ ਕੇ ਉਨ੍ਹਾਂ ਵੱਲੋਂ ਵਧਿਆ। ਅਮਰੀਕਾ ਦੀ ਗ੍ਰਹਿ ਸੁਰੱਖਿਆ ਮੰਤਰੀ ਕ੍ਰਿਸਟੀ ਨੌਇਮ ਨੇ ਇੰਮੀਗ੍ਰੇਸ਼ਨ ਅਫ਼ਸਰਾਂ ਦਾ ਪੱਖ ਲੈਂਦਿਆਂ ਕਿਹਾ ਕਿ ਉਨ੍ਹਾਂ ਨੇ ਸਵੈ ਰੱਖਿਆ ਲਈ ਗੋਲੀ ਚਲਾਈ ਕਿਉਂਕਿ ਐਲਕਸ ਪ੍ਰਿਟੀ ਹਿੰਸਕ ਤਰੀਕੇ ਨਾਲ ਪੇਸ਼ ਆ ਰਿਹਾ ਸੀ। ਦੂਜੇ ਪਾਸੇ ਮਿਨੀਆਪੋਲਿਸ ਪੁਲਿਸ ਦਾ ਕਹਿਣਾ ਹੈ ਕਿ ਐਲਕਸ ਦਾ ਕੋਈ ਗੰਭੀਰ ਅਪਰਾਧਕ ਰਿਕਾਰਡ ਨਹੀਂ ਸੀ ਅਤੇ ਕਾਨੂੰਨੀ ਤਰੀਕੇ ਨਾਲ ਪਸਤੌਲ ਰੱਖੀ ਹੋਈ ਸੀ। ਮਾਮਲਾ ਗੁੰਝਲਦਾਰ ਬਣਿਆ ਹੋਇਆ ਅਤੇ ਪੁਲਿਸ ਨੂੰ ਸਮਝ ਨਹੀਂ ਆ ਰਹੀ ਐਲਕਸ ਨੂੰ ਨਿਹੱਥਾ ਕਰਨ ਮਗਰੋਂ ਪਹਿਲੀ ਗੋਲੀ ਕਿਹੜੀ ਪਸਤੌਲ ਵਿਚੋਂ ਚੱਲੀ। ਇਥੇ ਦਸਣਾ ਬਣਦਾ ਹੈ ਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਬਿਲ ਕਲਿੰਟਨ ਗੋਲੀਬਾਰੀ ਦੌਰਾਨ ਹੋਈ ਮੌਤ ਦੀ ਤਿੱਖੇ ਸ਼ਬਦਾਂ ਵਿਚ ਨਿਖੇਧੀ ਕਰ ਚੁੱਕੇ ਹਨ ਜਦਕਿ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਮਿਨੀਆਪੋਲਿਸ ਵਿਚੋਂ ਇੰਮੀਗ੍ਰੇਸ਼ਨ ਅਫ਼ਸਰਾਂ ਨੂੰ ਹਟਾਉਣ ਦੇ ਸੰਕੇਤ ਦਿਤੇ ਗਏ ਹਨ।

# ਮੈਕਸੀਕੋ ’ਚ ਫੁੱਟਬਾਲ ਮੈਚ ਦੌਰਾਨ ਗੋਲੀਬਾਰੀ, 11 ਮੌਤਾਂ

## ਅਣਪਛਾਤੇ ਬੰਦੂਕਧਾਰੀਆਂ ਨੇ ਕੀਤੀ ਵਾਰਦਾਤ

ਮੈਕਸੀਕੋ ਸਿਟੀ, 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਮੈਕਸੀਕੋ ਵਿਚ ਐਤਵਾਰ ਨੂੰ ਬੰਦੂਕਧਾਰੀਆਂ ਨੇ ਇਕ ਫੁੱਟਬਾਲ ਮੈਚ ਦੇਖਣ ਆਏ ਲੋਕਾਂ ਨੂੰ ਨਿਸ਼ਾਨਾ ਬਣਾਉਂਦਿਆਂ 11 ਜਣਿਆਂ ਦਾ ਕਤਲ ਕਰ ਦਿਤਾ ਅਤੇ ਗੋਲੀਬਾਰੀ ਦੀ ਵਾਰਦਾਤ ਦੌਰਾਨ 12 ਹੋਰ ਜ਼ਖਮੀ ਹੋ ਗਏ। ਫੁੱਟਬਾਲ ਮੈਚ ਖ਼ਤਮ ਹੋਇਆ ਹੀ ਸੀ ਕਿ ਬੰਦੂਕਧਾਰੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿਤੀਆਂ ਜਿਸ ਦੇ ਸਿੱਟੇ ਵਜੋਂ 10 ਜਣੇ ਮੌਕੇ ‘ਤੇ ਦਮ ਤੋੜ ਗਏ ਜਦਕਿ ਇਕ ਨੇ ਹਸਪਤਾਲ ਵਿਚ ਆਖਰੀ ਸਾਹ ਲਏ। ਜ਼ਖਮੀਆਂ ਵਿਚ ਇਕ ਔਰਤ ਅਤੇ ਬੱਚਾ ਸ਼ਾਮਲ ਹਨ ਜਿਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਮੈਕਸੀਕੋ ਦੇ ਗੁਆਨਾਜੁਆਤੋ ਸੂਬੇ ਦੇ ਸੈਲਾਮੈਂਕਾ ਸ਼ਹਿਰ ਵਿਚ ਇਹ ਵਾਰਦਾਤ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਸ਼ਨਿੱਚਰਵਾਰ ਰਾਤ ਇਸੇ ਸ਼ਹਿਰ ਵਿਚ ਚਾਰ ਬੋਰੀਆਂ ਵਿਚ ਤੁੰਨੀਆਂ ਮਨੁੱਖੀ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਗੁਆਨਾਜੁਆਤੋ ਸੂਬੇ ਵਿਚ ਸਭ ਤੋਂ ਵੱਧ ਕਤਲ ਹੁੰਦੇ ਹਨ ਜਿਥੇ ਸੈਂਟਾ ਰੋਜ਼ਾ ਡੀ ਲੀਮਾ ਗਿਰੋਹ ਅਤੇ ਜੈਲਿਸਕੋ ਨਿਊ ਜੈਨਰੇਸ਼ਨ ਕਾਰਟੈਲ ਵਿਚਾਲੇ ਖ਼ੂਨੀ ਜੰਗ ਚਲਦੀ ਰਹਿੰਦੀ ਹੈ। ਉਧਰ ਮੈਕਸੀਕੋ ਸਰਕਾਰ ਦਾ ਦਾਅਵਾ ਹੈ ਕਿ 2016 ਮਗਰੋਂ ਪਹਿਲੀ ਵਾਰ ਮੁਲਕ ਵਿਚ ਇਕ ਲੱਖ ਲੋਕਾਂ ਪਿੱਛੇ 17.5 ਹਤਿਆਵਾਂ ਦਾ ਸਭ ਤੋਂ ਹੇਠਲਾ ਅੰਕੜਾ ਸਾਹਮਣੇ ਆਇਆ ਹੈ। ਚੇਤੇ ਰਹੇ ਕਿ ਇਸੇ ਸੂਬੇ ਵਿਚ ਪਿਛਲੇ ਸਾਲ ਅਗਸਤ ਦੌਰਾਨ ਇਕ ਘਰ ਵਿਚੋਂ 32 ਜਣਿਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਜਦਕਿ ਮਈ ਵਿਚ ਇਕ ਬੇਆਬਾਦ ਘਰ ਵਿਚੋਂ 17 ਲਾਸ਼ਾਂ ਬਰਾਮਦ ਹੋਈਆਂ।



# ਕੈਨੇਡਾ : ਘੱਟ ਆਮਦਨ ਵਾਲੇ ਪਰਵਾਰਾਂ ਨੂੰ 800 ਡਾਲਰ ਦਾ ਤੋਹਫ਼ਾ

### ਪ੍ਰਧਾਨ ਮੰਤਰੀ ਕਰਨਗੇ 12 ਮਿਲੀਅਨ ਲੋਕਾਂ ਨੂੰ ਗਰੌਸਰੀ ਰਾਹਤ ਦਾ ਐਲਾਨ

ਔਟਵਾ, 26 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਘੱਟ ਆਮਦਨ ਵਾਲੇ ਤਕਰੀਬਨ 12 ਮਿਲੀਅਨ ਲੋਕਾਂ ਲਈ ਗਰੌਸਰੀ ਰਿਆਇਤ ਵਿਚ ਅੱਜ ਤੋਂ ਵਾਧਾ ਕੀਤਾ ਜਾ ਰਿਹਾ ਹੈ। ਜੀ ਹਾਂ, ਪ੍ਰਧਾਨ ਮੰਤਰੀ ਮਾਰਕ ਕਾਰਨੀ ਜੀ.ਐਸ.ਟੀ. ਕ੍ਰੈਡਿਟ ਟੌਪ-ਅੱਪ ਸਣੇ ਮਹਿੰਗਾਈ ਤੋਂ ਰਾਹਤ ਵਾਲੇ ਕਈ ਉਪਰਾਲਿਆਂ ਦਾ ਐਲਾਨ ਕਰ ਸਕਦੇ ਹਨ। ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਸੀ.ਬੀ.ਸੀ. ਵੱਲੋਂ ਪ੍ਰਕਾਸ਼ਤ ਰਿਪੋਰਟ ਮੁਤਾਬਕ ਗਰੌਸਰੀ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ 'ਕੈਨੇਡਾ ਗਰੌਸਰੀਜ਼ ਐਂਡ ਐਸੈਂਸ਼ਲਜ਼ ਬੈਨੇਫ਼ਿਟ' ਯੋਜਨਾ ਆਰੰਭੀ ਜਾ ਰਹੀ ਹੈ ਜਿਸ ਤਹਿਤ ਇਕ ਕੈਲੰਡਰ ਵਰ੍ਹੇ ਦੌਰਾਨ ਇਕੱਲੇ ਸ਼ਖਸ ਨੂੰ 400 ਡਾਲਰ ਦਾ ਫ਼ਾਇਦਾ ਹੋਵੇਗਾ ਜਦਕਿ ਦੋ ਬੱਚਿਆਂ ਵਾਲੇ ਪਤੀ-ਪਤਨੀ ਨੂੰ 800 ਡਾਲਰ ਦਾ ਲਾਭ ਮਿਲ ਸਕਦਾ ਹੈ।



ਫ਼ੈਡਰਲ ਸਰਕਾਰ ਵੱਲੋਂ ਤਿਮਾਹੀ ਜੀ.ਐਸ.ਟੀ. ਅਦਾਇਗੀਆਂ ਵਿਚ ਆਉਂਦੇ ਪੰਜ ਸਾਲ ਦੌਰਾਨ 25 ਫ਼ੀ ਸਦੀ ਵਾਧਾ ਕੀਤਾ ਜਾ ਰਿਹਾ ਹੈ ਜਿਸ ਤਹਿਤ ਆਉਂਦੇ ਜੂਨ ਮਹੀਨੇ ਦੌਰਾਨ 50 ਫ਼ੀ ਸਦੀ ਇਕਮੁਸ਼ਤ ਟੌਪ-ਅੱਪ ਮਿਲੇਗਾ। ਵਿਰੋਧੀ ਧਿਰ ਵੱਲੋਂ ਗਰੌਸਰੀ ਕੀਮਤਾਂ ਸਣੇ ਹੋਰ ਖੇਤਰ ਵਿਚ ਵਧ ਰਹੀ ਮਹਿੰਗਾਈ ਦਾ ਮੁੱਦਾ ਜ਼ੋਰਦਾਰ ਤਰੀਕੇ ਨਾਲ ਉਠਾਏ ਜਾਣ ਮਗਰੋਂ ਕਾਰਨੀ ਸਰਕਾਰ ਦਬਾਅ ਹੇਠ ਆ ਗਈ ਅਤੇ ਘੱਟ ਆਮਦਨ ਵਾਲਿਆਂ ਨੂੰ ਰਾਹਤ ਦੇਣ ਦੀ ਯੋਜਨਾ ਤਿਆਰ ਕੀਤੀ। ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਅੱਜ ਕੀਤੇ ਜਾਣ ਵਾਲੇ ਐਲਾਨ ਵਿਚ ਸਿਰਫ਼ ਜੀ.ਐਸ.ਟੀ. ਰਿਆਇਤ ਸ਼ਾਮਲ ਨਹੀਂ ਹੋਵੇਗੀ ਸਗੋਂ ਅਫ਼ੋਰਡੇਬੀਲਿਟੀ ਨਾਲ ਸਬੰਧਤ ਕਈ ਹੋਰ ਵੱਡੇ ਕਦਮਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਮੀਡੀਆ ਰਿਪੋਰਟ ਮੁਤਾਬਕ ਉਨਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਨਾਲ ਮੁਲਾਕਾਤ ਤੋਂ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਫ਼ੂਡ ਸਪਲਾਈ ਚੇਨ ਦੀਆਂ ਸਮੱਸਿਆਵਾਂ ਖ਼ਤਮ ਕਰਨ ਅਤੇ ਮੁਕਾਬਲੇਬਾਜ਼ੀ ਵਧਾਉਣ ਵਰਗੇ ਕਈ ਐਲਾਨ ਕੀਤੇ ਜਾਣ ਦੇ ਆਸਾਰ ਹਨ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਵਿਚ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਪਿਛਲੇ ਵਰ੍ਹੇ 6.2 ਫ਼ੀ ਸਦੀ ਵਧ ਗਈਆਂ ਅਤੇ 2023 ਤੋਂ ਬਾਅਦ ਇਹ ਸਭ ਤੋਂ ਤੇਜ਼ ਵਾਧਾ ਮੰਨਿਆ ਜਾ ਰਿਹਾ ਹੈ। ਜੀ 7 ਮੁਲਕਾਂ ਵਿਚੋਂ ਕੈਨੇਡਾ ਵਿਚ ਮਹਿੰਗਾਈ ਦਰ ਸਭ ਤੋਂ ਉਤੇ ਚੱਲ ਰਹੀ ਹੈ। ਦੂਜੇ ਪਾਸੇ ਸਿਟੀ ਨਿਊਜ਼ ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਗਰੌਸਰੀ ਕੀਮਤਾਂ ਵਿਚ 5 ਫ਼ੀ ਸਦੀ ਵਾਧਾ ਹੋਇਆ ਜਦਕਿ ਰੈਸਟੋਰੈਂਟਾਂ ਵਿਚ ਖਾਣਾ 8.5 ਫ਼ੀ ਸਦੀ ਮਹਿੰਗਾ ਹੋ ਗਿਆ। ਫ਼ੂਡ ਬੈਂਕਸ 'ਤੇ ਨਿਰਭਰ ਲੋਕਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਅਤੇ ਘੱਟ ਆਮਦਨ ਵਾਲੇ ਪਰਵਾਰ ਆਪਣੀਆਂ ਜ਼ਰੂਰਤਾਂ ਨੂੰ ਸੀਮਤ ਕਰਨ ਲਈ ਮਜਬੂਰ ਹੋ ਚੁੱਕੇ ਹਨ।

# ਅਮਰੀਕਾ ਦੀ 'ਆਈਸ' ਦਾ ਦਿਲ ਹੋਇਆ ਬਰਫ਼

### ਨਾਟਕੀ ਅੰਦਾਜ਼ 'ਚ ਬਾਪ ਨੂੰ ਗ੍ਰਿਫ਼ਤਾਰ ਕਰ ਦੋਹਾਂ ਨੂੰ ਨਜ਼ਰਬੰਦੀ ਕੇਂਦਰ ਭੇਜਿਆ

ਮਿਨੀਸੋਟਾ, 25 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ਆਈਸ) ਏਜੰਟਾਂ ਨੇ ਕੋਲੰਬੀਆ ਹਾਈਟਸ, ਮਿਨੀਸੋਟਾ ਵਿਚ ਸਕੂਲੋਂ ਘਰ ਪਰਤੇ ਰਹੇ 5 ਸਾਲਾ ਲੜਕੇ ਲੀਅਮ ਕੋਨੇਜੋ ਰਾਮੋਸ ਨੂੰ ਹਿਰਾਸਤ ਵਿਚ ਲੈ ਲਿਆ ਤੇ ਬਾਅਦ ਵਿਚ ਉਸ ਦੇ ਪਿਤਾ ਨੂੰ ਵੀ ਹਿਰਾਸਤ ਵਿਚ ਲੈ ਕੇ ਟੈਕਸਾਸ ਦੇ ਇਮੀਗ੍ਰੇਸ਼ਨ ਨਜ਼ਰਬੰਦੀ ਕੇਂਦਰ ਭੇਜ ਦਿਤਾ। ਲੀਅਮ ਦੇ ਸਕੂਲ ਸੁਪਰਡੈਂਟ, ਜੇਨਾ ਸਟੈਨਵਿਕ ਨੇ ਕਿਹਾ, ''ਏਜੰਟ ਨੇ ਬੱਚੇ ਨੂੰ ਚਲਦੀ ਕਾਰ ਵਿਚੋਂ ਬਾਹਰ ਕਢਿਆ।



ਫਿਰ ਉਨ੍ਹਾਂ ਨੇ ਉਸ ਨੂੰ ਘਰ ਦਾ ਦਰਵਾਜ਼ਾ ਖੜਕਾਉਣ ਲਈ ਕਿਹਾ ਤਾਂ ਘਰ ਅੰਦਰ ਮੌਜੂਦ ਉਸ ਦੇ ਮਾਪਿਆਂ ਨੂੰ ਬਾਹਰ ਕੱਢਿਆ ਜਾ ਸਕੇ।'' ਜੇਨਾ ਨੇ ਇਸ ਨੂੰ ਇਕ ਬੱਚੇ ਨਾਲ ਅਜਿਹਾ ਕਰਨਾ ਧੋਖਾ ਦਸਿਆ। ਉਨ੍ਹਾਂ ਕਿਹਾ ਕਿ ਬੱਚਾ ਕੋਈ ਅਪਰਾਧੀ ਨਹੀਂ ਹੈ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਮਿਨੀਆਪੋਲਿਸ ਦੇ ਆਗੂਆਂ ਨਾਲ ਮੀਟਿੰਗ ਦੌਰਾਨ ਕਿਹਾ, ''ਬੱਚੇ ਨੂੰ ਸਿਰਫ਼ ਹਿਰਾਸਤ ਵਿਚ ਲਿਆ ਗਿਆ ਸੀ, ਗ੍ਰਿਫ਼ਤਾਰ ਨਹੀਂ ਕੀਤਾ ਗਿਆ।''

ਵੈਂਸ ਨੇ ਕਿਹਾ ਕਿ ਏਜੰਟ ਬੱਚੇ ਨੂੰ ਠੰਢ ਵਿਚ ਨਹੀਂ ਛੱਡ ਸਕਦੇ ਸਨ ਅਤੇ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨਾ ਜ਼ਰੂਰੀ ਸੀ। ਜ਼ਿਕਰਯੋਗ ਹੈ ਕਿ ਮਿਨੀਸੋਟਾ ਵਿਚ 6 ਹਫ਼ਤਿਆਂ ਦੌਰਾਨ 3,000 ਗ੍ਰਿਫ਼ਤਾਰੀਆਂ ਹੋਈਆਂ ਹਨ, ਜਿਨ੍ਹਾਂ ਵਿਚ 400 ਬੱਚੇ ਵੀ ਸ਼ਾਮਲ ਹਨ। ਲਿਆਮ ਅਪਣੇ ਸਕੂਲ ਜ਼ਿਲ੍ਹੇ ਦਾ ਚੌਥਾ ਵਿਦਿਆਰਥੀ ਹੈ ਜਿਸ ਨੂੰ ਆਈਸ ਨੇ ਹਿਰਾਸਤ ਵਿਚ ਲਿਆ ਹੈ।

ਸਕੂਲ ਅਧਿਕਾਰੀਆਂ ਅਤੇ ਪਰਵਾਰ ਦੇ ਵਕੀਲ ਅਨੁਸਾਰ ਪਰਿਵਾਰ 2024 ਵਿਚ ਇਕਵਾਡੋਰ ਤੋਂ ਅਮਰੀਕਾ ਆਇਆ ਸੀ। ਉਨ੍ਹਾਂ ਨੂੰ ਸ਼ਰਣ ਦੇ ਮਾਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦਾ ਕੋਈ ਹੁਕਮ ਨਹੀਂ ਸੀ। ਚਿਲਡਰਨ ਰਾਈਟਸ ਸੈਂਟਰ ਦੀ ਲੀਸੀਆ ਵੈਲਚ ਨੇ ਹਿਰਾਸਤ ਕੇਂਦਰ ਦਾ ਦੌਰਾ ਕੀਤਾ।

ਉਨ੍ਹਾਂ ਕਿਹਾ ਕਿ ਉਥੇ ਬੱਚਿਆਂ ਦੀ ਗਿਣਤੀ ਵਧੀ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਬੱਚੇ ਬਿਮਾਰ, ਕੁਪੋਸ਼ਤ ਅਤੇ ਗੰਭੀਰ ਦਰਦ ਵਿਚ ਹਨ। ਮੈਕਲਾਫਲਿਨ ਨੇ ਸਫ਼ਾਈ ਦਿਤੀ ਕਿ ਆਈਸ ਨੇ ਬੱਚੇ ਨੂੰ ਨਿਸ਼ਾਨਾ ਨਹੀਂ ਬਣਾਇਆ, ਸਗੋਂ ਉਸ ਦੇ ਪਿਤਾ ਐਡਰੀਅਨ ਨੂੰ ਗ੍ਰਿਫ਼ਤਾਰ ਕੀਤਾ ਸੀ। ਬੱਚੇ ਦੀ ਸੁਰੱਖਿਆ ਲਈ ਉਸ ਨੂੰ ਨਾਲ ਲਿਆਂਦਾ। ਜ਼ਿਕਰਯੋਗ ਹੈ ਕਿ ਗ੍ਰਿਫ਼ਤਾਰੀਆਂ ਨੇ ਸਕੂਲਾਂ ਵਿਚ ਡਰ ਦਾ ਮਾਹੌਲ ਪੈਦਾ ਕਰ ਦਿਤਾ ਹੈ। ਕੋਲੰਬੀਆ ਹਾਈਟਸ ਪਬਲਿਕ ਸਕੂਲ ਵਿਚ ਪ੍ਰੀ-ਕੇ ਤੋਂ 12ਵੀਂ ਜਮਾਤ ਤਕ ਲਗਭਗ 3,400 ਵਿਦਿਆਰਥੀ ਹਨ। ਜ਼ਿਆਦਾਤਰ ਵਿਦਿਆਰਥੀ ਪ੍ਰਵਾਸੀ ਪਰਵਾਰਾਂ ਤੋਂ ਹਨ। ਸਕੂਲ ਸੁਪਰਡੈਂਟ ਸਟੈਨਵਿਕ ਅਨੁਸਾਰ ਪਿਛਲੇ ਦੋ ਹਫ਼ਤਿਆਂ ਵਿਚ ਸਕੂਲ ਦੀ ਹਾਜ਼ਰੀ ਵਿਚ ਕਾਫ਼ੀ ਗਿਰਾਵਟ ਆਈ ਹੈ।

ਉਨ੍ਹਾਂ ਦਾ ਦੋਸ਼ ਹੈ ਕਿ ਆਈਸ ਏਜੰਟ ਸਕੂਲਾਂ ਵਿਚ ਗਸ਼ਤ ਕਰ ਰਹੇ ਹਨ, ਬੱਸਾਂ ਦਾ ਪਿਛਾ ਕਰ ਰਹੇ ਹਨ, ਅਤੇ ਬੱਚਿਆਂ ਨੂੰ ਚੁੱਕ ਰਹੇ ਹਨ। ਦੱਖਣੀ ਟੈਕਸਾਸ ਫੈਮਿਲੀ ਰੈਜ਼ੀਡੈਂਸ਼ੀਅਲ ਸੈਂਟਰ ਸੰਯੁਕਤ ਰਾਜ ਅਮਰੀਕਾ ਦਾ ਸਭ ਤੋਂ ਵੱਡਾ ਇਮੀਗ੍ਰੇਸ਼ਨ ਨਜ਼ਰਬੰਦੀ ਕੇਂਦਰ ਹੈ। ਇਹ ਡਿਲੀ, ਟੈਕਸਾਸ ਵਿਚ ਸਥਿਤ ਹੈ। ਇਹ ਮੁੱਖ ਤੌਰ 'ਤੇ ਔਰਤਾਂ ਅਤੇ ਬੱਚਿਆਂ ਨੂੰ ਹਿਰਾਸਤ ਵਿਚ ਰੱਖਣ ਲਈ ਤਿਆਰ ਕੀਤਾ ਗਿਆ ਹੈ। ਟਰੰਪ ਪ੍ਰਸ਼ਾਸਨ ਨੇ ਮਿਨੀਸੋਟਾ ਦੇ ਮਿਨੀਆਪੋਲਿਸ ਖੇਤਰ ਵਿਚ ਲਗਭਗ 3,000 ਅਧਿਕਾਰੀ ਤਾਇਨਾਤ ਕੀਤੇ ਹਨ। ਡੋਨਾਲਡ ਟਰੰਪ ਨੇ 2025 ਵਿਚ ਅਹੁਦਾ ਸੰਭਾਲਣ ਤੋਂ ਬਾਅਦ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਵੱਡੇ ਪੱਧਰ 'ਤੇ ਕਾਰਵਾਈ ਸ਼ੁਰੂ ਕੀਤੀ ਹੈ। ਇਹ ਏਜੰਟ ਹਜ਼ਾਰਾਂ ਲੋਕਾਂ ਨੂੰ ਗ੍ਰਿਫ਼ਤਾਰ ਕਰ ਰਹੇ ਹਨ, ਜਿਸ ਨੂੰ ਸਥਾਨਕ ਲੋਕ ਘਿਣਾਉਣਾ ਮੰਨਦੇ ਹਨ। ਆਈਸ ਸੰਯੁਕਤ ਰਾਜ ਅਮਰੀਕਾ ਵਿਚ ਸੰਘੀ ਏਜੰਸੀ ਹੈ ਜੋ ਗੈਰ-ਕਾਨੂੰਨੀ ਇਮੀਗ੍ਰੇਸ਼ਨ ਰੋਕਦੀ ਹੈ, ਦੇਸ਼ ਨਿਕਾਲਾ ਦਿੰਦੀ ਹੈ ਅਤੇ ਸਰਹੱਦ ਪਾਰ ਅਪਰਾਧਾਂ 'ਤੇ ਮੁਕੱਦਮਾ ਚਲਾਉਂਦੀ ਹੈ। ਇਹ ਗ੍ਰਹਿ ਸੁਰੱਖਿਆ ਵਿਭਾਗ ਦੇ ਅਧੀਨ ਕੰਮ ਕਰਦੀ ਹੈ। ਅਮਰੀਕਾ ਦੀ ਸਾਬਕਾ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਬੱਚੇ ਦੀ ਗ੍ਰਿਫ਼ਤਾਰੀ ਦਾ ਵਿਰੋਧ ਕੀਤਾ ਹੈ। ਹੈਰਿਸ ਨੇ ਇੰਸਟਾਗ੍ਰਾਮ 'ਤੇ ਲਿਆਮ ਦੀ ਫੋਟੋ ਸਾਂਝੀ ਕਰਦਿਆਂ ਲਿਖਿਆ ਕਿ ਲਿਆਮ ਸਿਰਫ਼ ਬੱਚਾ ਹੈ ਅਤੇ ਉਸ ਨੂੰ ਅਪਣੇ ਪਰਵਾਰ ਨਾਲ ਘਰ ਵਿਚ ਹੋਣਾ ਚਾਹੀਦਾ ਹੈ, ਨਾ ਕਿ ਕਿਸੇ ਇਮੀਗ੍ਰੇਸ਼ਨ ਏਜੰਸੀ ਹਿਰਾਸਤ ਕੇਂਦਰ ਵਿਚ। ਏਜੰਸੀ ਬੱਚੇ ਨੂੰ ਚੋਗੇ ਵਾਂਗ ਵਰਤ ਰਹੀ ਹੈ।

# ਅਮਰੀਕਾ ਵਿੱਚ ਤੂਫਾਨ ਕਾਰਨ ਇੱਕ ਲੱਖ ਘਰਾਂ ਦੀ ਬੱਤੀ ਗੁੱਲ

### 17 ਸੂਬਿਆਂ ਤੇ ਡਿਸਟ੍ਰਿਕਟ ਆਫ ਕੋਲੰਬੀਆ ਨੇ ਮੌਸਮੀ ਐਮਰਜੈਂਸੀ ਐਲਾਨੀ



ਵਾਸ਼ਿੰਗਟਨ, 25 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿੱਚ ਤੂਫਾਨ ਤੇ ਝੱਖੜ ਨੇ ਜ਼ਿੰਦਗੀ ਲੀਹੋਂ ਲਾਹ ਦਿੱਤੀ ਹੈ। ਇਸ ਤੂਫਾਨ ਕਾਰਨ 14,000 ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ ਤੇ ਟੈਕਸਾਸ ਤੱਕ ਪੱਛਮ ਵਿੱਚ ਇੱਕ ਲੱਖ ਤੋਂ ਵੱਧ ਘਰਾਂ ਦੀ ਬੱਤੀ ਗੁੱਲ ਹੋ ਗਈ ਹੈ। ਇਥੇ ਭਾਰੀ ਬਰਫ਼ਬਾਰੀ ਨਾਲ ਆਮ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਦੂਜੇ ਪਾਸੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੱਖਣੀ ਕੈਰੋਲੀਨਾ, ਵਰਜੀਨੀਆ, ਟੈਨੇਸੀ, ਜਾਰਜੀਆ, ਉੱਤਰੀ ਕੈਰੋਲੀਨਾ, ਮੈਰੀਲੈਂਡ, ਅਰਕਾਨਸਾਸ, ਕੈਂਟਕੀ, ਲੁਸੀਆਨਾ, ਮਿਸੀਸਿਪੀ, ਇੰਡੀਆਨਾ ਅਤੇ ਪੱਛਮੀ ਵਰਜੀਨੀਆ ਵਿੱਚ ਸੰਘੀ ਐਮਰਜੈਂਸੀ ਆਫ਼ਤ ਐਲਾਨਣ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਟਰੰਪ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਕਿਹਾ, 'ਅਸੀਂ ਇਸ ਤੂਫਾਨ ਕਾਰਨ ਪ੍ਰਭਾਵਿਤ ਹੋਣ ਵਾਲੇ ਸਾਰੇ ਸੂਬਿਆਂ ਦੀ ਨਿਗਰਾਨੀ ਕਰਾਂਗੇ ਤੇ ਸੰਪਰਕ ਵਿੱਚ ਰਹਾਂਗੇ, ਸੁਰੱਖਿਅਤ ਰਹੋ।'

ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਕਿ ਸਤਾਰਾਂ ਰਾਜਾਂ ਅਤੇ ਡਿਸਟ੍ਰਿਕਟ ਆਫ਼ ਕੋਲੰਬੀਆ ਨੇ ਮੌਸਮੀ ਐਮਰਜੈਂਸੀ ਐਲਾਨੀ ਹੈ।

# ਭਾਰਤ ਤੋਂ ਵਾਧੂ 25% ਟੈਰਿਫ਼ ਹਟਾ ਸਕਦਾ ਹੈ ਅਮਰੀਕਾ

### ਅਮਰੀਕੀ ਖਜ਼ਾਨਾ ਸਕੱਤਰ ਸਕਾਟਅ ਬੇਸੈਂਟ ਨੇ ਦਿਤਾ ਸੰਕੇਤ

ਵਾਸ਼ਿੰਗਟਨ, 25 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਸੰਕੇਤ ਦਿਤਾ ਹੈ ਕਿ ਭਾਰਤ ਵਲੋਂ ਰੂਸ ਤੋਂ ਕੱਚੇ ਤੇਲ ਦੀ ਖ਼ਰੀਦ ਘੱਟ ਕਰਨ ਦੇ ਨਤੀਜੇ ਵਜੋਂ ਭਾਰਤੀ ਵਸਤਾਂ ਦੇ ਅਮਰੀਕਾ 'ਚ ਆਯਾਤ ਉਤੇ ਲਗਾਇਆ ਗਿਆ 25% ਵਾਧੂ ਟੈਰਿਫ਼ ਹਟਾਇਆ ਜਾ ਸਕਦਾ ਹੈ।




ਉਨ੍ਹਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਅਮਰੀਕਾ ਸਰਕਾਰ ਦੀ ਗੱਲ ਮਨਵਾਉਣ ਲਈ ਸ਼ੁਰੂ ਕੀਤੇ ਟੈਰਿਫ਼ ਸਿਸਟਮ ਨੂੰ 'ਵੱਡੀ ਸਫ਼ਲਤਾ' ਕਰਾਰ ਦਿੰਦਿਆਂ ਮੀਡੀਆ ਨਾਲ ਇਕ ਗੱਲਬਾਤ ਕਿਹਾ, ''ਭਾਰਤ ਵਲੋਂ ਅਪਣੀਆਂ ਰਿਫ਼ਾਇਨਰੀਆਂ ਲਈ ਕੱਚੇ ਤੇਲ ਦੀ ਖ਼ਰੀਦ ਬਹੁਤ ਘੱਟ ਗਈ ਹੈ। ਇਸ ਲਈ ਇਹ ਵੱਡੀ ਸਫ਼ਲਤਾ ਹੈ। ਟੈਰਿਫ਼ ਅਜੇ ਵੀ ਹਨ, ਰੂਸੀ ਤੇਲ ਦੀ ਖ਼ਰੀਦ ਲਈ 25% ਟੈਰਿਫ਼ ਅਜੇ ਵੀ ਲਗਾਏ ਜਾ ਰਹੇ ਹਨ। ਪਰ ਹੁਣ ਮੈਨੂੰ ਲਗਦਾ ਹੈ ਕਿ ਇਨ੍ਹਾਂ ਨੂੰ ਹਟਾਇਆ ਜਾ ਸਕਦਾ ਹੈ।''

ਉਨ੍ਹਾਂ ਨੇ ਦੋਹਾਂ ਦੇਸ਼ਾਂ ਵਿਚਕਾਰ ਵਪਾਰ ਸੌਦੇ ਨੂੰ ਲੈ ਕੇ ਗੱਲਬਾਤ 'ਚ ਕਿਹਾ ਕਿ ਜੇਕਰ ਹਾਲਾਤ ਅਨੁਕੂਲ ਰਹੇ ਅਤੇ ਗੱਲਬਾਤ ਅੱਗੇ ਵਧੀ ਤਾਂ ਅਮਰੀਕਾ ਭਾਰਤ ਨੂੰ ਟੈਰਿਫ਼ 'ਚ ਰਾਹਤ ਦੇ ਸਕਦਾ ਹੈ।ਪਿਛਲੇ ਸਾਲ ਅਗਸਤ 'ਚ ਅਮਰੀਕਾ ਨੇ ਭਾਰਤ ਉਤੇ ਲਗਾਏ ਮੂਲ ਟੈਰਿਫ਼ ਉਤੇ 25% ਦਾ ਜੁਰਮਾਨਾ ਟੈਰਿਫ਼ ਲਗਾ ਦਿਤਾ ਸੀ ਜਿਸ ਕਾਰਨ ਭਾਰਤ ਦੁਨੀਆ ਦਾ ਸਭ ਤੋਂ ਜ਼ਿਆਦਾ ਅਮਰੀਕੀ ਟੈਰਿਫ਼ ਵਾਲਾ ਦੇਸ਼ ਬਣ ਗਿਆ ਸੀ। ਟਰੰਪ ਪ੍ਰਸ਼ਾਸਨ ਦਾ ਦੋਸ਼ ਹੈ ਕਿ ਭਾਰਤ ਵਲੋਂ ਰੂਸ ਤੋਂ ਕੱਚਾ ਤੇਲ ਖ਼ਰੀਦਣ ਕਾਰਨ ਮਾਸਕੋ ਕੋਲ ਯੂਕਰੇਨ ਵਿਰੁਧ ਜੰਗ ਜਾਰੀ ਰੱਖਣ ਲਈ ਪੈਸਾ ਆ ਰਿਹਾ ਹੈ। ਹਾਲਾਂਕਿ ਭਾਰਤ ਨੇ ਅਪਣੀ ਸਥਿਤੀ ਦਾ ਬਚਾਅ ਕਰਦਿਆਂ ਕਿਹਾ ਕਿ ਊਰਜਾ ਦੇ ਸਰੋਤਾਂ ਬਾਰੇ ਫ਼ੈਸਲਾ ਆਲਮੀ ਬਾਜ਼ਾਰ ਦੇ ਹਾਲਾਤ ਅਤੇ ਦੇਸ਼ ਦੇ ਲੋਕਾਂ ਲਈ ਪਟਰੌਲ-ਡੀਜ਼ਲ ਸਸਤੇ ਰੱਖਣ ਨੂੰ ਵੇਖ ਕੇ ਹੁੰਦਾ ਹੈ।

# ਅਮਰੀਕਾ ਦੀ ਅਦਾਲਤ ਨੇ ਟਰੱਕ ਡਰਾਈਵਰਾਂ ਵਿਰੁੱਧ ਸੁਣਾਇਆ ਫ਼ੈਸਲਾ

### ਇੰਮੀਗ੍ਰੇਸ਼ਨ ਪੱਖੋਂ ਕੱਚੇ ਲੋਕਾਂ ਦੇ ਸੀ.ਡੀ.ਐਲ. 'ਤੇ ਰੋਕ ਹਟਾਉਣ ਤੋਂ ਨਾਂਹ

ਸੈਕਰਾਮੈਂਟੋ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਲੇਫੋਰਨੀਆ ਵਿਚ ਇੰਮੀਗ੍ਰੇਸ਼ਨ ਸਟੇਟਸ ਪੱਖੋਂ ਕੱਚੇ ਟਰੱਕ ਡਰਾਈਵਰਾਂ ਨੂੰ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕਰਨ 'ਤੇ ਲੱਗੀ ਰੋਕ ਹਟਾਉਣ ਤੋਂ ਫੈਡਰਲ ਅਦਾਲਤ ਨੇ ਇਨਕਾਰ ਕਰ ਦਿਤਾ ਹੈ।



ਲਾਅ 360 ਦੀ ਰਿਪੋਰਟ ਮੁਤਾਬਕ ਮੁਕੱਦਮੇ ਵਿਚ ਦਾਅਵਾ ਕੀਤਾ ਗਿਆ ਕਿ ਟਰੰਪ ਸਰਕਾਰ ਦੇ ਸਖ਼ਤ ਨਿਯਮਾਂ ਕਰ ਕੇ ਵੱਡੀ ਗਿਣਤੀ ਵਿਚ ਕਮਰਸ਼ੀਅਲ ਡਰਾਈਵਰਜ਼ ਮੁਸ਼ਕਲ ਵਿਚ ਘਿਰ ਚੁੱਕੇ ਹਨ ਅਤੇ ਅਜਿਹੇ ਹਾਲਾਤ ਵਿਚ ਗੁਜ਼ਾਰਾ ਕਰਨਾ ਸੰਭਵ ਨਹੀਂ। ਫੈਰਡਲ ਅਦਾਲਤ ਨੇ ਕਿਹਾ ਕਿ ਕੈਲੇਫੋਰਨੀਆ ਸਰਕਾਰ ਨੂੰ ਗੰਭੀਰ ਸਿੱਟੇ ਭੁਗਤਣੇ ਹੋਣਗੇ ਜੇ ਉਹ ਅਮਰੀਕਾ ਵਿਚ ਵਰਕ ਪਰਮਿਟ 'ਤੇ ਮੌਜੂਦ ਟਰੱਕ ਡਰਾਈਵਰਾਂ ਦੇ ਸੀ.ਡੀ.ਐਲ. 'ਤੇ ਲੱਗੀ ਰੋਕ ਹਟਾਉਂਦੀ ਹੈ ਜਾਂ ਨਵੇਂ ਕਮਰਸ਼ੀਅਲ ਡਰਾਈਵਰਜ਼ ਲਾਇਸੰਸ ਜਾਰੀ ਕੀਤੇ ਜਾਂਦੇ ਹਨ। ਇਥੇ ਦਸਣਾ ਬਣਦਾ ਹੈ ਕਿ ਹਜ਼ਾਰਾਂ ਪੰਜਾਬੀਆਂ ਸਣੇ ਵੱਖ ਵੱਖ ਮੁਲਕਾਂ ਨਾਲ ਸਬੰਧਤ ਟਰੱਕ ਡਰਾਈਵਰ ਕਸੂਤੇ ਫਸੇ ਹੋਏ ਹਨ ਜਿਸ ਦੇ ਮੱਦੇਨਜ਼ਰ ਚਾਇਨੀਜ਼ ਅਮੈਰਿਕਨ ਟ੍ਰਕਰਜ਼ ਐਸੋਸੀਏਸ਼ਨ ਵੱਲੋਂ ਪਟੀਸ਼ਨ ਦਾਇਰ ਕਰਦਿਆਂ ਕੈਲੇਫੋਰਨੀਆ ਸੂਬੇ ਵਿਚ ਕੁਝ ਰਾਹਤ ਹਾਸਲ ਕਰਨ ਦਾ ਯਤਨ ਕੀਤਾ ਗਿਆ। ਮੀਡੀਆ ਰਿਪੋਰਟ ਮੁਤਾਬਕ ਤਾਜ਼ਾ ਪਟੀਸ਼ਨ 7 ਜਨਵਰੀ ਨੂੰ ਦਾਖਲ ਕੀਤੀ ਗਈ ਜਿਸ ਵਿਚ ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਅਤੇ ਇਸ ਦੇ ਪ੍ਰਸ਼ਾਸਕ ਡੈਰੇਕ ਬਾਰਜ਼ ਸਣੇ ਕੈਲੇਫੋਰਨੀਆ ਦੇ ਡਿਪਾਰਟਮੈਂਟ ਆਫ਼ ਮੋਟਰ ਵ੍ਹੀਕਲ ਦੇ ਡਾਇਰੈਕਟਰ ਸਟੀਵ ਗੋਰਡਨ ਨੂੰ ਧਿਰ ਬਣਾਇਆ ਗਿਆ ਸੀ। ਅਦਾਲਤ ਨੇ ਪ੍ਰਵਾਨ ਕੀਤਾ ਕਿ ਇੰਮੀਗ੍ਰੇਸ਼ਨ ਪੱਖੋਂ ਕੱਚੇ ਡਰਾਈਵਰਾਂ ਨੂੰ ਸੀ.ਡੀ. ਐਲ. ਜਾਰੀ ਕਰਨ 'ਤੇ ਰੋਕ ਉਨ੍ਹਾਂ ਦੇ ਰੁਜ਼ਗਾਰ ਨੂੰ ਵੱਡੀ ਢਾਹ ਲਾ ਰਹੀ ਹੈ ਪਰ ਜਨਤਕ ਹਿਤਾਂ ਨੂੰ ਵੇਖਦਿਆਂ ਰੋਕ ਹਟਾਉਣੀ ਵਾਜਬ ਨਹੀਂ।

# ਕੈਨੇਡਾ ਜਾਰੀ ਕਰੇਗਾ 1.70 ਲੱਖ ਨਵੇਂ ਵਰਕ ਪਰਮਿਟ

ਟੋਰਾਂਟੋ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਸਰਕਾਰ ਨੇ ਇੰਮੀਗ੍ਰੇਸ਼ਨ ਟੀਚਿਆਂ ਵਿਚ ਅਚਨਚੇਤ ਵਾਧਾ ਕਰਦਿਆਂ ਐਲ.ਐਮ.ਆਈ.ਏ. ਦੀ ਸ਼ਰਤ ਤੋਂ ਬਗੈਰ ਜਾਰੀ ਕੀਤੇ ਜਾਣ ਵਾਲੇ ਵਰਕ ਪਰਮਿਟਸ ਦੀ ਗਿਣਤੀ ਵਧਾ ਕੇ 1 ਲੱਖ 70 ਹਜ਼ਾਰ ਕਰ ਦਿਤੀ ਹੈ। ਜੀ ਹਾਂ, ਇੰਟਰਨੈਸ਼ਨਲ ਮੋਬੀਲਿਟੀ ਪ੍ਰੋਗਰਾਮ ਅਧੀਨ ਨਵਾਂ ਅੰਕੜਾ ਜਾਰੀ ਕੀਤਾ ਗਿਆ ਹੈ ਜਦਕਿ ਇਸ ਤੋਂ ਪਹਿਲਾਂ ਮੌਜੂਦਾ ਵਰ੍ਹੇ ਦੌਰਾਨ 1 ਲੱਖ 28 ਹਜ਼ਾਰ 700 ਵਰਕ ਪਰਮਿਟ ਜਾਰੀ ਕਰਨ ਦਾ ਫੈਸਲਾ ਕੀਤਾ ਗਿਆ ਸੀ। ਦਿਲਚਸਪ ਤੱਥ ਇਹ ਹੈ ਕਿ ਸਾਰੇ 1 ਲੱਖ 70 ਹਜ਼ਾਰ ਵਿਦੇਸ਼ੀ ਨਾਗਰਿਕ ਨਵੇਂ ਹੋਣਗੇ ਅਤੇ ਕੈਨੇਡਾ ਵਿਚ ਮੌਜੂਦ ਪ੍ਰਵਾਸੀਆਂ ਦੇ ਵਰਕ ਪਰਮਿਟ ਨਵਿਆਉਣ ਦਾ ਅੰਕੜਾ ਇਸ ਵਿਚ ਸ਼ਾਮਲ ਨਹੀਂ। ਦੂਜੇ ਪਾਸੇ ਐਲ.ਐਮ.ਆਈ.ਏ. ਦੀ ਸ਼ਰਤ ਅਧੀਨ ਟੈਂਪਰੇਰੀ ਫੌਰਨ ਵਰਕਰਜ਼ ਨੂੰ ਸਿਰਫ 60 ਹਜ਼ਾਰ ਵੀਜ਼ੇ ਦੇਣ ਦਾ ਫੈਸਲਾ ਲਿਆ ਗਿਆ ਹੈ ਜਦਕਿ ਇਸ ਤੋਂ ਪਹਿਲਾਂ 2026 ਦੌਰਾਨ 82 ਹਜ਼ਾਰ ਵਰਕ ਪਰਮਿਟ ਦੇਣ ਦਾ ਐਲਾਨ ਕੀਤਾ ਗਿਆ ਸੀ। ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਲੇਬਰ ਮਾਰਕਿਟ ਇੰਪੈਕਟ ਅਸੈਸਮੈਂਟ ਦੀ ਸ਼ਰਤ ਵਾਲੇ ਵਰਕ ਪਰਮਿਟਸ ਵਿਚ ਵੱਡੇ ਪੱਧਰ 'ਤੇ ਘਪਲਾ ਹੋਣ ਦੀਆਂ ਸ਼ਿਕਾਇਤਾਂ ਸਾਹਮਣੇ ਆ ਰਹੀਆਂ ਸਨ ਅਤੇ ਸੰਭਾਵਤ ਤੌਰ 'ਤੇ ਇਸੇ ਕਰ ਕੇ ਕੈਨੇਡਾ ਸਰਕਾਰ ਵੱਲੋਂ ਐਲ.ਐਮ.ਆਈ.ਏ. ਦੀ ਸ਼ਰਤ ਤੋਂ ਬਗੈਰ ਦਿਤੇ ਜਾਣ ਵਾਲੇ ਵਰਕ ਪਰਮਿਟਸ ਦੀ ਗਿਣਤੀ ਵਿਚ ਵਾਧਾ ਕੀਤਾ ਗਿਆ ਹੈ। ਇਥੇ ਦਸਣਾ ਬਣਦਾ ਹੈ ਕਿ ਨਵੰਬਰ ਮਹੀਨੇ ਦੌਰਾਨ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਤਹਿਤ ਸਿਰਫ਼ 2,615 ਵਰਕ ਪਰਮਿਟ ਜਾਰੀ ਕੀਤੇ ਗਏ ਜੋ ਬੀਤੇ ਦੋ ਵਰ੍ਹਿਆਂ ਦਾ ਸਭ ਤੋਂ ਹੇਠਲਾ ਅੰਕੜਾ ਮੰਨਿਆ ਜਾ ਰਿਹਾ ਹੈ। ਕੋਰੋਨਾ ਮਹਾਂਮਾਰੀ ਮਗਰੋਂ ਆਰਜ਼ੀ ਵਿਦੇਸ਼ੀ ਕਾਮੇ ਸੱਦਣ ਦੀ ਰਫ਼ਤਾਰ ਤੇਜ਼ੀ ਨਾਲ ਵਧੀ ਪਰ 2024 ਅਤੇ 2025 ਦੌਰਾਨ ਕੈਨੇਡਾ ਆ ਰਹੇ ਵਿਦੇਸ਼ੀ ਕਾਮਿਆਂ ਦੀ ਗਿਣਤੀ ਕਟੌਤੀ ਦਾ ਸਿਲਸਿਲਾ ਸ਼ੁਰੂ ਹੋ ਗਿਆ। 6 ਫ਼ੀ ਸਦੀ ਤੋਂ ਵੱਧ ਬੇਰੁਜ਼ਗਾਰੀ ਦਰ ਵਾਲੇ ਖੇਤਰਾਂ ਵਿਚ ਐਲ.ਐਮ.ਆਈ.ਏ. ਜਾਰੀ ਹੀ ਨਹੀਂ ਕੀਤੇ ਜਾ ਸਕਦੇ ਅਤੇ ਕੈਨੇਡਾ ਦੇ ਕਈ ਇਲਾਕਿਆਂ ਵਿਚ ਐਲ.ਐਮ. ਆਈ.ਏ. ਦੀ ਪ੍ਰੋਸੈਸਿੰਗ ਦਾ ਸਮਾਂ 12 ਹਫ਼ਤੇ ਤੋਂ ਟੱਪ ਗਿਆ ਹੈ।



# ਮਰਹੂਮ ਗੁਰਦੀਪ ਸਿੰਘ ਭੈਣੀ ਦੀ ਨਮਿਤ ਅੰਤਿਮ ਅਰਦਾਸ

### ਵੱਖ-ਵੱਖ ਆਗੂਆਂ ਨੇ ਭੇਟ ਕੀਤੀ ਸ਼ਰਧਾਂਜ਼ਲੀ

ਲੁਧਿਆਣਾ : (ਪਰਵਿੰਦਰ ਕੁਮਾਰ) ਪੰਜਾਬ ਦੀ ਰਾਜਨੀਤੀ ਦੇ ਉੱਚੇ ਆਦਰ ਅਤੇ ਇਮਾਨਦਾਰੀ ਦੇ ਪ੍ਰਤੀਕ, ਸਰਦਾਰ ਗੁਰਦੀਪ ਸਿੰਘ ਭੈਣੀ ਜੋ ਪਿਛਲੇ ਦਿਨੀਂ 12 ਜਨਵਰੀ ਨੂੰ ਇਸ ਫਾਨੀ ਸੰਸਾਰ ਨੂੰ ਅਲਵੀਦਾ ਆਖ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਵਿਰਾਜੇ ਸਨ। ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਲੁਧਿਆਣਾ ਦੇ ਹਲਕਾ ਜਗਰਾਓਂ ਦੇ ਪਿੰਡ ਭੈਣੀ ਅਰਾਈਆਂ ਵਿਖੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਭੋਗ ਸਮਾਗਮ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ, ਜਗਮੀਤ ਸਿੰਘ ਬਰਾੜ, ਸੁਖਪਾਲ ਸਿੰਘ ਖਹਿਰਾ ਸਣੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਸਾਬਕਾ ਵਿਧਾਇਕ ਸਭਾ ਸਪੀਕਰ ਚਰਨਜੀਤ ਸਿੰਘ ਅਟਵਾਲ ਅਤੇ ਹੋਰ ਦਿਗੱਜ ਲੀਡਰਾਂ ਨੇ ਸ਼ਰਧਾਂਜਲੀ ਭੇਟ ਕੀਤੀ।

ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆ ਸਰਦਾਰ ਭੈਣੀ ਜੀ ਦੀ ਵੱਡੀ ਸਪੁੱਤਰੀ ਨੇ ਦੱਸਿਆ ਕਿ ਬਚਪਨ ਵਿੱਚ ਹੀ ਗੁਰਦੀਪ ਸਿੰਘ ਭੈਣੀ ਜੀ ਦੇ ਸਿਰ ਤੋਂ ਪਿਤਾ ਹਰਨਾਮ ਸਿੰਘ ਤੂਰ ਦਾ ਸਾਇਆ ਉੱਠ ਗਿਆ। 1947 ਦੀ ਵੰਡ ਸਮੇਂ ਉਹ ਸਿਰਫ 13 ਸਾਲ ਦੇ ਸਨ ਜਦੋਂ ਮਾਤਾ ਬਚਨ ਕੌਰ ਜੀ ਤੇ ਦੋ ਵੱਡੇ ਭਰਾਵਾਂ ਨਾਲ ਪਾਕਿਸਤਾਨ ਤੋਂ ਭਾਰਤ ਆਏ ਅਤੇ ਸਿੱਧਵਾਂ ਬੇਟ ਨੇੜਲੇ ਪਿੰਡ ਭੈਣੀ ਅਰਾਈਆਂ ਆ ਵਸੇ। ਮੁਸ਼ਕਿਲ ਹਲਾਤਾਂ ਨਾਲ ਅਣਥੱਕ ਮਿਹਨਤ ਦੇ ਨਾਲ ਗੁਰਦੀਪ ਸਿੰਘ ਭੈਣੀ ਚੰਗੀ ਪੜ੍ਹਾਈ ਕਰਕੇ ਪਟਵਾਰੀ ਦੀ ਨੌਕਰੀ ਲੱਗ ਗਏ। ਉਹਨਾਂ ਦੀ ਸਾਦਗੀ ਤੇ ਦ੍ਰਿੜ ਇੱਛਾ ਸ਼ਕਤੀ ਦਾ ਪ੍ਰਤੀਕ ਇਹ ਸੀ ਕਿ ਉਹ ਆਪਣੇ ਪਿੰਡ ਤੋਂ ਭੈਣੀ ਸਾਹਿਬ ਤੱਕ ਸਾਇਕਲ ਉੱਤੇ ਹੀ ਜਾਂਦੇ ਸਨ।ਉਨ੍ਹਾਂ ਦੇ ਦੋ ਪੁੱਤਰ ਹਨ, ਮੇਜਰ ਸਿੰਘ ਭੈਣੀ, ਜੋ ਕਾਂਗਰਸ ਪਾਰਟੀ ਨਾਲ ਰਾਜਨੀਤੀ ਵਿੱਚ ਸਰਗਰਮ ਹਨ ਅਤੇ ਦਾਖਾ ਵਿਧਾਨ ਸਭਾ ਹਲਕੇ ਤੋਂ ਚੋਣਾਂ ਲੜ ਚੁੱਕੇ ਹਨ। ਸੁਖਦੇਵ ਸਿੰਘ ਤੂਰ ਕੈਨੇਡਾ ਵਿੱਚ ਇੱਕ ਪ੍ਰਮੁੱਖ ਕਾਰੋਬਾਰੀ ਹਨ।



ਇਸ ਤੋਂ ਇਲਾਵਾ ਤਮਾਮ ਵੱਡੇ ਸਿਆਸੀ ਲੀਡਰਾਂ ਨੇ ਵੀ ਸੰਬੋਧਨ ਕਰਦਿਆ ਜਿਥੇ ਮਰਹੂਮ ਗੁਰਦੀਪ ਸਿੰਘ ਭੈਣੀ ਨੂੰ ਦਰਵੇਸ਼ ਤੇ ਬੇਦਾਗ ਸਿਆਸਤਦਾਨ ਦੱਸਿਆ।ਜਿਨ੍ਹਾਂ ਵੱਲੋਂ ਵਿਧਾਇਕ ਰਹਿੰਦੇ ਆਪਣੇ ਹਲਕੇ 'ਚ ਕਰਵਾਏ ਗਏ ਕਾਰਜਾਂ ਦੀ ਸ਼ਲਾਘਾ ਕੀਤੀ। ਭੋਗ ਸਮਾਗਮ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਭੈਣੀ ਪਰਿਵਾਰ ਨਾਲ ਮਿਲਕੇ ਹਮਦਰਦੀ ਦਾ ਪ੍ਰਗਟਾਵਾ ਕੀਤਾ।ਵਾਪਸ ਜਾਣ ਤੋਂ ਪਹਿਲਾਂ ਉਨ੍ਹਾਂ ਮਰਹੂਮ ਭੈਣੀ ਦੇ ਪੁੱਤਰ ਤੇ ਹਲਕਾ ਦਾਖਾ ਤੋਂ ਕਾਂਗਰਸ ਪਾਰਟੀ ਦੀ ਟਿਕਟ 'ਤੇ ਵਿਧਾਨ ਸਭਾ ਚੋਣ ਲੜ ਚੁੱਕੇ ਮੇਜਰ ਸਿੰਘ ਭੈਣੀ ਤੇ ਪਰਿਵਾਰ ਨਾਲ ਬੰਦ ਕਮਰਾ ਮੀਟਿੰਗ ਵੀ ਕੀਤੀ।

ਕਾਬਲੇਜ਼ਿਕਰ ਹੈ ਕਿ ਮਰਹੂਮ ਗੁਰਦੀਪ ਸਿੰਘ ਭੈਣੀ ਨੇ ਸਰਪੰਚ ਵਜੋਂ ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਕੀਤੀ। 1985 ਵਿੱਚ ਉਹਨਾਂ ਨੇ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਲੜੀਆਂ ਸਨ। ਸੁਰਜੀਤ ਸਿੰਘ ਬਰਨਾਲਾ ਸਰਕਾਰ ਦੌਰਾਨ ਉਹਨਾਂ ਨੂੰ ਟੀਯੂਵੀ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਉਹਨਾਂ ਨੇ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕ ਵਜੋਂ ਨੁਮਾਇੰਦਗੀ ਕੀਤੀ ਅਤੇ ਬਾਅਦ ਵਿੱਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਕੇ ਵਿਧਾਨ ਸਭਾ ਵਿੱਚ ਵਾਪਿਸ ਆਏ। ਇਸ ਮਗਰੋਂ ਉਹ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਉੱਤੇ ਜਗਰਾਉਂ ਤੋਂ ਵਿਧਾਇਕ ਵੀ ਚੁਣੇ ਗਏ। ਕਈ ਸਾਲਾਂ ਬਾਅਦ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਕਾਂਗਰਸ ਵੱਲੋਂ ਚੋਣ ਲੜ ਕੇ ਉਹ ਦੂਜੇ ਵਾਰ ਜਗਰਾਊਂ ਦੇ ਵਿਧਾਇਕ ਬਣੇ ਸਨ। ਉਨ੍ਹਾਂ ਦੇ ਰਾਜਨੀਤਿਕ ਕਰੀਅਰ ਵਿੱਚ ਇੱਕ ਮਹੱਤਵਪੂਰਨ ਮੋੜ 2007 ਵਿੱਚ ਆਇਆ, ਜਦੋਂ ਉਨ੍ਹਾਂ ਨੇ ਕਾਂਗਰਸ ਦੀ ਟਿਕਟ 'ਤੇ ਚੋਣ ਲੜੀ ਅਤੇ ਆਪਣੇ ਵਿਰੋਧੀ ਭਾਗ ਸਿੰਘ ਮੱਲਾ ਨੂੰ ਹਰਾਇਆ। ਉਹ ਜਗਰਾਉਂ ਅਤੇ ਦਾਖਾ ਵਿਧਾਨ ਸਭਾ ਹਲਕਿਆਂ ਵਿੱਚ ਇੱਕ ਮਜ਼ਬੂਤ ਸਮਰਥਨ ਅਧਾਰ ਵਾਲੇ ਨੇਤਾ ਵਜੋਂ ਜਾਣੇ ਜਾਂਦੇ ਸਨ।

# ਕੈਨੇਡਾ ਵਿੱਚ ਜਬਰਨ ਵਸੂਲੀ ਦੀਆਂ ਵਧਦੀਆਂ ਧਮਕੀਆਂ ਪਿੱਛੇ ਪੰਜਾਬੀ ਗੈਂਗਸਟਰ

ਸਰੀ, 27 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿੱਚ ਜਬਰਨ ਵਸੂਲੀ ਦੀਆਂ ਧਮਕੀਆਂ ਵਿਰੁੱਧ ਇੱਕ ਵੱਡੀ ਕਾਰਵਾਈ ਕਰਦਿਆਂ ਸਰੀ ਸਿਟੀ ਕੌਂਸਲ ਨੇ ਸਥਾਨਕ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਹੈ। ਕੈਨੇਡਾ ਵਿੱਚ ਕਿਸੇ ਵੀ ਅਪਰਾਧ ਵਿਰੁੱਧ ਅਜਿਹੀ ਕਾਰਵਾਈ ਕਰਨ ਵਾਲੀ ਇਹ ਪਹਿਲੀ ਚੁਣੀ ਹੋਈ ਕੌਂਸਲ ਹੈ। ਦੱਖਣੀ ਏਸ਼ੀਆਈ ਲੋਕਾਂ ਤੋਂ ਜਬਰਨ ਵਸੂਲੀ ਵਿੱਚ ਪੰਜਾਬੀ ਗੈਂਗਸਟਰਾਂ ਦੀ ਸਭ ਤੋਂ ਵੱਧ ਸ਼ਮੂਲੀਅਤ ਦੱਸੀ ਜਾ ਰਹੀ ਹੈ। ਕੈਨੇਡਾ ਮੀਡੀਆ ਦੀਆਂ ਰਿਪੋਰਟਾਂ ਅਨੁਸਾਰ ਮੇਅਰ ਬਰੈਂਡਾ ਲੋਕ ਨੇ ਇਸ ਮਤੇ ਦੀ ਅਗਵਾਈ ਕੀਤੀ, ਜਿਸ ਨੂੰ 26 ਜਨਵਰੀ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਸ ਵਿੱਚ ਇਨ੍ਹਾਂ ਅਪਰਾਧਾਂ ਦੀ ਭਿਆਨਕ ਪ੍ਰਕਿਰਤੀ 'ਤੇ ਜ਼ੋਰ ਦਿੱਤਾ ਗਿਆ ਹੈ, ਜੋ ਸਥਾਨਕ ਸਰੋਤਾਂ ਅਤੇ ਰਵਾਇਤੀ ਪੁਲੀਸਿੰਗ ਯਤਨਾਂ ਤੋਂ ਬਾਹਰ ਹੋ ਗਏ ਹਨ। ਕੌਂਸਲ ਹੁਣ ਸੰਘੀ ਸਰਕਾਰ ਨੂੰ ਅਪੀਲ ਕਰ ਰਹੀ ਹੈ ਕਿ ਉਹ ਰਾਸ਼ਟਰੀ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕਰਕੇ ਜਾਂ ਇਸ ਦੇ ਬਰਾਬਰ ਦੇ ਅਸਾਧਾਰਨ ਕਦਮ ਚੁੱਕ ਕੇ ਇਸ ਦੀ ਪਾਲਣਾ ਕਰੇ, ਜਿਸ ਨੂੰ ਲੋਕ ਨੇ ਅੰਤਰਰਾਸ਼ਟਰੀ ਖਤਰਾ ਦੱਸਿਆ ਹੈ। ਕੌਂਸਲ ਦੀ ਮੀਟਿੰਗ ਦੌਰਾਨ ਮੇਅਰ ਲੋਕ ਨੇ ਕਿਹਾ, ''ਇਹ ਇੱਕ ਅਜਿਹਾ ਸੰਕਟ ਹੈ ਜਿਸ ਨੇ ਪਰਿਵਾਰਾਂ ਨੂੰ ਦਹਿਸ਼ਤਜ਼ਦਾ ਕਰ ਦਿੱਤਾ ਹੈ ਅਤੇ ਕਾਰੋਬਾਰ ਘੇਰੇ ਵਿੱਚ ਹਨ। ਸਰੀ ਸ਼ਹਿਰ ਇਹ ਸਵੀਕਾਰ ਕਰਦਾ ਹੈ ਕਿ ਅਸੀਂ ਜਬਰਨ ਵਸੂਲੀ ਅਤੇ ਇਸ ਨਾਲ ਸਬੰਧਤ ਹਿੰਸਾ ਦੇ ਕਾਰਨ ਐਮਰਜੈਂਸੀ ਦੀ ਸਥਿਤੀ ਵਿੱਚ ਹਾਂ ਜਿਸ ਨੇ ਸਾਡੇ ਸ਼ਹਿਰ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ।'' ਮਤੇ ਵਿੱਚ ਇੱਕ ਮਜ਼ਬੂਤ ਪ੍ਰਤੀਕਿਰਿਆ ਦਾ ਤਾਲਮੇਲ ਕਰਨ ਲਈ ਇੱਕ ਸੰਘੀ ਕੈਨੇਡੀਅਨਾਂ ਵਿਰੁੱਧ ਹਿੰਸਾ ਲਈ ਜਬਰਨ ਵਸੂਲੀ ਬਾਰੇ ਕਮਿਸ਼ਨਰ ਦੀ ਨਿਯੁਕਤੀ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚ ਵਾਧੂ ਆਰਸੀਐਮਪੀ (RCMP) ਸੰਗਠਿਤ ਅਪਰਾਧ ਯੂਨਿਟਾਂ ਦੀ ਤਾਇਨਾਤੀ, ਇਨ੍ਹਾਂ ਅਪਰਾਧਾਂ ਵਿੱਚ ਸ਼ਾਮਲ ਗੈਰ-ਨਾਗਰਿਕਾਂ ਨੂੰ ਜਲਦੀ ਦੇਸ਼ ਨਿਕਾਲਾ ਦੇਣਾ ਅਤੇ ਅਪਰਾਧੀਆਂ ਨੂੰ ਤੇਜ਼ੀ ਨਾਲ ਹਿਰਾਸਤ ਵਿੱਚ ਲੈਣ ਅਤੇ ਹਟਾਉਣ ਲਈ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

FHA SELF-EMPLOYED
No Tax Returns
No Bank Statements
Are you self-employed and dreaming of homeownership?
3.50% Down Payment
96.50% Financing
If you're a business owner or entrepreneur, you know that traditional loans don't always reflect your true financial picture. The FHA Self-Employed Loan Program is designed with you in mind—offering a flexible path to homeownership without the steep rates and large down payments that often come with Non-QM loans.
Income qualifies from Tax Preparer Prepared P&L's and Balance Sheet.
Minimum Credit Score : 640
Must be Self Employed for 2 Years With State of California.
Gary Sharma
Production Coordinator
Landmark Realty, Inc
Harry B Gill
Broker, 01973170
Realtor / Loan Officer
Landmark Realty, Inc

GILL INSURANCE
CROP INSURANCE
JKG INSURANCE
★Gas Stations
★Commercial Business
★Home & Auto
★Farm & Ranch
★Workers Compensation
Nationwide
CALL US FOR YOUR INSURANCE NEEDS
HARRY S. GILL 800.348.2767
AVTAR S. GILL 559.864.8800

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸੰਬੰਧੀ ਸਲਾਹ ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਬੌਬੀ ਸਿੰਘ
Address : 120-20 101 Avenue S Richmond Hill NY 11419
ਫ਼ੋਨ : 718.262.9700
ਫੈਕਸ : 516.439.5418
ਸੈੱਲ : 718.757.7809

ਬਾਬਾ ਬੰਗਾਲੀ ਜੀ
ਹਰ ਮਸਲੇ ਦਾ ਹੱਲ ਪਾਓ 100% ਗਰੰਟੀ ਨਾਲ
ਤਕਦੀਰ ਕਦੋਂ ਬਦਲੇਗੀ ਤੁਹਾਡੀ ? ਹੁਣੇ ਫੋਨ ਕਰੋ
GET SOLUTION OF ALL LIFE PROBLEMS - LOVE MARRIAGE, FAMILY, WIFE-HUSBAND DISPUTES, BUSINESS Etc.
ਪ੍ਰੇਮ ਵਿਆਹ, ਦੁਸ਼ਮਣ, ਪਤੀ-ਪਤਨੀ ਦਾ ਝਗੜਾ, ਵਿਆਹ, ਕਾਰੋਬਾਰ ਵਿਚ ਘਾਟਾ, ਤਲਾਕ, ਮੁਕੱਦਮਾ ਆਦਿ।
+91-88659-43476















# ਟਰੰਪ ਅਤੇ ਮਾਰਕ ਕਾਰਨੀ ਵਿਚ ਖੜਕੀ

### ਅਮਰੀਕਾ ਨੇ ਵਾਪਸ ਲਿਆ ਕੈਨੇਡਾ ਨੂੰ ਭੇਜਿਆ ਸੱਦਾ

ਵਾਸ਼ਿੰਗਟਨ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਤਿੱਖੇ ਸ਼ਬਦ ਅਮਰੀਕਾ ਦੇ ਰਾਸ਼ਟਰਪਤੀ ਨੂੰ ਐਨੇ ਚੁਭੇ ਕਿ ਬੋਰਡ ਆਫ਼ ਪੀਸ ਵਿਚ ਸ਼ਮੂਲੀਅਤ ਲਈ ਕੈਨੇਡਾ ਨੂੰ ਭੇਜਿਆ ਸੱਦਾ ਵਾਪਸ ਲੈਣ ਦਾ ਐਲਾਨ ਕਰ ਦਿਤਾ। ਵੀਰਵਾਰ ਦੇਰ ਸ਼ਾਮ ਸੋਸ਼ਲ ਮੀਡੀਆ ਰਾਹੀਂ ਟਿੱਪਣੀ ਕਰਦਿਆਂ ਡੌਨਲਡ ਟਰੰਪ ਨੇ ਕਿਹਾ, ''ਪਿਆਰੇ ਪ੍ਰਧਾਨ ਮੰਤਰੀ ਮਾਰਕ ਕਾਰਨੀ, ਕਿਰਪਾ ਕਰ ਕੇ ਧਿਆਨ ਦਿਉ ਕਿ ਬੋਰਫ਼ ਆਫ਼ ਪੀਸ ਵਿਚ ਸ਼ਮੂਲੀਅਤ ਲਈ ਕੈਨੇਡਾ ਨੂੰ ਭੇਜਿਆ ਸੱਦਾ ਵਾਪਸ ਲਿਆ ਜਾ ਰਿਹਾ ਹੈ।'' ਫ਼ਿਲਹਾਲ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਇਸ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਗਈ। ਦੱਸ ਦੇਈਏ ਕੈਨੇਡਾ ਦਾ ਸੱਦਾ ਭਾਵੇਂ ਟਰੰਪ ਨੇ ਖੁਦ ਵਾਪਸ ਲਿਆ ਹੈ ਪਰ ਯੂ.ਕੇ ਅਤੇ ਫ਼ਰਾਂਸ ਵਰਗੇ ਮੁਲਕਾਂ ਨੇ ਅਮਰੀਕਾ ਨੂੰ ਅੱਖਾਂ ਦਿਖਾਉਂਦਿਆਂ ਬੋਰਡ ਆਫ਼ ਪੀਸ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿਤੀ। ਦੋਹਾਂ ਮੁਲਕਾਂ ਦਾ ਕਹਿਣਾ ਹੈ ਕਿ ਇਹ ਬੋਰਡ, ਸੰਯੁਕਤ ਰਾਸ਼ਟਰ ਦੇ ਨਿਯਮਾਂ ਦੀ ਉਲੰਘਣਾ ਕਰਦਾ ਹੈ। ਟਰੰਪ ਵੱਲੋਂ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਵੀ ਸੱਦਾ ਭੇਜਿਆ ਗਿਆ ਅਤੇ ਪੂਤਿਨ ਦਾ ਕਹਿਣਾ ਹੈ ਕਿ ਉਹ ਬੋਰਡ ਆਫ਼ ਪੀਸ ਵਿਚ ਸ਼ਾਮਲ ਹੋਣ 'ਤੇ ਵਿਚਾਰ ਕਰ ਰਹੇ ਹਨ। ਬੋਰਡ ਵਿਚ ਪੱਕੀ ਸੀਟ ਹਾਸਲ ਕਰਨ ਵਾਸਤੇ ਹਰ ਮੁਲਕ ਨੂੰ ਇਕ ਅਰਬ ਡਾਲਰ ਦੀ ਰਕਮ ਦੇਣੀ ਹੋਵੇਗੀ ਅਤੇ ਵਿੱਤ ਮੰਤਰੀ ਫਰਾਂਸਵਾ ਫਿਲਿਪ ਸ਼ੈਂਪੇਨ ਪਹਿਲਾਂ ਹੀ ਆਖ ਚੁੱਕੇ ਹਨ ਕਿ ਕੈਨੇਡਾ ਸਰਕਾਰ ਐਨੀ ਮੋਟੀ ਰਕਮ ਖਰਚ ਕਰਨ ਦੀ ਹਾਲਤ ਵਿਚ ਨਹੀਂ।



ਸਵਿਟਜ਼ਰਲੈਂਡ ਦੇ ਦਾਵੋਸ ਸ਼ਹਿਰ ਵਿਚ ਵਰਲਡ ਇਕਨੌਮਿਕ ਫ਼ੋਰਮ ਦੌਰਾਨ ਮਾਰਕ ਕਾਰਨੀ ਦਾ ਭਾਸ਼ਣ ਟਰੰਪ ਨੂੰ ਬਿਲਕੁਲ ਵੀ ਚੰਗਾ ਨਾ ਲੱਗਾ ਅਤੇ ਇਸ ਮਗਰੋਂ ਉਨ੍ਹਾਂ ਨੇ ਕੈਨੇਡਾ ਦੇ ਸਾਹ, ਅਮਰੀਕਾ ਦੀ ਬਦੌਲਤ ਚਲਦੇ ਹੋਣ ਦੀ ਗੱਲ ਆਖ ਦਿਤੀ। ਇਸ ਦੇ ਜਵਾਬ ਵਿਚ ਮਾਰਕ ਕਾਰਨੀ ਨੇ ਸਪੱਸ਼ਟ ਲਫ਼ਜ਼ਾਂ ਵਿਚ ਕਹਿ ਦਿਤਾ ਕਿ ਕੈਨੇਡਾ ਦੀ ਖ਼ੁਸ਼ਹਾਲੀ, ਕੈਨੇਡੀਅਨਜ਼ ਦੀ ਬਦੌਲਤ ਹੈ। ਮਾਰਕ ਕਾਰਨੀ ਨੇ ਇਹ ਜ਼ਰੂਰ ਕਿਹਾ ਕਿ ਕੈਨੇਡਾ ਅਤੇ ਅਮਰੀਕਾ ਦਰਮਿਆਨ ਮਾਣਮਤੀ ਭਾਈਵਾਲੀ ਚਲਦੀ ਆਈ ਹੈ ਅਤੇ ਦੋਹਾਂ ਮੁਲਕਾਂ ਨੇ ਆਰਥਿਕ ਮੋਰਚੇ ਸਣੇ ਸੁਰੱਖਿਆ ਬੰਦੋਬਸਤ ਦੇ ਮਸਲੇ 'ਤੇ ਵੱਡਾ ਸਹਿਯੋਗ ਕੀਤਾ।

ਇਥੋਂ ਤੱਕ ਕਿ ਸਭਿਆਰਕ ਵਟਾਂਦਰਾ ਵੀ ਮੁੱਢ ਕਦੀਮ ਤੋਂ ਹੁੰਦਾ ਆਇਆ ਹੈ ਪਰ ਕੈਨੇਡਾ ਦੇ ਸਾਹਾਂ ਦੀ ਡੋਰ ਅਮਰੀਕਾ ਨਾਲ ਬੰਨ੍ਹੀ ਨਹੀਂ ਜਾ ਸਕਦੀ। ਮਾਰਕ ਕਾਰਨੀ ਦੀਆਂ ਇਨ੍ਹਾਂ ਟਿੱਪਣੀਆਂ ਤੋਂ ਟਰੰਪ ਖਿਝ ਗਏ ਅਤੇ ਬੋਰਫ਼ ਆਫ਼ ਪੀਸ ਵਿਚ ਸ਼ਾਮਲ ਹੋਣ ਦਾ ਸੱਦਾ ਵਾਪਸ ਲੈ ਲਿਆ। ਦੂਜੇ ਪਾਸੇ ਸਿਰਫ਼ 35 ਮੁਲਕ ਹੀ ਬੋਰਡ ਵਿਚ ਸ਼ਾਮਲ ਹੋ ਸਕੇ ਜਦਕਿ ਸੱਦਾ 60 ਮੁਲਕਾਂ ਨੂੰ ਭੇਜਿਆ ਗਿਆ ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ।

# ਕੈਨੇਡਾ ਨੇ ਪੱਕੇ ਕੀਤੇ 1.77 ਲੱਖ ਟੈਂਪਰੇਰੀ ਰੈਜ਼ੀਡੈਂਟਸ

### 38 ਲੱਖ ਲੋਕਾਂ ਦਾ ਭਵਿੱਖ ਹਨੇਰੇ ਵਿਚ, ਹਜ਼ਾਰਾਂ ਪੰਜਾਬੀ ਹੋਏ ਰੋਟੀ ਤੋਂ ਮੋਹਤਾਜ



ਟੋਰਾਂਟੋ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ 40 ਲੱਖ ਤੋਂ ਵੱਧ ਟੈਂਪਰੇਰੀ ਰੈਜ਼ੀਡੈਂਟਸ ਦੇ ਵੀਜ਼ਾ ਜਾਂ ਵਰਕ ਪਰਮਿਟ ਖ਼ਤਮ ਹੋਣ ਦੀਆਂ ਰਿਪੋਰਟਾਂ ਦਰਮਿਆਨ 1 ਲੱਖ 77 ਹਜ਼ਾਰ ਟੈਂਪਰੇਰੀ ਰੈਜ਼ੀਡੈਂਟਸ ਨੂੰ ਪੀ.ਆਰ. ਮਿਲ ਗਈ ਪਰ ਦੂਜੇ ਪਾਸੇ ਰੋਟੀ ਤੋਂ ਮੋਹਤਾਜ ਪੰਜਾਬੀਆਂ ਦਾ ਅੰਕੜਾ ਹਜ਼ਾਰਾਂ ਤੋਂ ਵੀ ਅੱਗੇ ਲੰਘ ਗਿਆ ਜਿਨ੍ਹਾਂ ਦਾ ਵਰਕ ਪਰਮਿਟ ਐਕਸਪਾਇਰ ਹੋ ਚੁੱਕਾ ਹੈ ਅਤੇ ਕਾਨੂੰਨੀ ਤੌਰ 'ਤੇ ਕੰਮ ਨਹੀਂ ਕਰ ਸਕਦੇ। ਟੋਰਾਂਟੋ ਰਹਿੰਦਾ ਅਰਸ਼ਦੀਪ ਇਨ੍ਹਾਂ ਵਿਚੋਂ ਇਕ ਹੈ ਅਤੇ ਮਹਿੰਗੇ ਸ਼ਹਿਰ ਦੇ ਮੋਟੇ ਖਰਚੇ ਬਰਦਾਸ਼ਤ ਕਰਨੇ ਉਸ ਦੇ ਵਸ ਵਿਚ ਨਹੀਂ ਰਹੇ। ਅਰਸ਼ਦੀਪ ਦਾ ਕਹਿਣਾ ਹੈ ਕਿ ਫਰੌਡ ਹੋਣ ਦਾ ਦੋਸ਼ ਲਾ ਕੇ ਉਸ ਦੀ ਅਰਜ਼ੀ ਰੱਦ ਕੀਤੀ ਗਈ। ਉਨਟਾਰੀਓ ਸਰਕਾਰ ਇਹ ਦੋਸ਼ ਸਾਬਤ ਕਰ ਦੇਵੇ ਤਾਂ ਉਹ ਬਗੈਰ ਦੇਰ ਕੀਤਿਆਂ ਕੈਨੇਡਾ ਛੱਡ ਕੇ ਚਲਾ ਜਾਵੇਗਾ ਪਰ ਦਸਤਾਵੇਜ਼ਾਂ ਦੀ ਨਜ਼ਰਸਾਨੀ ਨਿਰਪੱਖ ਤਰੀਕੇ ਨਾਲ ਹੋਵੇ। ਉਨਟਾਰੀਓ ਇੰਮੀਗ੍ਰੈਂਟ ਨੌਮਿਨੀ ਪ੍ਰੋਗਰਾਮ ਤਹਿਤ ਰੱਦ ਉਮੀਦਵਾਰਾਂ ਵਿਚ ਸ਼ਾਮਲ ਅਰਮਿੰਦਰ ਦੇ ਹਾਲਾਤ ਵੀ ਬਹੁਤੇ ਚੰਗੇ ਨਹੀਂ ਜਿਸ ਦਾ ਵਰਕ ਪਰਮਿਟ ਜਲਦ ਖ਼ਤਮ ਹੋਣ ਵਾਲਾ ਹੈ। ਉਧਰ ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਇੰਮੀਗ੍ਰੇਸ਼ਨ ਸਟੇਟਸ ਬਹਾਲ ਰੱਖਣਾ ਬੇਹੱਦ ਲਾਜ਼ਮੀ ਹੈ ਜੇ ਤੁਸੀਂ ਕੈਨੇਡਾ ਵਿਚ ਪੱਕੇ ਤੌਰ 'ਤੇ ਵਸਣਾ ਚਾਹੁੰਦੇ ਹੋ। ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਸੇਵਾਵਾਂ ਵਿਭਾਗ ਦੇ ਅੰਕੜਿਆਂ ਮੁਤਾਬਕ 2025 ਦੌਰਾਨ 21 ਲੱਖ ਟੈਂਪਰੇਰੀ ਰੈਜ਼ੀਡੈਂਟਸ ਦੇ ਪਰਮਿਟ ਐਕਸਪਾਇਰ ਹੋਏ ਅਤੇ ਇਸ ਸਾਲ 18 ਲੱਖ ਲੋਕਾਂ ਦੇ ਵੀਜ਼ਾ ਖ਼ਤਮ ਹੋ ਜਾਣਗੇ।

ਸਭ ਤੋਂ ਵੱਡਾ ਖ਼ਤਰਾ ਕੌਮਾਂਤਰੀ ਵਿਦਿਆਰਥੀਆਂ 'ਤੇ ਮੰਡਰਾਅ ਰਿਹਾ ਹੈ ਅਤੇ 2 ਲੱਖ 65 ਹਜ਼ਾਰ ਵੀਜ਼ੇ ਮੌਜੂਦਾ ਵਰ੍ਹੇ ਦੌਰਾਨ ਖ਼ਤਮ ਹੋ ਰਹੇ ਹਨ। ਇੰਮੀਗ੍ਰੇਸ਼ਨ ਵਕੀਲ ਮਾਰੀਓ ਬੈਲਿਜ਼ਮੋ ਦਾ ਕਹਿਣਾ ਹੈ ਕਿ ਵੀਜ਼ਾ ਜਾਂ ਵਰਕ ਪਰਮਿਟ ਐਕਸਪਾਇਰ ਹੋਣ ਦਾ ਅੰਕੜਾ ਬਹੁਤਾ ਹੈਰਾਨਕੁੰਨ ਨਹੀਂ ਕਿਉਂਕਿ ਕੈਨੇਡਾ ਸਰਕਾਰ ਚੰਗੀ ਤਰ੍ਹਾਂ ਜਾਣਦੀ ਸੀ ਕਿ ਧੜਾ ਧੜ ਜਾਰੀ ਵੀਜ਼ੇ ਜਾਂ ਵਰਕ ਇਕ ਨਾ ਦਿਨ ਖ਼ਤਮ ਵੀ ਹੋਣਗੇ। 40 ਲੱਖ ਵਿਚੋਂ ਜ਼ਿਆਦਾਤਰ ਵਿਦੇਸ਼ੀ ਨਾਗਰਿਕ ਕੈਨੇਡਾ ਵਿਚ ਪੱਕਾ ਹੋਣ ਦੇ ਇਰਾਦੇ ਨਾਲ ਆਏ। ਇਨ੍ਹਾਂ ਵਿਚੋਂ ਵਿਜ਼ਟਰ ਵੀਜ਼ਾ ਵਾਲਿਆਂ ਨੂੰ ਕੱਢ ਦਿਤਾ ਜਾਵੇ ਤਾਂ ਵੀ ਅੰਕੜਾ 2 ਮਿਲੀਅਨ ਦੇ ਨੇੜੇ ਬਣਦਾ ਹੈ ਅਤੇ 2026 ਵਿਚ ਸਿਰਫ਼ 3 ਲੱਖ 80 ਹਜ਼ਾਰ ਨੂੰ ਪਰਮਾਨੈਂਟ ਰੈਜ਼ੀਡੈਂਸੀ ਮਿਲਣੀ ਹੈ। ਲੱਖਾਂ ਦੀ ਗਿਣਤੀ ਵਿਚ ਵਿਦੇਸ਼ੀ ਨਾਗਰਿਕ ਪਹਿਲਾਂ ਹੀ ਕੈਨੇਡਾ ਵਿਚ ਗੈਰਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਅਤੇ ਹੁਣ ਅਜਿਹੇ ਪ੍ਰਵਾਸੀਆਂ ਦਾ ਅੰਕੜਾ ਵਧ ਕੇ ਦੁੱਗਣਾ ਹੋ ਸਕਦਾ ਹੈ। ਹਾਲਾਤ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਨਵੰਬਰ 2025 ਦੌਰਾਨ ਕੈਨੇਡਾ ਵੱਲੋਂ ਸਿਰਫ਼ 2,485 ਸਟੱਡੀ ਵੀਜ਼ਾ ਜਾਰੀ ਕੀਤੇ ਗਏ ਜਦਕਿ ਦੋ ਸਾਲ ਪਹਿਲਾਂ ਇਹ ਅੰਕੜਾ 90 ਹਜ਼ਾਰ ਤੋਂ ਉਤੇ ਦਰਜ ਕੀਤਾ ਗਿਆ।

ਇੰਮੀਗ੍ਰੇਸ਼ਨ ਵਕੀਲਾਂ ਦੇ ਦਫ਼ਤਰਾਂ ਵਿਚ ਆਵਾਜਾਈ ਘਟ ਚੁੱਕੀ ਹੈ ਅਤੇ ਕੈਨੇਡਾ ਦਾ ਸਟੱਡੀ ਵੀਜ਼ਾ ਲੈਣ ਦੇ ਇੱਛਕ ਲੋਕਾਂ ਦੀ ਗਿਣਤੀ ਵੀ ਅੱਧੀ ਤੋਂ ਹੇਠਾਂ ਆ ਚੁੱਕੀ ਹੈ। ਇੰਮੀਗ੍ਰੇਸ਼ਨ ਵਿਭਾਗ ਦੇ ਅੰਕੜਿਆਂ ਉਤੇ ਝਾਤ ਮਾਰੀ ਜਾਵੇ ਤਾਂ ਦਸੰਬਰ 2024 ਵਿਚ 5 ਲੱਖ 98 ਹਜ਼ਾਰ ਇੰਟਰਨੈਸ਼ਨਲ ਸਟੂਡੈਂਟਸ ਕੈਨੇਡਾ ਵਿਚ ਮੌਜੂਦ ਸਨ ਪਰ ਪਿਛਲੇ ਸਾਲ ਇਹ ਅੰਕੜਾ 4 ਲੱਖ 76 ਹਜ਼ਾਰ ਰਹਿ ਗਿਆ ਅਤੇ ਮੋਟੇ ਤੌਰ 'ਤੇ ਸਵਾ ਲੱਖ ਦੀ ਕਮੀ ਦੇਖੀ ਜਾ ਸਕਦੀ ਹੈ। ਉਧਰ ਵਰਕ ਪਰਮਿਟ 'ਤੇ ਮੌਜੂਦ ਲੋਕਾਂ ਦੀ ਗਿਣਤੀ ਵਿਚ ਵਾਧਾ ਦਰਜ ਕੀਤਾ ਗਿਆ ਹੈ। ਦਸੰਬਰ 2024 ਵਿਚ 14 ਲੱਖ 61 ਹਜ਼ਾਰ ਪ੍ਰਵਾਸੀ ਵਰਕ ਪਰਮਿਟ 'ਤੇ ਸਨ ਅਤੇ ਪਿਛਲੇ ਸਾਲ ਇਹ ਅੰਕੜਾ 14 ਲੱਖ 91 ਹਜ਼ਾਰ ਹੋ ਗਿਆ।

# ਕੈਨੇਡਾ 'ਚ ਹੌਲਨਾਕ ਹਾਦਸਾ, ਪੰਜਾਬੀ ਨੌਜਵਾਨ ਦੀ ਮੌਤ

### ਕੈਲੇਡਨ ਦੇ ਹਾਈਵੇਅ 9 'ਤੇ ਤੇਜ਼ ਰਫ਼ਤਾਰ ਪਿਕਅੱਪ ਟਰੱਕ ਨੇ ਮਾਰੀ ਟੱਕਰ

ਕੈਲੇਡਨ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਵਾਪਰੇ ਦਰਦਨਾਕ ਹਾਦਸੇ ਦੌਰਾਨ 22 ਸਾਲਾ ਨਵਜੋਤ ਸਿੰਘ ਦਮ ਤੋੜ ਗਿਆ। ਨਵਜੋਤ ਦੇ ਪਿਤਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਬੇਟਾ ਸਤੰਬਰ 2023 ਵਿਚ ਸਟੱਡੀ ਵੀਜ਼ਾ 'ਤੇ ਕੈਨੇਡਾ ਪੁੱਜਾ ਅਤੇ ਪੜ੍ਹਾਈ ਮੁਕੰਮਲ ਹੋਣ ਮਗਰੋਂ ਵਰਕ ਪਰਮਿਟ ਮਿਲ। ਨਵਜੋਤ ਸਿੰਘ ਮਾਰਖਮ ਸ਼ਹਿਰ ਵਿਚ ਰਹਿ ਰਿਹਾ ਸੀ ਅਤੇ ਕੰਮਕਾਜ ਦੇ ਸਿਲਸਿਲੇ ਵਿਚ ਕੈਲੇਡਨ ਵੱਲ ਜਾਂਦਿਆਂ ਹਾਦਸਾ ਵਾਪਰਿਆ।



ਹਰਜਿੰਦਰ ਸਿੰਘ ਮੁਤਾਬਕ ਇਕ ਤੇਜ਼ ਰਫ਼ਤਾਰ ਪਿਕਅੱਪ ਟਰੱਕ ਨੇ ਨਵਜੋਤ ਸਿੰਘ ਦੀ ਕਾਰ ਨੂੰ ਟੱਕਰ ਮਾਰੀ ਅਤੇ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਹਰਜਿੰਦਰ ਸਿੰਘ ਮੁਤਾਬਕ ਉਨ੍ਹਾਂ ਨੇ ਲੱਖਾਂ ਰੁਪਏ ਦਾ ਕਰਜ਼ਾ ਲੈ ਕੇ ਆਪਣੇ ਇਕਲੌਤੇ ਪੁੱਤ ਨੂੰ ਕੈਨੇਡਾ ਭੇਜਿਆ ਅਤੇ ਹੁਣ ਸਭ ਕੁਝ ਖੇਰੂੰ ਖੇਰੂੰ ਹੋ ਚੁੱਕਾ ਹੈ। ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਡਬਲੀਵਾਸ ਮਿੱਡਾਰੋਹੀ ਨਾਲ ਸਬੰਧਤ ਹਰਜਿੰਦਰ ਸਿੰਘ ਵੱਲੋਂ ਨਵਜੋਤ ਸਿੰਘ ਦੀ ਦੇਹ ਇੰਡੀਆ ਲਿਆਉਣ ਲਈ ਮਦਦ ਦੀ ਅਪੀਲ ਕੀਤੀ ਗਈ ਹੈ। ਉਧਰ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੱਸਿਆ ਕਿ ਕੈਲੇਡਨ ਵਿਖੇ ਹਾਈਵੇਅ 50 ਅਤੇ ਟੌਟਨਮ ਰੋਡ ਦੇ ਵਿਚਾਲੇ ਹਾਈਵੇਅ 9 'ਤੇ ਦੋ ਗੱਡੀਆਂ ਦੀ ਟੱਕਰ ਦੌਰਾਨ ਇਕ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਦੂਜੇ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ। ਓ.ਪੀ.ਪੀ. ਦੀ ਕੈਲੇਡਨ ਡਿਟੈਚਮੈਂਟ ਦੇ ਕਾਂਸਟੇਬਲ ਜੈਜ਼ੀ ਨੋਬਲਮੈਨ ਨੇ ਦੱਸਿਆ ਕਿ ਹਾਦਸੇ ਦੇ ਮੱਦੇਨਜ਼ਰ ਹਾਈਵੇਅ 9 ਨੂੰ ਕਈ ਘੰਟੇ ਬੰਦ ਰੱਖਿਆ ਗਿਆ। ਪੁਲਿਸ ਵੱਲੋਂ ਜਾਨ ਗਵਾਉਣ ਵਾਲੇ ਡਰਾਈਵਰ ਦੀ ਪਛਾਣ ਜਨਤਕ ਨਹੀਂ ਕੀਤੀ ਗਈ ਪਰ ਸਸਕੈਚਵਨ ਦੇ ਨਿਰਮਲ ਸਿੰਘ ਨੇ ਦੱਸਿਆ ਕਿ ਨਵਜੋਤ ਸਿੰਘ ਕਰੜੀ ਮਿਹਨਤ ਕਰਦਿਆਂ ਆਪਣੀ ਜ਼ਿੰਦਗੀ ਬਿਹਤਰ ਬਣਾਉਣ ਦੇ ਯਤਨ ਕਰ ਰਿਹਾ ਸੀ। ਦੂਜੇ ਪਾਸੇ ਇਕਲੌਤੇ ਪੁੱਤ ਦੇ ਸਦੀਵੀ ਵਿਛੋੜੇ ਨੇ ਪੰਜਾਬ ਰਹਿੰਦੇ ਨਵਜੋਤ ਸਿੰਘ ਦੇ ਮਾਪਿਆਂ ਨੂੰ ਕੱਖੋਂ ਹੌਲੇ ਕਰ ਦਿਤਾ। ਉਹ ਆਖਰੀ ਵਾਰ ਆਪਣੇ ਪੁੱਤ ਦਾ ਚਿਹਰਾ ਦੇਖਣਾ ਚਾਹੁੰਦੇ ਹਨ ਜਿਸ ਦੇ ਮੱਦੇਨਜ਼ਰ ਨਵਜੋਤ ਸਿੰਘ ਦੀ ਦੇਹ ਪੰਜਾਬ ਭੇਜਣ ਅਤੇ ਉਸ ਦੇ ਮਾਪਿਆਂ ਦੀ ਆਰਥਿਕ ਮਦਦ ਵਾਸਤੇ ਗੋਫੰਡਮੀ ਪੇਜ ਸਥਾਪਤ ਕੀਤਾ ਗਿਆ ਹੈ।

# ਕੈਨੇਡਾ ਵਿਚ ਪਨਾਹ ਮੰਗਣ ਵਾਲਿਆਂ ਦਾ ਆਇਆ ਹੜ੍ਹ

### ਟਰੰਪ ਦੇ ਛਾਪਿਆਂ ਤੋਂ ਘਬਰਾਏ ਪ੍ਰਵਾਸੀ ਕੈਨੇਡਾ ਵੱਲ ਦੌੜੇ

ਮੌਂਟਰੀਅਲ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਪਨਾਹ ਮੰਗਣ ਵਾਲਿਆਂ ਦਾ ਹੜ੍ਹ ਆਉਂਦਾ ਮਹਿਸੂਸ ਹੋ ਰਿਹਾ ਹੈ। ਜੀ ਹਾਂ, ਕੈਨੇਡੀਅਨ ਬਾਰਡਰ ਨਾਲ ਲਗਦੇ ਅਮੈਰਿਕਨ ਰਾਜਾਂ ਵਿਚ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ ਕਾਰਵਾਈ ਤੇਜ਼ ਕਰ ਦਿਤੀ ਹੈ ਅਤੇ ਵੱਡੀ ਗਿਣਤੀ ਵਿਚ ਲੋਕ ਆਪਣਾ ਜੁੱਲੀ-ਬਿਸਤਰਾ ਚੁੱਕ ਕੇ ਇੰਟਰਨੈਸ਼ਨਲ ਬਾਰਡਰ ਪਾਰ ਕਰ ਰਹੇ ਹਨ। ਅਮਰੀਕਾ ਵਿਚ ਪਨਾਹ ਮਿਲਣ ਦੀਆਂ ਉਮੀਦਾਂ ਖ਼ਤਮ ਹੋਣ ਮਗਰੋਂ ਕੈਨੇਡਾ ਦਾਖਲ ਹੋ ਰਹੇ ਪ੍ਰਵਾਸੀਆਂ ਨੂੰ ਇਥੇ ਵੀ ਰਾਹਤ ਮਿਲਣ ਦੇ ਆਸਾਰ ਨਹੀਂ ਪਰ ਡਿਪੋਰਟੇਸ਼ਨ ਦਾ ਡਰ ਬਰਫ਼ੀਲੇ ਮੌਸਮ ਵਿਚ ਵੀ ਇਨ੍ਹਾਂ ਨੂੰ ਇੰਟਰਨੈਸ਼ਨਲ ਬਾਰਡਰ ਕਰਨ ਲਈ ਮਜਬੂਰ ਕਰ ਰਿਹਾ ਹੈ ਅਤੇ ਭੀੜ ਨੂੰ ਕਾਬੂ ਕਰਨਾ ਆਰ.ਸੀ. ਐਮ.ਪੀ. ਵਾਸਤੇ ਔਖਾ ਹੋ ਗਿਆ ਹੈ। ਭਾਵੇਂ ਜਨਵਰੀ 2025 ਤੋਂ ਨਵੰਬਰ 2025 ਦਰਮਿਆਨ ਅਸਾਇਲਮ ਕਲੇਮ ਕਰਨ ਵਾਲਿਆਂ ਦੀ ਗਿਣਤੀ ਵਿਚ 33 ਫ਼ੀ ਸਦੀ ਕਮੀ ਆਈ ਪਰ ਨਵਾਂ ਵਰ੍ਹਾ ਚੜ੍ਹਨ ਤੋਂ ਕੁਝ ਹਫ਼ਤੇ ਪਹਿਲਾਂ ਹਾਲਾਤ ਬਦਲ ਗਏ।



'ਦਾ ਗਲੋਬ ਐਂਡ ਮੇਲ' ਦੀ ਰਿਪੋਰਟ ਮੁਤਾਬਕ ਇੰਮੀਗ੍ਰੇਸ਼ਨ ਐਂਡ ਰਫ਼ਿਊਜੀ ਬੋਰਡ ਕੋਲ ਵਿਚਾਰ ਅਧੀਨ ਅਸਾਇਲਮ ਕਲੇਮਜ਼ ਵਿਚੋਂ 43,480 ਭਾਰਤ ਨਾਲ ਸਬੰਧਤ ਹਨ ਜਦਕਿ 29,565 ਅਰਜ਼ੀਆਂ ਹੈਤੀ ਦੇ ਨਾਗਰਿਕਾਂ ਨਾਲ ਸਬੰਧਤ ਦੱਸੀਆਂ ਜਾ ਰਹੀਆਂ ਹਨ। 24,526 ਅਰਜ਼ੀਆਂ ਨਾਲ ਤੀਜੇ ਸਥਾਨ 'ਤੇ ਮੈਕਸੀਕੋ ਆਉਂਦਾ ਹੈ ਅਤੇ ਤਕਰੀਬਨ 20 ਹਜ਼ਾਰ ਅਰਜ਼ੀਆ ਬੰਗਲਾਦੇਸ਼ੀ ਨਾਗਰਿਕਾਂ ਨੇ ਦਾਖਲ ਕੀਤੀਆਂ।

ਉਧਰ ਕੈਨੇਡੀਅਨ ਕੌਂਸਲ ਫ਼ੌਰ ਰਫ਼ਿਊਜੀਜ਼ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਰਫ਼ਿਊਜੀਆਂ ਜਾਂ ਪ੍ਰਵਾਸੀਆਂ ਸਾਹਮਣੇ ਕੌਮਾਂਤਰੀ ਸਰਹੱਦ ਪਾਰ ਕਰਨ ਤੋਂ ਸਿਵਾਏ ਕੋਈ ਰਾਹ ਬਾਕੀ ਨਹੀਂ ਬਚਿਆ ਪਰ ਸੇਫ਼ ਥਰਡ ਕੰਟਰੀ ਐਗਰੀਮੈਂਟ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਮੁਤਾਬਕ 2025 ਦੌਰਾਨ ਅਸਾਇਲਮ ਦੀਆਂ 34 ਹਜ਼ਾਰ ਤੋਂ ਵੱਧ ਅਰਜ਼ੀਆਂ ਦਾਖਲ ਹੋਈਆਂ ਜਿਨ੍ਹਾਂ ਦੀ ਨਿਪਟਾਰਾ ਹੋਣ ਵਿਚ ਲੰਮਾ ਸਮਾਂ ਲੱਗ ਸਕਦਾ ਹੈ। ਦੂਜੇ ਪਾਸੇ ਇੰਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਕੋਲ ਪਰਮਾਨੈਂਟ ਰੈਜ਼ੀਡੈਂਸੀ ਦੀਆਂ 9 ਲੱਖ 41 ਹਜ਼ਾਰ 600 ਅਰਜ਼ੀਆਂ ਵਿਚਾਰ ਅਧੀਨ ਹਨ ਜਦਕਿ ਟੈਂਪਰੇਰੀ ਰੈਜ਼ੀਡੈਂਟਸ ਦੀਆਂ 9 ਲੱਖ 42 ਹਜ਼ਾਰ ਅਰਜ਼ੀਆਂ ਦੀ ਪ੍ਰੋਸੈਸਿੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕੈਨੇਡੀਅਨ ਸਿਟੀਜ਼ਨਸ਼ਿਪ ਦੀਆਂ 2 ਲੱਖ 47 ਹਜ਼ਾਰ ਅਰਜ਼ੀਆਂ ਦਾ ਨਿਪਟਾਰਾ ਕੀਤਾ ਜਾ ਰਿਹਾ ਹੈ।

ਦੱਸ ਦੇਈਏ ਅਕਤੂਬਰ ਮਹੀਨੇ ਦੌਰਾਨ 115 ਪ੍ਰਵਾਸੀਆਂ ਨੂੰ ਅਮਰੀਕਾ ਤੋਂ ਕੈਨੇਡਾ ਦਾਖਲ ਹੁੰਦਿਆਂ ਕਾਬੂ ਕੀਤਾ ਗਿਆ ਅਤੇ ਨਵੰਬਰ ਵਿਚ ਇਹ ਅੰਕੜਾ ਵਧ ਕੇ 134 ਹੋ ਗਿਆ ਪਰ ਦਸੰਬਰ ਦੇ ਅੰਤ ਅਤੇ ਜਨਵਰੀ ਦੇ ਸ਼ੁਰੂ ਵਿਚ ਗਿਣਤੀ ਤੇਜ਼ੀ ਨਾਲ ਵਧੀ ਅਤੇ ਗੱਡੀ ਗਿਣਤੀ ਵਿਚ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਰੱਖਣਾ ਸੌਖਾ ਨਹੀਂ।

ਪਨਾਹ ਦੇ ਦਾਅਵਿਆਂ ਬਾਰੇ ਔਟਵਾ ਦੀ ਇੰਮੀਗ੍ਰੇਸ਼ਨ ਵਕੀਲ ਹੈਦਰ ਨੇਫ਼ਫੈਲਡ ਦਾ ਕਹਿਣਾ ਹੈ ਕਿ ਹਰ ਅਰਜ਼ੀ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਨਹੀਂ ਦੇਖਿਆ ਜਾ ਸਕਦਾ। ਵੱਡੀ ਗਿਣਤੀ ਵਿਚ ਲੋਕ ਆਪਣੇ ਪਰਵਾਰ ਨੂੰ ਸੁਰੱਖਿਅਤ ਰੱਖਣ ਲਈ ਜੱਦੀ ਮੁਲਕ ਛਡਦੇ ਹਨ ਪਰ ਅਸਾਇਲਮ ਕਲੇਮ ਮਨਜ਼ੂਰ ਹੋਣ ਤੋਂ ਬਾਅਦ ਪਰਮਾਨੈਂਟ ਰੈਜ਼ੀਡੈਂਸੀ ਮਿਲਣ ਵਿਚ ਲੰਮਾ ਸਮਾਂ ਲੱਗ ਜਾਂਦਾ ਹੈ ਅਤੇ ਪਿਛੇ ਰਹਿ ਗਏ ਪਰਵਾਰਕ ਮੈਂਬਰਾਂ ਦੀ ਜਾਨ ਸੂਲੀ 'ਤੇ ਟੰਗੀ ਰਹਿੰਦੀ ਹੈ।

# ਕੈਨੇਡਾ: ਮਕਾਨਾਂ ਦੀ ਵਿਕਰੀ ਅਤੇ ਕੀਮਤਾਂ ਡਿੱਗੀਆਂ

### 45 ਸਾਲ ਦੇ ਹੇਠਲੇ ਪੱਧਰ 'ਤੇ ਆਈ ਵਿਕਰੀ

ਟੋਰਾਂਟੋ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਦੇ ਰੀਅਲ ਅਸਟੇਟ ਬਾਜ਼ਾਰ ਉਤੇ ਮੰਦੀ ਸ਼ਿਕੰਜਾ ਕਸਦੀ ਜਾ ਰਹੀ ਹੈ ਅਤੇ ਲੰਘੇ 45 ਸਾਲ ਦੌਰਾਨ ਕਦੇ ਵੀ ਐਨੇ ਮਾੜੇ ਹਾਲਾਤ ਨਜ਼ਰ ਨਹੀਂ ਆਏ। ਬਿਲਡਿੰਗ ਇੰਡਸਟਰੀ ਐਂਡ ਲੈਂਡ ਡਿਵੈਲਪਮੈਂਟ ਐਸੋਸੀਏਸ਼ਨ ਮੁਤਾਬਕ ਸਾਲ 2025 ਦੌਰਾਨ ਉਨਟਾਰੀਓ ਦੇ ਗਰੇਟਰ ਟੋਰਾਂਟੋ ਐਂਡ ਹੈਮਿਲਟਨ ਏਰੀਆ ਵਿਚ ਨਵੇਂ ਮਕਾਨਾਂ ਦੀ ਵਿਕਰੀ ਹੇਠਲੇ ਪੱਧਰ 'ਤੇ ਆ ਗਈ। ਦਸੰਬਰ ਮਹੀਨੇ ਦੌਰਾਨ ਸਿਰਫ਼ 240 ਨਵੇਂ ਮਕਾਨ ਵਿਕੇ ਅਤੇ ਦਸੰਬਰ 2024 ਦੇ ਮੁਕਾਬਲੇ ਇਹ ਅੰਕੜਾ 24 ਫੀ ਸਦੀ ਘੱਟ ਬਣਦਾ ਹੈ। ਦੂਜੇ ਪਾਸੇ ਪਿਛਲੇ 10 ਵਰ੍ਹਿਆਂ ਦੀ ਔਸਤ ਵਿਕਰੀ ਦੇ ਮੁਕਾਬਲੇ ਇਹ ਅੰਕੜਾ 82 ਫੀ ਸਦੀ ਘੱਟ ਬਣਦਾ ਹੈ। ਜੀ.ਟੀ.ਐਚ.ਏ. ਵਿਚ ਪਿਛਲੇ 10 ਸਾਲ ਦੌਰਾਨ ਦਸੰਬਰ ਮਹੀਨੇ ਵਿਚ ਔਸਤਨ 1,327 ਮਕਾਨ ਵਿਕੇ। ਐਲਟਿਸ ਗਰੁੱਪ ਦੇ ਰੀਸਰਚ ਮੈਨੇਜਰ ਐਡਵਰਡ ਜੈਗ ਨੇ ਦੱਸਿਆ ਕਿ ਜੀ.ਟੀ.ਏ. ਵਿਚ ਨਵੇਂ ਮਕਾਨਾਂ ਦੀ ਸਾਲਾਨਾ ਔਸਤ ਵਿਕਰੀ 5,300 ਦਰਜ ਕੀਤੀ ਗਈ ਅਤੇ ਬੀਤੇ 45 ਵਰ੍ਹਿਆਂ ਦੌਰਾਨ ਐਨਾ ਹੇਠਲਾ ਅੰਕੜਾ ਕਦੇ ਵੀ ਸਾਹਮਣੇ ਨਹੀਂ ਆਇਆ। ਪੂਰੇ ਸਾਲ ਦੌਰਾਨ ਵਿਕੇ ਮਕਾਨਾਂ ਨੂੰ ਸ਼੍ਰੇਣੀਆਂ ਵਿਚ ਵੰਡਿਆ ਜਾਵੇ ਤਾਂ ਸਿੰਗਲ ਫ਼ੈਮਿਲੀ ਹੋਮਜ਼ ਦੀ ਗਿਣਤੀ 3,247 ਬਣਦੀ ਹੈ ਜੋ ਬੀਤੇ 10 ਸਾਲ ਦੀ ਔਸਤ ਦੇ ਮੁਕਾਬਲੇ 63 ਫੀ ਸਦੀ ਘੱਟ ਹੈ। ਇਸੇ ਤਰ੍ਹਾਂ ਕੌਂਡੋਜ਼ ਦੀ ਵਿਕਰੀ 89 ਫ਼ੀ ਸਦੀ ਹੇਠਾਂ ਚਲੀ ਗਈ ਅਤੇ ਇਹ ਗੱਲ ਰੀਅਲ ਅਸਟੇਟ ਦੇ ਮਾਹਰਾਂ ਦੀ ਸਮਝ ਤੋਂ ਵੀ ਬਾਹਰ ਹੈ।



ਐਡਵਰਡ ਜੈਗ ਨੇ ਚਿਤਾਵਨੀ ਭਰੇ ਲਹਿਜ਼ੇ ਵਿਚ ਕਿਹਾ ਕਿ ਪੂਰੇ ਉਨਟਾਰੀਓ ਵਿਚ ਨਵੇਂ ਮਕਾਨਾਂ ਦੀ ਵਿਕਰੀ ਦੂਹਰੇ ਅੰਕੜੇ ਵਿਚ ਹੇਠਾਂ ਆਈ ਜਿਸ ਦੇ ਸਿੱਟੇ ਵਜੋਂ ਇਕ ਲੱਖ ਨੌਕਰੀਆਂ ਖਤਰੇ ਵਿਚ ਨਜ਼ਰ ਆ ਰਹੀਆਂ ਹਨ। ਨਵੇਂ ਮਕਾਨਾਂ ਦੀ ਉਸਾਰੀ ਨੂੰ ਕਿਸੇ ਵੀ ਮੁਲਕ ਦੇ ਅਰਥਚਾਰੇ ਵਿਚ ਬੇਹੱਦ ਅਹਿਮ ਮੰਨਿਆ ਜਾਂਦਾ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਨਵੇਂ ਮਕਾਨਾਂ ਉਤੇ ਲਗਦਾ ਐਚ.ਐਸ.ਟੀ. ਹਟਾ ਦਿਤਾ ਜਾਵੇ। ਇਸ ਤੋਂ ਪਹਿਲਾਂ ਜਨਵਰੀ ਦੇ ਆਰੰਭ ਵਿਚ ਟੋਰਾਂਟੋ ਰੀਜਨਲ ਰੀਅਲ ਅਸਟੇਟ ਬੋਰਡ ਵੱਲੋਂ ਜੀ.ਟੀ.ਏ. ਵਿਚ ਪੁਰਾਣੇ ਮੁਕਾਨਾਂ ਦੀ ਵਿਕਰੀ 8.9 ਫ਼ੀ ਸਦੀ ਘਟਣ ਦੇ ਅੰਕੜੇ ਪੇਸ਼ ਕੀਤੇ ਗਏ। ਰੀਅਲ ਅਸਟੇਟ ਦੇ ਮਾਹਰਾਂ ਨੇ ਕਈ ਮਹੀਨੇ ਪਹਿਲਾਂ ਹੀ ਸੁਚੇਤ ਕਰ ਦਿਤਾ ਸੀ ਕਿ ਉਨਟਾਰੀਓ ਦਾ ਹਾਊਸਿੰਗ ਸੈਕਟਰ 2026 ਬਦਹਾਲੀ ਦੀ ਹਾਲਤ ਵਿਚ ਜਾ ਸਕਦਾ ਹੈ।

ਉਨਟਾਰੀਓ ਦੇ ਮੌਰਗੇਜ ਬ੍ਰੋਕਰ ਰੌਨ ਬਟਲਰ ਨੇ ਸੀ.ਟੀ.ਵੀ. ਨਿਊਜ਼ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨੇੜ ਭਵਿੱਖ ਵਿਚ ਹਾਲਾਤ ਸੁਧਰਨ ਦੇ ਆਸਾਰ ਨਹੀਂ। ਇਸੇ ਦੌਰਾਨ ਯੂਨੀਵਰਸਿਟੀ ਆਫ਼ ਟੋਰਾਂਟੋ ਦੇ ਸਹਾਇਕ ਪ੍ਰੋਫ਼ੈਸਰ ਵਿਕਟਰ ਕਚੂਅਰ ਦਾ ਕਹਿਣਾ ਸੀ ਕਿ ਮਕਾਨਾਂ ਦੀਆਂ ਕੀਮਤਾਂ ਘਟਣ ਦਾ ਸਿਲਸਿਲਾ ਜਾਰੀ ਰਹੇਗਾ ਅਤੇ ਇਹ ਰੁਝਾਨ ਅਗਲੇ ਸਾਲ ਤੱਕ ਵੀ ਜਾਰੀ ਰਹਿ ਸਕਦਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਮੌਜੂਦਾ ਹਾਲਾਤ ਨੂੰ ਹਾਊਸਿੰਗ ਕ੍ਰੈਸ਼ ਨਹੀਂ ਮੰਨਿਆ ਜਾ ਸਕਦਾ ਪਰ ਵਸੋਂ ਵਿਚ ਵਾਧੇ ਅਤੇ ਵਿਆਜ ਦਰਾਂ ਵਿਚ ਵਧੇਰੇ ਕਟੌਤੀ ਤੋਂ ਬਗੈਰ ਮਕਾਨਾਂ ਦੀਆਂ ਕੀਮਤਾਂ ਵਿਚ ਵਾਧਾ ਹੋਣਾ ਮੁਸ਼ਕਲ ਹੈ।

# ਇੰਮੀਗ੍ਰੇਸ਼ਨ ਵਾਲਿਆਂ ਨੇ ਕਾਬੂ ਕੀਤਾ ਅਮਰੀਕਾ ਦਾ ਅਰਬਪਤੀ ਪੰਜਾਬੀ

### ਅਵਤਾਰ ਢਿੱਲੋਂ ਵਿਰੁੱਧ ਡੀ.ਐਚ. ਐਸ. ਨੇ ਲਾਏ ਫਰੌਡ ਦੇ ਦੋਸ਼

ਵਾਸ਼ਿੰਗਟਨ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਅਤੇ ਅਮਰੀਕਾ ਦੇ ਕਰੋੜਪਤੀ ਪੰਜਾਬੀਆਂ ਵਿਚੋਂ ਇਕ ਮੰਨੇ ਜਾਂਦੇ ਅਵਤਾਰ ਸਿੰਘ ਢਿੱਲੋਂ ਨੂੰ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਵਾਲਿਆਂ ਨੇ ਕਾਬੂ ਕਰ ਕੇ ਜੇਲ ਵਿਚ ਡੱਕ ਦਿਤਾ ਹੈ ਜਦਕਿ ਨਸ਼ਾ ਤਸਕਰੀ ਦੇ ਮਾਮਲੇ ਵਿਚ ਜੇਲ ਜਾ ਚੁੱਕੇ ਅਜੇਪਾਲ ਢਿੱਲੋਂ ਨੂੰ ਵੀ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ ਹੈ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਮੁਤਾਬਕ ਟਰੰਪ ਸਰਕਾਰ ਵੱਲੋਂ ਅਪਰਾਧੀਆਂ ਨੂੰ ਅਮਰੀਕਾ ਤੋਂ ਡਿਪੋਰਟ ਕਰਨ ਦੀ ਮੁਹਿੰਮ ਤਹਿਤ ਇਹ ਕਾਰਵਾਈ ਕੀਤੀ ਗਈ ਹੈ।



ਫ਼ਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਅਵਤਾਰ ਸਿੰਘ ਢਿੱਲੋਂ ਨੂੰ ਕੈਨੇਡਾ ਡਿਪੋਰਟ ਕੀਤਾ ਜਾਵੇਗਾ ਜਾਂ ਇੰਡੀਆ। ਬੋਸਟਨ ਦੀ ਅਦਾਲਤ ਨੇ ਅਵਤਾਰ ਸਿੰਘ ਢਿੱਲੋਂ ਨੂੰ ਦਸੰਬਰ 2024 ਵਿਚ ਫਰੌਡ ਦੇ ਮਾਮਲੇ ਤਹਿਤ ਚਾਰ ਮਹੀਨੇ ਕੈਦ ਦੀ ਸਜ਼ਾ ਸੁਣਾਈ ਸੀ ਜਿਸ ਵਿਰੁੱਧ ਕੈਨੇਡਾ ਵਿਚ ਵੀ ਨਸ਼ਾ ਤਸਕਰੀ ਦਾ ਮੁਕੱਦਮਾ ਚਲਾਇਆ ਜਾ ਚੁੱਕਾ ਹੈ। ਬੋਸਟਨ ਦੇ ਮੁਕੱਦਮੇ ਨਾਲ ਸਬੰਧਤ ਦਸਤਾਵੇਜ਼ਾਂ ਮੁਤਾਬਕ ਅਵਤਾਰ ਸਿੰਘ ਢਿੱਲੋਂ ਨੇ 21 ਲੱਖ ਡਾਲਰ ਦੇ ਸ਼ੇਅਰ ਵੇਚਦਿਆਂ 15 ਲੱਖ ਡਾਲਰ ਦਾ ਮੁਨਾਫ਼ਾ ਹਾਸਲ ਕੀਤਾ ਜਦਕਿ ਇਸ ਦੇ ਸਾਥੀ ਮਾਰਟੀਨੇਜ਼ ਨੂੰ 2 ਲੱਖ ਡਾਲਰ ਦਾ ਮੁਨਾਫ਼ਾ ਹੋਇਆ। ਅਦਾਲਤ ਨੇ ਢਿੱਲੋਂ ਨੂੰ 15 ਲੱਖ ਡਾਲਰ ਵਾਪਸ ਕਰਨ ਦੇ ਹੁਕਮ ਦਿਤੇ ਸਨ।

ਅਵਤਾਰ ਸਿੰਘ ਢਿੱਲੋਂ ਨੂੰ 63 ਮਹੀਨੇ ਦੀ ਸਜ਼ਾ ਸੁਣਾਈ ਜਾਣੀ ਸੀ ਪਰ ਗੁਨਾਹ ਕਬੂਲ ਕੀਤੇ ਜਾਣ ਮਗਰੋਂ 18 ਮਹੀਨੇ ਦੀ ਕਟੌਤੀ ਕਰ ਦਿਤੀ ਗਈ। ਕੈਲੇਫੋਰਨੀਆ ਦੇ ਲੌਂਗ ਬੀਚ ਵਿਖੇ 12 ਮਿਲੀਅਨ ਡਾਲਰ ਦੇ ਆਲੀਸ਼ਾਨ ਬੰਗਲੇ ਵਿਚ ਰਹਿੰਦਾ ਸੀ। ਟੈਕਸਸ ਦੇ ਬਿਗ ਸਪ੍ਰਿੰਗ ਤੋਂ ਕਾਬੂ ਕੀਤਾ ਅਵਤਾਰ ਢਿੱਲੋਂ ਅਮਰੀਕਾ ਦਾ ਨਾਗਰਿਕ ਨਹੀਂ ਅਤੇ ਇਹ ਗੱਲ ਬੋਸਟਨ ਦੇ ਮੁਕੱਦਮੇ ਦੌਰਾਨ ਸਾਹਮਣੇ ਆਈ ਪਰ ਉਸ ਦੀ ਪਤਨੀ ਦਲਜੀਤ ਬੈਂਸ ਯੂ.ਐਸ. ਸਿਟੀਜ਼ਨ ਦੱਸੀ ਜਾ ਰਹੀ ਹੈ ਜੋ ਅਮਰੀਕਾ ਵਿਚ ਪੀਚ ਕਿੰਗ ਵਜੋਂ ਪ੍ਰਸਿੱਧ ਮਰਹੂਮ ਦੀਦਾਰ ਸਿੰਘ ਬੈਂਸ ਦੀ ਬੇਟੀ ਹੈ। ਦੂਜੇ ਪਾਸੇ ਭੰਗ ਅਤੇ ਕੈਟਾਮੀਨ ਦੀ ਤਸਕਰੀ ਦੇ ਦੋਸ਼ ਹੇਠ ਪੀਸ ਬ੍ਰਿਜ 'ਤੇ ਗ੍ਰਿਫ਼ਤਾਰ ਅਜੇਪਾਲ ਢਿੱਲੋਂ ਨੂੰ ਵੀ ਕੈਨੇਡਾ ਡਿਪੋਰਟ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਨਿਊ ਯਾਰਕ ਦੇ ਬਫ਼ਲੋ ਕਸਬੇ ਨੂੰ ਕੈਨੇਡਾ ਨਾਲ ਜੋੜਨ ਵਾਲੇ ਪੁਲ ਤੋਂ ਲੰਘਦਿਆਂ ਅਜੇਪਾਲ ਢਿੱਲੋਂ ਕੋਲੋਂ 948 ਕਿਲੋ ਕੈਨਾਬਿਸ ਅਤੇ 50 ਕਿਲੋ ਕੈਟਮੀਨ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ।







## ਕੋਰਟ ਦੀ ਕਮਾਈ ਨਾਲ ਨਹੀਂ ਹੁੰਦਾ ਸੀ ਔਰਤ ਦਾ ਗੁਜ਼ਾਰਾ

# ਵਕਾਲਤ ਛੱਡ ਕਰਨ ਲੱਗੀ ਮਜ਼ਦੂਰੀ

**ਸਟੈਫੋਰਡਸ਼ਾਇਰ, ਯੂਕੇ ਦੀ ਰਹਿਣ ਵਾਲੀ 33 ਸਾਲਾ ਮੌਲੀ ਪੋਲਾਰਡ ਦਾ ਵਿਦਿਆਰਥੀ ਕਰਜ਼ਾ ਲਗਭਗ 45,000 ਪੌਂਡ, ਜਾਂ ਲਗਭਗ 56 ਲੱਖ ਰੁਪਏ ਸੀ। ਸੱਤ ਸਾਲ ਕਾਨੂੰਨੀ ਉਦਯੋਗ ਵਿੱਚ ਕੰਮ ਕਰਨ ਦੇ ਬਾਵਜੂਦ, ਉਸਦੀ ਤਨਖਾਹ ਲਗਭਗ 40 ਲੱਖ ਰੁਪਏ ਤੋਂ ਮੁਸ਼ਕਿਲ ਨਾਲ 53 ਲੱਖ ਰੁਪਏ ਤੱਕ ਵਧੀ। ਇਹ ਪੈਸਾ ਉਸਦੇ ਪਰਿਵਾਰ ਨੂੰ ਪਾਲਣ ਲਈ ਕਾਫ਼ੀ ਨਹੀਂ ਸੀ, ਨਾ ਹੀ ਉਸਦਾ ਭਵਿੱਖ ਸੁਰੱਖਿਅਤ ਜਾਪਦਾ ਸੀ**

।ਇਸ ਦੁਨੀਆ ਵਿੱਚ ਹਰ ਕੋਈ ਕਿਸੇ ਨਾ ਕਿਸੇ ਸਮੇਂ ਬਿਹਤਰ ਚੀਜ਼ ਦੀ ਭਾਲ ਵਿੱਚ ਭਟਕਦਾ ਰਹਿੰਦਾ ਹੈ। ਭਾਵੇਂ ਰਸਤਾ ਡਾਵਾਂਡੋਲ ਲੱਗਦਾ ਹੈ ਜਾਂ ਹਾਲਾਤ ਮੁਸ਼ਕਲ ਹਨ, ਇੱਕ ਵਿਅਕਤੀ ਇੱਕ ਨਵਾਂ ਰਸਤਾ ਲੱਭ ਲੈਂਦਾ ਹੈ। ਸਟੈਫੋਰਡਸ਼ਾਇਰ, ਯੂਕੇ ਦੀ ਰਹਿਣ ਵਾਲੀ 33 ਸਾਲਾ ਮੌਲੀ ਪੋਲਾਰਡ ਦੀ ਕਹਾਣੀ ਇੱਕ ਅਜਿਹੀ ਉਦਾਹਰਣ ਹੈ। ਇਹ ਦਰਸਾਉਂਦੀ ਹੈ ਕਿ ਇੱਕ ਦਲੇਰਾਨਾ ਫੈਸਲਾ ਜੀਵਨ ਭਰ ਬਦਲ ਸਕਦਾ ਹੈ। ਸਾਡੇ ਵਿੱਚੋਂ ਬਹੁਤ ਸਾਰੇ ਹਰ ਰੋਜ਼ ਇੱਕੋ ਜਿਹਾ ਕੰਮ ਕਰਦੇ ਹਨ, ਘੱਟ ਕਮਾਈ ਦਾ ਦਰਦ ਝੱਲਦੇ ਹੋਏ,

ਪਰ ਤਬਦੀਲੀ ਦਾ ਜੋਖਮ ਨਹੀਂ ਲੈਂਦੇ। ਅਸੀਂ ਸ਼ਿਕਾਇਤ ਕਰਦੇ ਹਾਂ, ਪਰ ਕੋਸ਼ਿਸ਼ ਨਹੀਂ ਕਰਦੇ। ਕੁਝ ਅਜਿਹੇ ਵੀ ਹਨ ਜੋ ਮੰਨਦੇ ਹਨ ਕਿ ਜੇਕਰ ਮੌਜੂਦਾ ਰਸਤਾ ਕੰਮ ਨਹੀਂ ਕਰ ਰਿਹਾ ਹੈ, ਤਾਂ ਸਹੀ ਫੈਸਲਾ ਇੱਕ ਵੱਖਰੀ ਦਿਸ਼ਾ ਵਿੱਚ ਜਾਣਾ ਹੈ। ਮੌਲੀ ਉਨ੍ਹਾਂ ਵਿੱਚੋਂ ਇੱਕ ਹੈ। ਦ ਸਨ ਦੇ ਅਨੁਸਾਰ, ਮੌਲੀ ਪੋਲਾਰਡ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਇੱਕ ਦਿਨ ਉਹ ਅਦਾਲਤ ਦੀਆਂ ਫਾਈਲਾਂ ਛੱਡ ਕੇ ਇੱਕ ਸਕੈਫੋਲਡਿੰਗ ਪਲੇਟਫਾਰਮ 'ਤੇ ਖੜ੍ਹੀ ਹੋਵੇਗੀ। ਪਰ ਜਿਸ ਤਰ੍ਹਾਂ ਜ਼ਿੰਦਗੀ ਉਸਨੂੰ ਧੱਕ ਰਹੀ ਸੀ, ਉਸ ਲਈ ਬਦਲਾਅ ਜ਼ਰੂਰੀ ਹੋ ਗਿਆ। ਸਕੈਫੋਲਡਿੰਗ ਇੱਕ ਮਜ਼ਬੂਤ




ਅਸਥਾਈ ਢਾਂਚਾ ਹੈ ਜੋ ਉਸਾਰੀ ਵਾਲੀਆਂ ਥਾਵਾਂ 'ਤੇ ਬਣਾਇਆ ਗਿਆ ਹੈ, ਜਿਸ 'ਤੇ ਮਜ਼ਦੂਰ, ਇੰਜੀਨੀਅਰ ਅਤੇ ਪੇਂਟਰ ਉਚਾਈ 'ਤੇ ਕੰਮ ਕਰਨ ਲਈ ਖੜ੍ਹੇ ਹੁੰਦੇ ਹਨ। ਮੌਲੀ ਦਾ ਲਗਭਗ 45,000 ਪੌਂਡ (ਲਗਭਗ 56 ਲੱਖ ਰੁਪਏ) ਦਾ ਵਿਦਿਆਰਥੀ ਕਰਜ਼ਾ ਸੀ। ਸੱਤ ਸਾਲ ਕਾਨੂੰਨੀ ਉਦਯੋਗ ਵਿੱਚ ਕੰਮ ਕਰਨ ਦੇ ਬਾਵਜੂਦ, ਉਸਦੀ ਤਨਖਾਹ 32,000 ਪੌਂਡ (ਲਗਭਗ 40 ਲੱਖ ਰੁਪਏ) ਤੋਂ ਮੁਸ਼ਕਿਲ ਨਾਲ ਵਧ ਕੇ 42,000 ਪੌਂਡ (ਲਗਭਗ 53 ਲੱਖ ਰੁਪਏ) ਹੋ ਗਈ। ਉਹ ਦ ਸਨ ਨੂੰ ਦੱਸਦੀ ਹੈ ਕਿ ਇਹ ਪੈਸਾ ਘਰ ਦਾ ਗੁਜ਼ਾਰਾ ਚਲਾਉਣ ਲਈ ਕਾਫ਼ੀ ਨਹੀਂ ਸੀ, ਨਾ ਹੀ ਉਸਦਾ ਭਵਿੱਖ ਸੁਰੱਖਿਅਤ ਸੀ। ਮੌਲੀ ਕਹਿੰਦੀ ਹੈ, "ਜੇਕਰ ਮੇਰੇ ਪਤੀ ਟੌਮ ਦੀ ਮਦਦ ਨਾ ਹੁੰਦੀ, ਤਾਂ ਮੈਂ ਅੱਜ ਵੀ ਆਪਣੇ ਮਾਪਿਆਂ ਦੇ ਘਰੋਂ ਬਾਹਰ ਨਹੀਂ ਜਾ ਸਕਦੀ ਸੀ। ਮੈਂ ਸਖ਼ਤ ਮਿਹਨਤ ਕੀਤੀ, ਪਰ ਮੈਨੂੰ ਬਦਲੇ ਵਿੱਚ ਕੁਝ ਨਹੀਂ ਮਿਲ ਰਿਹਾ ਸੀ।"

ਜਦੋਂ ਉਸਦੀ ਜ਼ਿੰਦਗੀ ਵਿੱਚ ਕੁਝ ਵੀ ਬਦਲਦਾ ਨਹੀਂ ਸੀ, ਤਾਂ ਮੌਲੀ ਨੇ ਆਪਣੇ ਆਪ ਨੂੰ ਬਦਲਣਾ ਸ਼ੁਰੂ ਕਰ ਦਿੱਤਾ। ਪਿਛਲੇ ਸਾਲ ਜਨਵਰੀ ਵਿੱਚ, ਉਹ ਆਪਣੇ ਪਤੀ ਟੌਮ ਨਾਲ ਇੱਕ ਸਥਾਨਕ ਸਕੈਫੋਲਡਿੰਗ ਕੰਪਨੀ ਵਿੱਚ ਸ਼ਾਮਲ ਹੋ ਗਈ। ਲੋਕਾਂ ਨੇ ਤਾਂ ਪੁੱਛਿਆ ਵੀ, "ਇੱਕ ਵਕੀਲ ਉਸਾਰੀ ਵਾਲੀ ਥਾਂ 'ਤੇ ਕਿਵੇਂ ਕੰਮ ਕਰ ਸਕਦਾ ਹੈ?" ਬਹੁਤ ਸਾਰੇ ਲੋਕਾਂ ਨੇ ਉਸਦਾ ਮਜ਼ਾਕ ਉਡਾਇਆ, ਕੁਝ ਨੇ ਉਸਨੂੰ ਤਾਅਨੇ ਮਾਰੇ, ਪਰ ਮੌਲੀ ਨੇ ਕਿਸੇ ਦੀਆਂ ਟਿੱਪਣੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਮੌਲੀ ਹੁਣ ਇੱਕ ਸਕੈਫੋਲਡਰ ਹੈ। ਇਸਦਾ ਮਤਲਬ ਹੈ ਕਿ ਉਹ ਉਸਾਰੀ ਵਾਲੀਆਂ ਥਾਵਾਂ 'ਤੇ ਉਚਾਈ 'ਤੇ ਕੰਮ ਕਰਨ ਲਈ ਸਟੀਲ ਪਾਈਪਾਂ ਅਤੇ ਪਲੇਟਫਾਰਮਾਂ ਦੇ ਮਜ਼ਬੂਤ ਢਾਂਚੇ ਬਣਾਉਂਦੀ ਹੈ,

ਤਾਂ ਜੋ ਮਜ਼ਦੂਰ ਅਤੇ ਇੰਜੀਨੀਅਰ ਸੁਰੱਖਿਅਤ ਢੰਗ ਨਾਲ ਕੰਮ ਕਰ ਸਕਣ। ਇਹ ਇੱਕ ਨੀਲੀ-ਕਾਲਰ ਨੌਕਰੀ ਹੈ, ਪਰ ਤਨਖਾਹ ਚੰਗੀ ਹੈ ਅਤੇ ਕੰਮ ਸਥਿਰ ਹੈ। ਸਕੈਫੋਲਡਿੰਗ ਨੌਕਰੀ ਸ਼ੁਰੂ ਕਰਨ ਤੋਂ ਬਾਅਦ, ਮੌਲੀ ਦੀ ਆਮਦਨ ਲਗਭਗ ਪੰਝੱਤਰ ਪ੍ਰਤੀਸ਼ਤ ਵਧ ਗਈ। ਜਿੱਥੇ ਉਹ ਕਦੇ ਮੁਸ਼ਕਿਲ ਨਾਲ ਗੁਜ਼ਾਰਾ ਕਰਦੀ ਸੀ,

ਉਸਦੀ ਜ਼ਿੰਦਗੀ ਹੁਣ ਬਹੁਤ ਜ਼ਿਆਦਾ ਆਰਾਮਦਾਇਕ ਹੈ। ਮੌਲੀ ਕਹਿੰਦੀ ਹੈ, "ਮੈਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਖੁਸ਼ ਹਾਂ। ਮੇਰੀ ਆਮਦਨ ਵਧੀ ਹੈ, ਮੇਰਾ ਕੰਮ ਲਚਕਦਾਰ ਹੈ, ਅਤੇ ਮੇਰੇ ਕੋਲ ਆਪਣੇ ਲਈ ਸਮਾਂ ਹੈ। ਸਕੈਫੋਲਡਿੰਗ ਨੇ ਮੇਰੀ ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਹੈ।" ਅੱਜ, ਮੌਲੀ ਦੀ ਕਹਾਣੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਲੋਕ ਉਸਦੀ ਹਿੰਮਤ ਦੀ ਪ੍ਰਸ਼ੰਸਾ ਕਰ ਰਹੇ ਹਨ, ਕਿਉਂਕਿ ਸਮਾਜ ਅਕਸਰ ਚਿੱਟੇ-ਕਾਲਰ ਨੌਕਰੀਆਂ ਨੂੰ ਜ਼ਿਆਦਾ ਸਮਝਦਾ ਹੈ, ਪਰ ਸੱਚੀ ਖੁਸ਼ੀ ਹਮੇਸ਼ਾ ਉਸ ਕੰਮ ਵਿੱਚ ਮਿਲਦੀ ਹੈ ਜੋ ਸਤਿਕਾਰ, ਸੰਤੁਲਨ ਅਤੇ ਸਥਿਰਤਾ ਪ੍ਰਦਾਨ ਕਰਦਾ ਹੈ। ਮੌਲੀ ਦਾ ਸੰਦੇਸ਼ ਸਪੱਸ਼ਟ ਹੈ: ਕਰੀਅਰ ਬਦਲਣ ਤੋਂ ਨਾ ਡਰੋ। ਤੁਹਾਡੀ ਖੁਸ਼ੀ ਕਿਸੇ ਵੀ ਨੌਕਰੀ ਦੇ ਸਿਰਲੇਖ ਨਾਲੋਂ ਵੱਡੀ ਹੈ।

## ਪੈਰਿਸ ਵਿੱਚ ਸੜਕ ਕਿਨਾਰੇ ਉਪਲਬਧ ਭਾਰਤੀ ਸਟ੍ਰੀਟ ਫੂਡ

# 6 ਗੋਲ-ਗੱਪਿਆਂ ਦੀ ਕੀਮਤ 220 ਰੁਪਏ



ਗੋਲਗੱਪੇ ਸਿਰਫ਼ ਭਾਰਤ ਤੱਕ ਸੀਮਤ ਨਹੀਂ ਹਨ। ਇਹ ਦੇਸ਼ ਤੋਂ ਬਾਹਰ ਵੀ ਇੱਕ ਪ੍ਰਸਿੱਧ ਪਕਵਾਨ ਹੈ। ਇਸੇ ਕਰਕੇ, ਭਾਰਤ ਵਾਂਗ, ਤੁਹਾਨੂੰ ਅਮਰੀਕਾ, ਇੰਗਲੈਂਡ ਅਤੇ ਫਰਾਂਸ ਵਰਗੇ ਦੇਸ਼ਾਂ ਵਿੱਚ ਸੜਕ ਕਿਨਾਰੇ ਗੋਲਗੱਪੇ ਵਿਕਦੇ ਮਿਲਣਗੇ। ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਕੁਝ ਨੌਜਵਾਨ ਭਾਰਤੀ ਪੁਰਸ਼ ਪੈਰਿਸ ਦੀਆਂ ਸੜਕਾਂ 'ਤੇ ਗੋਲਗੱਪੇ ਖਾਂਦੇ ਦਿਖਾਈ ਦੇ ਰਹੇ ਹਨ।

ਸੋਸ਼ਲ ਮੀਡੀਆ ਪਲੇਟਫਾਰਮ ਇੰਸਟਾਗ੍ਰਾਮ 'ਤੇ @explorewith_razi ਹੈਂਡਲ ਦੁਆਰਾ ਇੱਕ ਵੀਡੀਓ ਸ਼ੇਅਰ ਕੀਤਾ ਗਿਆ ਹੈ। ਇਸ ਵਿੱਚ, ਭਾਰਤੀ ਮੂਲ ਦੇ ਕੁਝ ਲੋਕ ਪੈਰਿਸ ਵਿੱਚ ਘੁੰਮਦੇ ਦਿਖਾਈ ਦੇ ਰਹੇ ਹਨ। ਇੱਕ ਨੌਜਵਾਨ ਔਰਤ ਦੱਸਦੀ ਹੈ ਕਿ ਉਸਨੂੰ ਆਰੀਆ ਭਵਨ ਜਾਣ ਦੀ ਜ਼ਰੂਰਤ ਹੈ। ਫਿਰ ਸਮੂਹ ਸੜਕ ਪਾਰ ਕਰਦਾ ਹੈ ਅਤੇ ਉੱਥੇ ਪਹੁੰਚਦਾ ਹੈ। ਅਚਾਨਕ, ਉਹਨਾਂ ਨੂੰ ਸੜਕ ਕਿਨਾਰੇ ਗੋਲਗੱਪੇ ਵੇਚਦੇ ਇੱਕ ਆਦਮੀ ਦਿਖਾਈ ਦਿੰਦਾ ਹੈ। ਪੈਰਿਸ ਵਿੱਚ, ਇੱਕ ਆਦਮੀ ਸੜਕ ਕਿਨਾਰੇ ਖੜ੍ਹਾ ਗੋਲਗੱਪੇ ਵੇਚ ਰਿਹਾ ਸੀ, ਬਿਲਕੁਲ ਭਾਰਤ ਦੇ ਲੋਕਾਂ ਵਾਂਗ। ਇਹ ਦੇਖ ਕੇ, ਸਮੂਹ ਵਿੱਚ ਇੱਕ ਔਰਤ ਨੇ ਕਿਹਾ, "ਹੁਣ ਇਹੀ ਸਭ ਕੁਝ ਹੈ ਜੋ ਮੈਂ ਪੈਰਿਸ ਵਿੱਚ ਦੇਖਣਾ ਛੱਡ ਦਿੱਤਾ ਸੀ।" ਫਿਰ ਵਲੌਗਰ ਗੋਲਗੱਪਾ ਵੇਚਣ ਵਾਲੇ ਨੂੰ ਪੁੱਛਦਾ ਹੈ, "ਕੀ ਤੁਸੀਂ ਹੁਣੇ ਆਪਣੀ ਦੁਕਾਨ ਲਗਾ ਰਹੇ ਹੋ?" ਉਹ ਜਵਾਬ ਦਿੰਦਾ ਹੈ, "ਹਾਂ, ਅਸੀਂ ਅਜੇ ਖੁੱਲ੍ਹੇ ਵੀ ਨਹੀਂ ਹਾਂ।" ਇਸ ਨਾਲ ਸਾਰੇ ਹੱਸਣ ਲੱਗ ਪੈਂਦੇ ਹਨ, ਕਿਉਂਕਿ ਗੋਲਗੱਪਾ ਵੇਚਣ ਵਾਲਾ ਭਾਰਤੀ ਨਿਕਲਿਆ। ਇਸ ਤੋਂ ਬਾਅਦ, ਸਾਰਿਆਂ ਨੂੰ ਪਲੇਟ ਵਿੱਚ ਗੋਲਗੱਪੇ ਦਿੱਤੇ ਜਾਂਦੇ ਹਨ।

ਜਦੋਂ ਗੋਲਗੱਪੇ ਲਈ ਪੈਸੇ ਦੇਣ ਦਾ ਸਮਾਂ ਆਉਂਦਾ ਹੈ, ਤਾਂ ਨੌਜਵਾਨ ਪੁੱਛਦਾ ਹੈ, "ਤੁਸੀਂ ਇਨ੍ਹਾਂ ਗੋਲਗੱਪਿਆਂ ਲਈ ਕਿੰਨੇ ਪੈਸੇ ਦਿੱਤੇ?" ਗੋਲਗੱਪਾ ਵੇਚਣ ਵਾਲੇ ਦਾ ਜਵਾਬ ਹੈਰਾਨੀਜਨਕ ਹੈ। ਉਹ ਦੱਸਦਾ ਹੈ ਕਿ ਛੇ ਗੋਲਗੱਪਿਆਂ ਦੀ ਕੀਮਤ 2 ਯੂਰੋ ਹੈ। ਭਾਰਤੀ ਵਲੌਗਰ ਇਸਦੀ ਵਿਆਖਿਆ ਕਰਦੇ ਹੋਏ ਕਹਿੰਦਾ ਹੈ ਕਿ ਭਾਰਤੀ ਸ਼ਬਦਾਂ ਵਿੱਚ, ਇਸਦਾ ਅਨੁਵਾਦ 220 ਰੁਪਏ ਹੈ। ਇਸਦਾ ਮਤਲਬ ਹੈ ਕਿ ਪੈਰਿਸ ਵਿੱਚ ਛੇ ਗੋਲਗੱਪਿਆਂ ਦੀ ਕੀਮਤ 220 ਰੁਪਏ ਹੈ। ਵੀਡੀਓ ਨੇ ਕਈ ਪ੍ਰਤੀਕਿਰਿਆਵਾਂ ਪ੍ਰਾਪਤ ਕੀਤੀਆਂ ਹਨ। ਇੱਕ ਉਪਭੋਗਤਾ ਨੇ ਲਿਖਿਆ ਕਿ ਇਹ ਇੱਕ ਯੂਨੀਵਰਸਲ ਭੋਜਨ ਬਣ ਗਿਆ ਹੈ, ਦੂਜੇ ਨੇ ਲਿਖਿਆ, "ਇਹ ਬਹੁਤ ਵਧੀਆ ਹੈ।" ਕੁਝ ਉਪਭੋਗਤਾਵਾਂ ਨੇ ਇਹ ਵੀ ਦੱਸਿਆ ਕਿ ਉਹ ਪੈਰਿਸ ਵਿੱਚ ਵੀ ਰਹਿੰਦੇ ਹਨ ਅਤੇ ਅਕਸਰ ਗੋਲਗੱਪੇ ਖਾਣ ਲਈ ਉਸ ਜਗ੍ਹਾ ਜਾਂਦੇ ਹਨ।

## ਮੇਰਠ ਦੇ ਜੋੜੇ ਨੇ ਉਤਰਾਖੰਡ ਦੇ ਮੰਦਰ ਵਿੱਚ ਕੀਤਾ ਵਿਆਹ

# ਭਾਰੀ ਬਰਫ਼ਬਾਰੀ ਵੀ ਨਹੀਂ ਰੋਕ ਸਕੀ ਵਿਆਹ ਦੀਆਂ ਰਸਮਾਂ

ਮੇਰਠ ਦੇ ਇੱਕ ਜੋੜੇ ਨੇ ਉਤਰਾਖੰਡ ਦੇ ਤ੍ਰਿਯੁਗੀਨਾਰਾਇਣ ਮੰਦਰ ਵਿੱਚ ਇੰਨੇ ਸ਼ਾਨਦਾਰ ਢੰਗ ਨਾਲ ਵਿਆਹ ਕੀਤਾ ਕਿ ਵੀਡੀਓ ਵਾਇਰਲ ਹੋ ਗਿਆ।

ਰੁਦਰਪ੍ਰਯਾਗ ਵਿੱਚ ਸੀਜ਼ਨ ਦੀ ਪਹਿਲੀ ਭਾਰੀ ਬਰਫ਼ਬਾਰੀ ਦੇ ਵਿਚਕਾਰ ਬਸੰਤ ਪੰਚਮੀ 'ਤੇ ਹੋਇਆ ਵਿਆਹ ਇੰਨਾ ਸੁੰਦਰ ਸੀ ਕਿ ਲੋਕ ਵੀਡੀਓ ਨੂੰ ਵਾਰ-ਵਾਰ ਸਾਂਝਾ ਕਰ ਰਹੇ ਹਨ।

ਵੀਡੀਓ ਵਿੱਚ ਮੰਦਰ ਕੰਪਲੈਕਸ ਪੂਰੀ ਤਰ੍ਹਾਂ ਬਰਫ਼ ਦੀ ਮੋਟੀ ਪਰਤ ਨਾਲ ਢੱਕਿਆ ਹੋਇਆ ਦਿਖਾਇਆ ਗਿਆ ਹੈ। ਲਾਲ ਲਹਿੰਗਾ ਪਹਿਨੀ ਹੋਈ ਲਾੜੀ ਅਤੇ ਰਵਾਇਤੀ ਸ਼ੇਰਵਾਨੀ ਉੱਤੇ ਜੈਕੇਟ ਪਹਿਨੇ ਹੋਏ ਲਾੜੇ ਨੂੰ ਬਰਫ਼ ਵਿੱਚੋਂ ਲੰਘਦੇ ਹੋਏ ਦੇਖਿਆ ਜਾ ਸਕਦਾ ਹੈ। ਇੱਕ ਔਰਤ ਉਨ੍ਹਾਂ ਦੇ ਪਿੱਛੇ ਚੱਲ ਰਹੀ ਹੈ, ਲਾੜੀ ਦੇ ਲਹਿੰਗਾ ਨੂੰ ਗਿੱਲਾ ਹੋਣ ਤੋਂ ਰੋਕਣ ਲਈ ਫੜੀ ਹੋਈ ਹੈ। ਉਨ੍ਹਾਂ ਦੋਵਾਂ ਦੇ ਚਿਹਰਿਆਂ 'ਤੇ ਖੁਸ਼ੀ ਸਾਫ਼ ਦਿਖਾਈ ਦੇ ਰਹੀ ਸੀ। ਲਾੜੇ ਨੇ ਕੈਮਰੇ ਵੱਲ ਵੇਖਦੇ ਹੋਏ ਐਲਾਨ ਕੀਤਾ ਕਿ ਉਸਨੂੰ ਭਗਵਾਨ ਦਾ ਆਸ਼ੀਰਵਾਦ ਮਿਲਿਆ ਹੈ। ਵਾਇਰਲ ਵੀਡੀਓ ਵਿੱਚ ਕੀਤੇ ਗਏ ਦਾਅਵਿਆਂ ਦੇ ਅਨੁਸਾਰ, ਵਿਆਹ ਤ੍ਰਿਯੁਗੀਨਾਰਾਇਣ ਮੰਦਰ ਵਿੱਚ ਹੋਇਆ, ਉਹੀ ਜਗ੍ਹਾ ਜਿਸਨੂੰ ਮਿਥਿਹਾਸ ਦੇ ਅਨੁਸਾਰ, ਭਗਵਾਨ ਸ਼ਿਵ ਅਤੇ ਦੇਵੀ ਪਾਰਵਤੀ ਦਾ ਵਿਆਹ ਸਥਾਨ ਮੰਨਿਆ ਜਾਂਦਾ ਹੈ।

ਚਿੱਟੇ ਬਰਫ਼ ਦੀ ਚਾਦਰ ਅਤੇ ਇਸ ਵਿਚਕਾਰ ਹੋ ਰਹੇ ਪਵਿੱਤਰ ਚੱਕਰਾਂ ਦਾ ਦ੍ਰਿਸ਼ ਲੋਕਾਂ ਨੂੰ ਮਨਮੋਹਕ ਕਰ ਰਿਹਾ ਹੈ। ਜਦੋਂ ਵਿਆਹ ਤੋਂ ਬਾਅਦ ਜੋੜੇ ਨੂੰ ਪੁੱਛਿਆ ਗਿਆ ਕਿ ਉਹ ਕਿੱਥੋਂ ਦੇ ਹਨ, ਤਾਂ ਉਨ੍ਹਾਂ ਨੇ ਆਪਣੀ ਪਛਾਣ ਮੇਰਠ ਦੇ ਨਿਵਾਸੀ ਵਜੋਂ ਕਰਵਾਈ। ਸੋਸ਼ਲ ਮੀਡੀਆ 'ਤੇ ਲੋਕ ਟਿੱਪਣੀਆਂ ਕਰਨ ਲੱਗੇ, "ਵਾਹ! ਇਹ ਪਹਿਲੀ ਵਾਰ ਹੈ ਜਦੋਂ ਮੈਂ ਬਰਫ਼ ਵਿੱਚ ਵਿਆਹ ਦੇਖਿਆ ਹੈ।" ਇੱਕ



ਵੀਡੀਓ ਵਿੱਚ ਮੰਦਰ ਕੰਪਲੈਕਸ ਪੂਰੀ ਤਰ੍ਹਾਂ ਬਰਫ਼ ਦੀ ਮੋਟੀ ਪਰਤ ਨਾਲ ਢੱਕਿਆ ਹੋਇਆ ਦਿਖਾਇਆ ਗਿਆ ਹੈ। ਲਾਲ ਲਹਿੰਗਾ ਪਹਿਨੀ ਹੋਈ ਲਾੜੀ ਅਤੇ ਰਵਾਇਤੀ ਸ਼ੇਰਵਾਨੀ ਉੱਤੇ ਜੈਕੇਟ ਪਹਿਨੇ ਹੋਏ ਲਾੜੇ ਨੂੰ ਬਰਫ਼ ਵਿੱਚੋਂ ਲੰਘਦੇ ਹੋਏ ਦੇਖਿਆ ਜਾ ਸਕਦਾ ਹੈ। ਇੱਕ ਔਰਤ ਉਨ੍ਹਾਂ ਦੇ ਪਿੱਛੇ ਚੱਲ ਰਹੀ ਹੈ, ਲਾੜੀ ਦੇ ਲਹਿੰਗਾ ਨੂੰ ਗਿੱਲਾ ਹੋਣ ਤੋਂ ਰੋਕਣ ਲਈ ਫੜੀ ਹੋਈ ਹੈ।

ਹੋਰ ਨੇ ਟਿੱਪਣੀ ਕੀਤੀ, "ਦੁਲਹਨ ਨੂੰ ਟੋਪੀਆਂ... ਇੰਨੀ ਠੰਡ ਵਿੱਚ ਵੀ ਇੰਨੀ ਸੁੰਦਰ।" ਉਤਰਾਖੰਡ ਦੇ ਗੜ੍ਹਵਾਲ ਅਤੇ ਕੁਮਾਉਂ ਦੋਵਾਂ ਡਿਵੀਜ਼ਨਾਂ ਵਿੱਚ ਭਾਰੀ ਬਰਫ਼ਬਾਰੀ ਹੋਈ। ਬਦਰੀਨਾਥ, ਕੇਦਾਰਨਾਥ, ਗੰਗੋਤਰੀ, ਯਮੁਨੋਤਰੀ, ਔਲੀ, ਮਸੂਰੀ, ਚੱਕਰਤਾ, ਧਨੌਲਟੀ ਅਤੇ ਮੁਨਸਯਾਰੀ ਸਮੇਤ ਕਈ ਉੱਚ-ਉਚਾਈ ਵਾਲੇ ਖੇਤਰ ਬਰਫ਼ ਨਾਲ ਢੱਕੇ ਹੋਏ ਸਨ। ਨੈਨੀਤਾਲ ਵਿੱਚ ਚਾਈਨਾ ਪੀਕ ਅਤੇ ਕਿਲਬਰੀ, ਅਲਮੋੜਾ ਵਿੱਚ ਦੁਨਾਗਿਰੀ ਅਤੇ ਪੌੜੀ ਵਿੱਚ ਤਾਰਕੇਸ਼ਵਰ ਵਰਗੇ ਸਥਾਨ ਵੀ ਬਰਫ਼ ਨਾਲ ਚਿੱਟੇ ਦਿਖਾਈ ਦਿੱਤੇ। ਸਥਾਨਕ ਅਤੇ ਸੈਲਾਨੀ ਦੋਵੇਂ ਹੀ ਮੌਸਮ ਤੋਂ ਬਹੁਤ ਖੁਸ਼ ਸਨ। ਉੱਤਰਾਖੰਡ ਭਰ ਤੋਂ ਬਰਫ਼ ਵਾਲੀਆਂ ਫੋਟੋਆਂ ਅਤੇ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੇ ਹਨ। ਹਾਲਾਂਕਿ, ਬਰਫ਼ਬਾਰੀ ਨੇ ਕਈ ਥਾਵਾਂ 'ਤੇ ਆਵਾਜਾਈ ਨੂੰ ਪ੍ਰਭਾਵਿਤ ਕੀਤਾ ਹੈ।

## ਸਾਬਕਾ ਏਅਰ ਹੋਸਟੇਸ ਨੇ ਕੀਤਾ ਖੁਲਾਸਾ, "ਜਹਾਜ਼ਾਂ ਵਿੱਚ ਪਾਣੀ ਦੀਆਂ ਟੈਂਕੀਆਂ ਕਦੇ ਨਹੀਂ ਕੀਤੀਆਂ ਜਾਂਦੀਆਂ ਸਾਫ"

# ਉਡਾਣ ਦੌਰਾਨ ਚਾਹ ਅਤੇ ਕੌਫੀ ਤੋਂ ਬਚੋ

**ਇੱਕ ਸਾਬਕਾ ਏਅਰ ਹੋਸਟੇਸ ਨੇ ਖੁਲਾਸਾ ਕੀਤਾ ਹੈ ਕਿ ਜਹਾਜ਼ਾਂ ਦੇ ਪਾਣੀ ਦੀਆਂ ਟੈਂਕੀਆਂ ਬਹੁਤ ਘੱਟ ਸਾਫ਼ ਕੀਤੀਆਂ ਜਾਂਦੀਆਂ ਹਨ, ਜਿਸ ਨਾਲ ਚਾਹ ਅਤੇ ਕੌਫੀ ਪੀਣਾ ਅਸੁਰੱਖਿਅਤ ਹੋ ਜਾਂਦਾ ਹੈ। ਉਸਨੇ ਯਾਤਰੀਆਂ ਨੂੰ ਸਿਰਫ਼ ਬੋਤਲਬੰਦ ਪਾਣੀ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ**

।ਇੱਕ ਸਾਬਕਾ ਏਅਰ ਹੋਸਟੇਸ ਨੇ ਯਾਤਰੀਆਂ ਨੂੰ ਜਹਾਜ਼ਾਂ ਵਿੱਚ ਪਾਣੀ, ਕੌਫੀ ਜਾਂ ਚਾਹ ਪੀਣ ਵੇਲੇ ਵਾਧੂ ਸਾਵਧਾਨ ਰਹਿਣ ਦੀ ਚੇਤਾਵਨੀ ਦਿੱਤੀ ਹੈ। ਉਸਨੇ ਜੋ ਕਾਰਨ ਦਿੱਤਾ ਹੈ ਉਹ ਕਾਫ਼ੀ ਡਰਾਉਣਾ ਹੈ। ਅਕਸਰ ਹਵਾਈ ਯਾਤਰੀ ਉਸਦੀ ਸਲਾਹ ਤੋਂ ਹੈਰਾਨ ਹੋਣਗੇ।

ਮਿਰਰ ਦੀ ਇੱਕ ਰਿਪੋਰਟ ਦੇ ਅਨੁਸਾਰ, ਲੰਬੀਆਂ ਉਡਾਣਾਂ ਦੌਰਾਨ ਹਾਈਡਰੇਟਿਡ ਰਹਿਣ ਲਈ ਗਰਮ ਚਾਹ ਜਾਂ ਠੰਡਾ ਪਾਣੀ ਪੀਣਾ ਸੁਭਾਵਿਕ ਹੈ। ਹਾਲਾਂਕਿ, ਇੱਕ ਸਾਬਕਾ ਕੈਬਿਨ ਕਰੂ ਮੈਂਬਰ ਨੇ ਚੇਤਾਵਨੀ ਦਿੱਤੀ ਹੈ ਕਿ ਉਡਾਣ ਦੌਰਾਨ ਇਹਨਾਂ ਪੀਣ ਵਾਲੇ ਪਦਾਰਥਾਂ ਦਾ ਸੇਵਨ ਕਰਨਾ ਜੋਖਮ ਭਰਿਆ ਹੋ ਸਕਦਾ ਹੈ। ਇਸ ਲਈ, ਯਾਤਰੀਆਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਸਾਬਕਾ ਫਲਾਈਟ ਅਟੈਂਡੈਂਟ ਕੈਟ ਕਮਾਲਾਨੀ ਨੇ TikTok 'ਤੇ ਇੱਕ ਵੀਡੀਓ ਸਾਂਝਾ ਕੀਤਾ, ਜਿਸਨੂੰ 500,000 ਤੋਂ ਵੱਧ ਲੋਕਾਂ ਨੇ ਦੇਖਿਆ ਹੈ। ਵੀਡੀਓ ਵਿੱਚ, ਉਸਨੇ ਉਦਯੋਗ ਵਿੱਚ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਕਿਹਾ ਕਿ ਹਵਾਈ ਜਹਾਜ਼ਾਂ ਵਿੱਚ ਏਅਰ ਹੋਸਟੇਸ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਪੀਣ ਵਾਲੇ ਪਾਣੀ, ਚਾਹ ਅਤੇ ਕੌਫੀ ਦਾ ਸੇਵਨ ਕਦੇ ਵੀ ਨਹੀਂ ਕਰਨਾ ਚਾਹੀਦਾ। ਉਸਨੇ ਕਿਸੇ ਵੀ ਤਰਲ ਪਦਾਰਥ ਦਾ ਸੇਵਨ ਕਰਨ ਦੀ ਸਲਾਹ ਦਿੱਤੀ ਜੋ ਡੱਬੇ ਜਾਂ ਬੋਤਲ ਵਿੱਚ ਸੀਲ ਨਹੀਂ



ਹੁੰਦਾ। ਉਸਨੇ ਖੁੱਲ੍ਹੇ ਪਾਣੀ ਜਾਂ ਇਸ ਤੋਂ ਬਣੇ ਚਾਹ ਜਾਂ ਕੌਫੀ ਤੋਂ ਬਚਣ 'ਤੇ ਵੀ ਜ਼ੋਰ ਦਿੱਤਾ।

ਕੈਟ ਨੇ ਸਮਝਾਇਆ ਕਿ ਇਹ ਇਸ ਲਈ ਹੈ ਕਿਉਂਕਿ ਪਾਣੀ ਦੀਆਂ ਟੈਂਕੀਆਂ ਬਹੁਤ ਘੱਟ ਸਾਫ਼ ਕੀਤੀਆਂ ਜਾਂਦੀਆਂ ਹਨ ਅਤੇ ਬਹੁਤ ਗੰਦੀਆਂ ਹੁੰਦੀਆਂ ਹਨ। ਇਸ ਲਈ, ਜਹਾਜ਼ਾਂ 'ਤੇ ਹਮੇਸ਼ਾ ਬੋਤਲਬੰਦ ਪਾਣੀ ਪੀਣਾ ਮਹੱਤਵਪੂਰਨ ਹੈ।

ਕੈਟ ਦੇ ਅਨੁਸਾਰ, ਹਵਾਈ ਜਹਾਜ਼ਾਂ 'ਤੇ ਪਾਣੀ ਦੀਆਂ ਟੈਂਕੀਆਂ ਬਹੁਤ ਘੱਟ ਸਾਫ਼ ਕੀਤੀਆਂ ਜਾਂਦੀਆਂ ਹਨ ਅਤੇ ਅਕਸਰ ਗੰਦੀਆਂ ਹੁੰਦੀਆਂ ਹਨ। ਇਹ ਇੱਕ ਹੈਰਾਨੀ ਵਾਲੀ ਗੱਲ ਹੋ ਸਕਦੀ ਹੈ, ਪਰ ਇਹ ਸੱਚਾਈ ਹੈ। ਉਸਨੇ ਇਹ ਵੀ ਖੁਲਾਸਾ ਕੀਤਾ ਕਿ ਜਾਣਕਾਰ ਕੈਬਿਨ ਕਰੂ ਮੈਂਬਰ ਆਮ ਤੌਰ 'ਤੇ ਜਹਾਜ਼ਾਂ 'ਤੇ ਪਰੋਸੀ ਜਾਣ ਵਾਲੀ ਕੌਫੀ ਜਾਂ ਚਾਹ ਤੋਂ ਪਰਹੇਜ਼ ਕਰਦੇ ਹਨ, ਕਿਉਂਕਿ ਦੋਵੇਂ ਇਨ੍ਹਾਂ ਸ਼ੱਕੀ ਟੈਂਕਾਂ ਦੇ ਪਾਣੀ ਦੀ ਵਰਤੋਂ ਕਰਕੇ ਤਿਆਰ ਕੀਤੇ ਜਾਂਦੇ ਹਨ। ਕੈਟ ਨੇ ਕਿਹਾ, "ਇੱਕ ਫਲਾਈਟ ਅਟੈਂਡੈਂਟ ਨਾਲ ਗੱਲ ਕਰੋ ਅਤੇ ਪੁੱਛੋ, 'ਅਸੀਂ ਬਹੁਤ ਘੱਟ ਹੀ ਕੌਫੀ ਜਾਂ ਚਾਹ ਪੀਂਦੇ ਹਾਂ।'" ਇਸ ਲਈ ਪਾਣੀ ਇੱਕੋ ਪਾਣੀ ਦੀ ਟੈਂਕੀ ਤੋਂ ਆਉਂਦਾ ਹੈ। ਇਸ ਲਈ ਜਦੋਂ ਤੁਸੀਂ ਉਹ ਕੌਫੀ, ਚਾਹ, ਜਾਂ ਖੁੱਲ੍ਹਾ ਪਾਣੀ ਪੀਂਦੇ ਹੋ, ਤਾਂ ਇਹ ਸਭ ਓਨਾ ਹੀ ਗੰਦਾ ਹੁੰਦਾ ਹੈ। ਇਹ ਬਿਲਕੁਲ ਘਿਣਾਉਣਾ ਹੈ। ਕੈਟ ਨੇ ਅੱਗੇ ਦੱਸਿਆ ਕਿ ਇਹ ਪਾਣੀ ਦੀਆਂ ਟੈਂਕੀਆਂ ਆਮ ਤੌਰ 'ਤੇ ਟਾਇਲਟਾਂ ਦੇ ਨੇੜੇ ਸਥਿਤ ਹੁੰਦੀਆਂ ਹਨ, ਜੋ ਕਿ ਸਫਾਈ ਦੇ ਮਿਆਰਾਂ ਦੇ ਮਾਮਲੇ ਵਿੱਚ ਬਿਲਕੁਲ ਵੀ ਭਰੋਸੇਯੋਗ ਨਹੀਂ ਹਨ। ਹਰ ਜਗ੍ਹਾ ਸਫਾਈ ਪ੍ਰਤੀ ਜਾਗਰੂਕ ਲੋਕਾਂ ਨੂੰ ਚੇਤਾਵਨੀ ਦਿੰਦੇ ਹੋਏ, ਉਸਨੇ ਕਿਹਾ ਕਿ ਇਹਨਾਂ ਨੂੰ ਘੱਟ ਹੀ ਸਾਫ਼ ਕੀਤਾ ਜਾਂਦਾ ਹੈ ਜਦੋਂ ਤੱਕ ਇਹ ਟੁੱਟ ਨਾ ਜਾਣ, ਅਤੇ ਇਹ ਟਾਇਲਟਾਂ ਦੇ ਨੇੜੇ ਸਥਿਤ ਨਾ ਹੋਣ। ਯਾਤਰਾ ਕਰਨ ਵਾਲੇ ਮਾਪਿਆਂ ਲਈ, ਕੈਟ ਨੇ ਸਲਾਹ ਦਿੱਤੀ ਕਿ ਖਾਸ ਤੌਰ 'ਤੇ ਬੱਚਿਆਂ ਦੀਆਂ ਬੋਤਲਾਂ ਤਿਆਰ ਕਰਨ ਲਈ ਗਰਮ ਪਾਣੀ ਨਾ ਮੰਗੋ। ਇਸ ਦੀ ਬਜਾਏ, ਉਸਨੇ ਪਾਣੀ ਦੀ ਇੱਕ ਬੋਤਲ ਵੱਖਰੇ ਤੌਰ 'ਤੇ ਗਰਮ ਕਰਨ ਦਾ ਸੁਝਾਅ ਦਿੱਤਾ, ਫਿਰ ਆਪਣੇ ਬੱਚੇ ਲਈ ਇੱਕ ਬੋਤਲ ਤਿਆਰ ਕਰੋ।

## ਦੁਨੀਆ ਨੇ ਵ੍ਹਾਈਟ ਹਾਊਸ ਦੀ ਸੋਸ਼ਲ ਮੀਡੀਆ ਪੋਸਟ ਦਾ ਮਜ਼ਾਕ ਉਡਾਇਆ

# ਟਰੰਪ ਨੂੰ ਪੈਂਗੁਇਨ ਮੀਮ ਟ੍ਰੈਂਡ ਵਿੱਚ ਕੀਤਾ ਗਿਆ ਟ੍ਰੋਲ

**ਵ੍ਹਾਈਟ ਹਾਊਸ ਦੁਆਰਾ ਗ੍ਰੀਨਲੈਂਡ ਸੰਬੰਧੀ ਸਾਂਝੀ ਕੀਤੀ ਗਈ ਡੋਨਾਲਡ ਟਰੰਪ ਦੀ ਇੱਕ ਫੋਟੋ ਸੋਸ਼ਲ ਮੀਡੀਆ 'ਤੇ ਇੱਕ ਮਜ਼ਾਕ ਬਣ ਗਈ। ਫੋਟੋ ਵਿੱਚ ਟਰੰਪ ਨੂੰ ਇੱਕ ਪੈਂਗੁਇਨ ਨਾਲ ਦਿਖਾਇਆ ਗਿਆ ਹੈ, ਭਾਵੇਂ ਕਿ ਪੈਂਗੁਇਨ ਸਿਰਫ ਦੱਖਣੀ ਗੋਲਿਸਫਾਇਰ (ਅੰਟਾਰਕਟਿਕਾ) ਵਿੱਚ ਪਾਏ ਜਾਂਦੇ ਹਨ।**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਸੰਬੰਧੀ ਯੂਰਪ 'ਤੇ ਲਗਾਏ ਗਏ ਟੈਰਿਫ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਹੋ ਸਕਦਾ ਹੈ, ਪਰ ਉਨ੍ਹਾਂ ਦੇ ਆਰਕਟਿਕ ਸੁਪਨੇ ਅਜੇ ਖਤਮ ਨਹੀਂ ਹੋਏ ਹਨ। ਵ੍ਹਾਈਟ ਹਾਊਸ ਨੇ ਸ਼ਨੀਵਾਰ ਨੂੰ ਇਸ ਨੁਕਤੇ ਨੂੰ ਦੁਹਰਾਇਆ ਜਦੋਂ ਇਸਨੇ ਟਰੰਪ ਦੀ ਇੱਕ ਪੈਂਗੁਇਨ ਨਾਲ ਗ੍ਰੀਨਲੈਂਡ ਵੱਲ ਤੁਰਨ ਦੀ ਇੱਕ ਫੋਟੋ ਪੋਸਟ ਕੀਤੀ। ਫੋਟੋ ਦਾ ਕੈਪਸ਼ਨ "ਪੈਂਗੁਇਨ ਨੂੰ ਗਲੇ ਲਗਾਓ" ਸੀ। ਹਾਲਾਂਕਿ, ਪੋਸਟ ਜਲਦੀ ਹੀ ਇੰਟਰਨੈੱਟ 'ਤੇ ਮਜ਼ਾਕ ਦਾ ਵਿਸ਼ਾ ਬਣ ਗਈ, ਕਿਉਂਕਿ ਪੈਂਗੁਇਨ ਗ੍ਰੀਨਲੈਂਡ ਵਿੱਚ ਨਹੀਂ ਮਿਲਦੇ। ਪੈਂਗੁਇਨ ਸਿਰਫ ਦੱਖਣੀ ਗੋਲਿਸਫਾਇਰ ਵਿੱਚ ਰਹਿੰਦੇ ਹਨ, ਜਿਨ੍ਹਾਂ ਦੀ ਸਭ ਤੋਂ ਵੱਡੀ ਆਬਾਦੀ ਅੰਟਾਰਕਟਿਕਾ ਵਿੱਚ ਪਾਈ ਜਾਂਦੀ ਹੈ। ਦੂਜੇ ਪਾਸੇ, ਗ੍ਰੀਨਲੈਂਡ ਉੱਤਰੀ ਗੋਲਿਸਫਾਇਰ ਵਿੱਚ ਸਥਿਤ ਹੈ। ਵ੍ਹਾਈਟ ਹਾਊਸ ਦੀ ਇਸ ਗਲਤੀ ਨੂੰ ਸੋਸ਼ਲ ਮੀਡੀਆ ਉਪਭੋਗਤਾਵਾਂ ਦੁਆਰਾ ਤੁਰੰਤ ਦੇਖਿਆ ਗਿਆ, ਅਤੇ ਟਿੱਪਣੀ ਭਾਗ ਨੇ ਤਿੱਖੀ ਟ੍ਰੋਲਿੰਗ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਟਵਿੱਟਰ ਉਪਭੋਗਤਾਵਾਂ ਨੇ ਆਪਣੀਆਂ ਖੁਦ ਦੀਆਂ AI-ਤਿਆਰ ਕੀਤੀਆਂ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ ਨਾਲ ਵ੍ਹਾਈਟ ਹਾਊਸ ਨੂੰ "ਅਸਲੀਅਤ ਜਾਂਚ" ਮਿਲੀ, ਅਤੇ ਪੋਸਟ ਦਾ ਮਜ਼ਾਕ ਉਡਾਇਆ ਗਿਆ।



ਇਸ ਰਿਪੋਰਟ ਦੇ ਅਨੁਸਾਰ, ਪੋਸਟ ਨੂੰ 10 ਮਿਲੀਅਨ ਤੋਂ ਵੱਧ ਵਿਊਜ਼ ਮਿਲੇ ਸਨ।

ਕੁਝ ਉਪਭੋਗਤਾਵਾਂ ਨੇ ਇਹ ਵੀ ਦੇਖਿਆ ਕਿ ਟਰੰਪ ਦੇ ਪਿੱਛੇ ਦਿਖਾਈ ਦੇਣ ਵਾਲੇ ਪੈਰਾਂ ਦੇ ਨਿਸ਼ਾਨ ਮਨੁੱਖੀ ਪੈਰਾਂ ਦੇ ਨਿਸ਼ਾਨਾਂ ਨਾਲ ਮਿਲਦੇ-ਜੁਲਦੇ ਨਹੀਂ ਸਨ। ਇੱਕ ਵਿਅਕਤੀ ਨੇ ਵਿਅੰਗਮਈ ਟਿੱਪਣੀ ਕੀਤੀ, "ਚੰਗਾ ਕੋਸ਼ਿਸ਼, ਪਰ ਪੈਂਗੁਇਨ ਗ੍ਰੀਨਲੈਂਡ ਵਿੱਚ ਨਹੀਂ ਮਿਲਦੇ।" ਇਸ ਦੌਰਾਨ, ਯੂਕੇ ਕੈਬਨਿਟ ਦਫਤਰ ਦੇ ਚੀਫ਼ ਮਾਊਜ਼ਰ ਦੇ ਅਧਿਕਾਰਤ ਐਕਸ ਖਾਤੇ ਨੇ ਵੀ ਇੱਕ ਹਾਸੋਹੀਣੀ ਟਿੱਪਣੀ ਦੇ ਨਾਲ ਜਵਾਬ ਦਿੱਤਾ, ਲਿਖਿਆ, "ਬਿੱਲੀਆਂ ਦੀ ਜਾਂਚ: ਪੈਂਗੁਇਨ ਸਿਰਫ ਦੱਖਣੀ ਗੋਲਿਸਫਾਇਰ ਵਿੱਚ ਮਿਲਦੇ ਹਨ।" ਟਰੰਪ ਪਿਛਲੇ ਕਈ ਮਹੀਨਿਆਂ ਤੋਂ ਗ੍ਰੀਨਲੈਂਡ ਵਿੱਚ ਇੱਕ ਅਸਾਧਾਰਨ ਪੱਧਰ ਦੀ ਦਿਲਚਸਪੀ ਦਿਖਾ ਰਹੇ ਹਨ। ਉਹ ਕਹਿੰਦੇ ਹਨ ਕਿ ਇਹ ਆਰਕਟਿਕ ਖੇਤਰ ਅਮਰੀਕੀ ਰਾਸ਼ਟਰੀ ਸੁਰੱਖਿਆ ਲਈ ਮਹੱਤਵਪੂਰਨ ਹੈ। ਨਤੀਜੇ ਵਜੋਂ, ਉਸਨੇ ਲੰਬੇ ਸਮੇਂ ਤੋਂ ਡੈਨਮਾਰਕ, ਜੋ ਗ੍ਰੀਨਲੈਂਡ ਨੂੰ ਨਿਯੰਤਰਿਤ ਕਰਦਾ ਹੈ, 'ਤੇ ਦਬਾਅ ਪਾਇਆ ਹੈ ਕਿ ਜੇਕਰ ਕੋਈ ਸਮਝੌਤਾ ਨਹੀਂ ਹੁੰਦਾ ਹੈ ਤਾਂ ਫੌਜੀ ਤਾਕਤ ਦੀ ਵਰਤੋਂ ਕਰਕੇ ਇਸ ਖੇਤਰ ਦਾ ਕੰਟਰੋਲ ਹਾਸਲ ਕੀਤਾ ਜਾਵੇ। ਸੋਸ਼ਲ ਮੀਡੀਆ 'ਤੇ ਘੁੰਮ ਰਹੇ ਪੈਂਗੁਇਨ ਦਾ ਵੀਡੀਓ ਅਸਲ ਵਿੱਚ ਵਰਨਰ ਹਰਜ਼ੋਗ ਦੀ 2007 ਦੀ ਦਸਤਾਵੇਜ਼ੀ "ਐਨਕਾਊਂਟਰਸ ਐਟ ਦ ਐਂਡ ਆਫ਼ ਦ ਵਰਲਡ" ਦਾ ਇੱਕ ਦ੍ਰਿਸ਼ ਹੈ। ਫੁਟੇਜ ਵਿੱਚ ਇੱਕ ਪੈਂਗੁਇਨ ਆਪਣੀ ਕਲੋਨੀ ਤੋਂ ਭਟਕਦਾ ਅਤੇ ਅੰਟਾਰਕਟਿਕਾ ਵੱਲ ਇਕੱਲਾ ਤੁਰਦਾ ਦਿਖਾਇਆ ਗਿਆ ਹੈ। ਵ੍ਹਾਈਟ ਹਾਊਸ ਨੇ ਵੀ ਇੱਕ ਫੋਟੋ ਪੋਸਟ ਕੀਤੀ, ਰੁਝਾਨ ਵਿੱਚ ਸ਼ਾਮਲ ਹੋ ਰਿਹਾ ਹੈ।

## ਦਫ਼ਤਰੀ ਸਬੰਧਾਂ 'ਤੇ ਰਿਅਲਟੀ ਚੈਕ

# ਨੌਜਵਾਨ ਔਰਤ ਨੇ ਆਪਣੇ ਵਿਆਹ ਵਿੱਚ 70 ਸਾਥੀਆਂ ਨੂੰ ਸੱਦਾ ਦਿੱਤਾ, ਪਰ ਆਇਆ ਸਿਰਫ਼ ਇਕ

ਚੀਨ ਦੀ ਇੱਕ ਨੌਜਵਾਨ ਔਰਤ ਦੀ ਕਹਾਣੀ ਦਫ਼ਤਰੀ ਦੋਸਤੀਆਂ ਅਤੇ ਅਸਲ ਜ਼ਿੰਦਗੀ ਦੇ ਰਿਸ਼ਤਿਆਂ ਵਿੱਚ ਫ਼ਰਕ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ। ਉਹ ਆਪਣੇ ਵਿਆਹ ਵਰਗੇ ਖਾਸ ਮੌਕੇ 'ਤੇ ਆਪਣੇ ਸਹਿਕਰਮੀਆਂ ਤੋਂ ਪਿਆਰ ਅਤੇ ਸਮਰਥਨ ਦੀ ਉਮੀਦ ਕਰਦੀ ਸੀ, ਪਰ ਉਹ ਵਿਸ਼ਵਾਸ ਟੁੱਟ ਗਿਆ। ਇਸ ਇੱਕ ਘਟਨਾ ਨੇ ਨਾ ਸਿਰਫ਼ ਉਸਨੂੰ ਭਾਵਨਾਤਮਕ ਤੌਰ 'ਤੇ ਦੁਖੀ ਕੀਤਾ ਸਗੋਂ ਉਸਨੂੰ ਆਪਣੀ ਨੌਕਰੀ ਛੱਡਣ ਲਈ ਮਜਬੂਰ ਕਰ ਦਿੱਤਾ। ਇੱਕ ਚੀਨੀ ਔਰਤ ਦੀ ਕਹਾਣੀ ਸੋਸ਼ਲ ਮੀਡੀਆ 'ਤੇ ਲੋਕਾਂ ਨੂੰ ਪ੍ਰਭਾਵਿਤ ਕਰ ਰਹੀ ਹੈ।

ਉਹ ਪਿਛਲੇ ਪੰਜ ਸਾਲਾਂ ਤੋਂ ਇੱਕੋ ਕੰਪਨੀ ਵਿੱਚ ਕੰਮ ਕਰ ਰਹੀ ਸੀ ਅਤੇ ਉਸਨੂੰ ਮਹਿਸੂਸ ਹੋਇਆ ਕਿ ਉਸਦੇ ਆਪਣੇ ਸਹਿਯੋਗੀਆਂ ਨਾਲ ਚੰਗੇ ਅਤੇ ਸੱਚੇ ਸਬੰਧ ਹਨ। ਵਿਆਹ ਦੀਆਂ ਤਿਆਰੀਆਂ ਦੌਰਾਨ, ਉਹ ਸ਼ੁਰੂ ਵਿੱਚ ਸਿਰਫ਼ ਆਪਣੇ ਨਜ਼ਦੀਕੀ ਦਫ਼ਤਰੀ ਦੋਸਤਾਂ ਨੂੰ ਹੀ ਸੱਦਾ ਦੇਣਾ ਚਾਹੁੰਦੀ ਸੀ। ਹਾਲਾਂਕਿ, ਉਸਨੂੰ ਡਰ ਸੀ ਕਿ ਕੁਝ ਲੋਕਾਂ ਨੂੰ ਸੱਦਾ ਦੇਣ ਨਾਲ ਅਤੇ ਦੂਜਿਆਂ ਨੂੰ ਨਹੀਂ, ਦਫ਼ਤਰ ਦੇ ਅੰਦਰ ਗਲਤਫਹਿਮੀਆਂ ਅਤੇ ਤਣਾਅ ਪੈਦਾ ਹੋ ਸਕਦਾ ਹੈ। ਇਸ ਲਈ, ਉਸਨੇ ਆਪਣੇ ਪੂਰੇ ਵਿਭਾਗ ਦੇ ਲਗਭਗ 70 ਲੋਕਾਂ ਨੂੰ ਵਿਆਹ ਦੇ ਸੱਦੇ ਲਗਭਗ ਦੋ ਮਹੀਨੇ



ਪਹਿਲਾਂ ਭੇਜੇ। ਇੰਨਾ ਹੀ ਨਹੀਂ, ਉਸਨੇ ਵਿਆਹ ਤੋਂ ਪਹਿਲਾਂ ਦਫ਼ਤਰ ਵਿੱਚ ਕਈ ਸਾਥੀਆਂ ਨੂੰ ਤੋਹਫ਼ੇ ਵੀ ਦਿੱਤੇ। ਪਰ ਵਿਆਹ ਵਾਲੇ ਦਿਨ ਜੋ ਹੋਇਆ ਉਸ ਨੇ ਉਸਨੂੰ ਬਹੁਤ ਦੁਖੀ ਕਰ ਦਿੱਤਾ। 70 ਸਾਥੀਆਂ ਵਿੱਚੋਂ, ਸਿਰਫ਼ ਇੱਕ ਹੀ ਉਸਦਾ ਜੂਨੀਅਰ ਸੀ ਅਤੇ ਸ਼ਾਇਦ ਉਹ ਜ਼ਿੰਮੇਵਾਰੀ ਤੋਂ ਬਾਹਰ ਆਈ ਸੀ। ਦੁਲਹਨ ਨੇ ਦਫ਼ਤਰ ਦੇ ਸਟਾਫ਼ ਲਈ ਛੇ ਵੱਡੇ ਮੇਜ਼ ਬੁੱਕ ਕੀਤੇ ਸਨ, ਪਰ ਉਹ ਸਾਰੇ ਖਾਲੀ ਹੀ ਰਹੇ। ਬਹੁਤ ਸਾਰਾ ਖਾਣਾ ਖਰਾਬ ਹੋ ਗਿਆ ਸੀ, ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹ ਆਪਣੇ ਪਰਿਵਾਰ ਅਤੇ ਸਹੁਰਿਆਂ ਦੇ ਸਾਹਮਣੇ ਬਹੁਤ ਸ਼ਰਮਿੰਦਾ ਮਹਿਸੂਸ ਕਰ ਰਹੀ ਸੀ। ਇਸ ਘਟਨਾ ਨੇ ਉਸਨੂੰ ਬਹੁਤ ਉਦਾਸ ਅਤੇ ਦੁਖੀ ਕਰ ਦਿੱਤਾ। ਉਸਨੂੰ ਮਹਿਸੂਸ ਹੋਇਆ ਕਿ ਜਿਨ੍ਹਾਂ ਲੋਕਾਂ ਨਾਲ ਉਸਨੇ ਪੰਜ ਸਾਲਾਂ ਤੋਂ ਕੰਮ ਕੀਤਾ ਸੀ, ਉਨ੍ਹਾਂ ਨੇ ਉਸਦੀਆਂ ਭਾਵਨਾਵਾਂ 'ਤੇ ਵਿਚਾਰ ਨਹੀਂ ਕੀਤਾ। ਅਗਲੇ ਹੀ ਦਿਨ, ਉਹ ਦਫ਼ਤਰ ਗਈ ਅਤੇ ਤੁਰੰਤ ਅਸਤੀਫਾ ਦੇ ਦਿੱਤਾ।

ਇਹ ਕਹਾਣੀ ਹੁਣ ਇਸ ਬਾਰੇ ਸਵਾਲ ਉਠਾ ਰਹੀ ਹੈ ਕਿ ਕੀ ਦਫ਼ਤਰ ਦੇ ਰਿਸ਼ਤੇ ਸੱਚਮੁੱਚ ਦੋਸਤੀ ਹਨ ਅਤੇ ਕੀ ਵਿਆਹ ਵਰਗੇ ਨਿੱਜੀ ਮੌਕੇ 'ਤੇ ਦਫ਼ਤਰ ਤੋਂ ਇੰਨੀ ਉਮੀਦ ਕਰਨਾ ਸਹੀ ਹੈ। Aajtak.in ਇਸ ਖ਼ਬਰ ਦੀ ਪੁਸ਼ਟੀ ਨਹੀਂ ਕਰਦਾ। ਐਡੀ ਲਿਮ ਡਬਲਯੂਐਮ ਨੇ ਇਹ ਪੋਸਟ ਆਪਣੇ ਲਿੰਕਡਇਨ ਪ੍ਰੋਫਾਈਲ 'ਤੇ ਸਾਂਝੀ ਕੀਤੀ।

# ਕਲਾਸੀਫਾਈਡ

ਹਮਦਰਦ ਅਖਬਾਰ ਜਾਂ HAMDARD TV 'ਚ ਆਪਣਾ ਇਸ਼ਤਿਹਾਰ ਜਾਂ ਕਲਾਸੀਫਾਈਡ ਦੇ ਕੇ ਪੂਰੀ ਦੁਨੀਆ ਤੱਕ ਪਹੁੰਚ ਕਰੋ

905-791-9999

SPECIAL PACKAGE AVAILABLE

# Classified


## ਲੜਕੀ ਦੀ ਲੋੜ

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, 2001 'ਚ ਜਨਮੇਂ, ਕੱਦ 6'-1", ਲਾਈਸੰਸਡ ਪ੍ਰੈਕਟੀਕਲ ਨਰਸ, ਹਸਪਤਾਲ ਵਿਚ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਕੈਨੇਡਾ 'ਚ ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇ-ਡਾ/ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੰਮੀਂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਤੋਰਨ ਲਲਈ 1-778-344-5925 ਜਾਂ 1-604-300-4608 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡੀਅਨ ਪੀ ਆਰ, ਜੱਟ ਸਿੱਖ ਬੋਰਨ 1990, ਕੱਦ 6 ਫੁੱਟ, ਵਧੀਆ ਜੌਬ ਕਰ ਰਹੇ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ (ਕੋਈ ਬੱਚਾ ਨਹੀਂ) ਚੰਗੀ ਪਰਸਨੈਲਟੀ ਦੇ ਮਾਲਕ, ਭੈਣ ਇੰਗਲੈਂਡ 'ਚ ਵੈਲ ਸੈਟਲਡ, ਲੜਕੇ ਲਈ ਕੈਨੇਡੀਅਨ ਪੀ ਆਰ, ਪੜ੍ਹੀ ਲਿਖੀ, ਕੱਦ ਘੱਟੋ ਘੱਟ 5'-5" ਲੰ-ਮੇਂ ਕੱਦ ਵਾਲੀ ਜੱਟ ਸਿੱਖ, ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤੇ ਦੀ ਗੱਲ ਅੱਗੇ ਵਧਾਉਣ ਲਈ 1-604-786-1622 ਜਾਂ 1-604-722-5217 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਅਮਰੀਕਾ ਦੇ ਬੌਰਨ, ਬ੍ਰਾਹਮਣ, 1993 ਬੌਰਨ, ਕੱਦ 6'-2", ਗਰੈਜੂਏਟ, ਪਾਇਲਟ ਦੀ ਅਮਰੀਕਾ 'ਚ ਟਰੇਨਿੰਗ ਕਰਕੇ ਜੌਬ ਕਰ ਰਹੇ, ਸੋਹਣੇ-ਸੁਨੱਖੇ, ਨਸ਼ਿਆ ਤੋਂ ਰਹਿਤ, ਕੈਨੇਡਾ 'ਚ 45 ਸਾਲ ਤੋਂ ਰਹਿ ਰਹੇ ਵੈਲ ਸੈਟਲਡ ਪਰਿਵਾਰ ਦੇ ਲੜਕੇ ਲਈ ਸੋਹਣੀ-ਸੁਨੱਖੀ, ਹਿੰਦੂ-ਸਿੱਖ ਪਰਿਵਾਰ ਦੀ ਘੱਟੋ ਘੱਟ 5'-5" ਲੰ-ਮੀਂ, ਖੂਬਸੂਰਤ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਫਲੋਰੀਡਾ 'ਚ ਰਹਿਣ ਵਾਲੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ।ਲੜਕੀ ਪਰਿਵਾਰ ਨਾਲ ਰਹਿਣ ਵਾਲੀ ਹੋਵੇ।ਲੜਕਾ ਹਿੰਦੀ ਪੰਜਾਬੀ ਤੋਂ ਇਲਾਵਾ ਦੋਵੇਂ ਸੱਭਿਆਚਾਰਾਂ ਤੋਂ ਚੰਗੀ ਤਰ੍ਹਾਂ ਵਾਕਿਫ ਹੈ।ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ ਅਮਰੀਕਾ 'ਚ 1-386-444-9344 ਜਾਂ ਫਿਰ ਇੰਡੀਆ 'ਚ +91-98722-78898 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡਾ 'ਚ ਵੈਲ ਸੈਟਲਡ, ਜੱਟ ਸਿੱਖ ਸੰਧੂ ਪਰਿਵਾਰ ਦਾ ਜੰਮਪਲ ਬੇਟਾ, ਉਮਰ 32 ਸਾਲ, ਕੱਦ 5'-9", ਪੜ੍ਹੇ ਲਿਖੇ ਏਅਰਪੋਰਟ ਤੇ ਮਕੈਨੀਕਲ ਦੀ ਵਧੀ-ਆ ਜੌਬ ਕਰਦੇ ਤੇ ਨਾਲ-ਨਾਲ ਆਪਣਾ ਰੀਅਲ ਅਸਟੇਟ ਦਾ ਵਧੀਆ ਕੰਮ ਕਰ ਰਹੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਜੰਮਪਲ/ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਪੰਜਾਬ ਦੇ ਦੁਆਬਾ ਇਲਾਕੇ ਨਾਲ ਸਬੰਧਿਤ ਤੇ ਬਰੈਂਪਟਨ ਏ-ਰੀਏ 'ਚ ਰਹਿੰਦੇ ਪਰਿਵਾਰ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਹੋਰ ਜਾਣਕਾਰੀ ਲਈ 647-993-9181 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

Gursikh family in USA seeks Amritdhari (Keskidhari/ ready to tie Keski), educated, vegetarian, family-oriented girl for their Amritdhari son, 1987 born, 5'-11" tall, MS Degree holder from USA, working as Software Product Leader, Green Card petition approved in 2016. Homeowner in San Francisco, Bay Area, California since 2021, innocently divorced, issueless, family oriented. Preference to girls living in USA & CANADA. Marriage Bureau stay away. Please contact us at +1-510-558-5650 or +91-98993-79442 (whatsapp) or email at cjsingh55 gmail.com -1839

*****************

ਅਮਰੀਕਨ ਗਰੀਨ ਕਾਰਡ ਹੋਲਡਰ, ਜੱਟ ਸਿੱਖ ਇਕਲੌਤੇ 31 ਸਾਲਾ, 6 ਫੁੱਟ ਲੰ-ਮੇਂ ਕੱਦ ਵਾਲੇ ਟਰੱਕਿੰਗ ਇੰਡਸਟ੍ਰਲੀ ਵਿਚ ਵਧੀਆ ਜੌਬ ਕਰਦੇ ਤੇ ਇੰਡੀਆ ਵਿਚ ਪ੍ਰਾ-ਪਰਟੀ ਦੇ ਮਾਲਕ ਲੜਕੇ ਲਈ ਅਮਰੀਕਾ ਜਾਂ ਕੈਨੇਡਾ ਤੋਂ ਪੜ੍ਹੀ ਲਿਖੀ ਸੋਹਣੀ, ਘੱਟੋ ਘੱਟ 5'-5" ਲੰਮੀਂ ਪਰਿਵਾਰਕ, ਪੰਜਾਬ ਦੀ ਬੌਰਨ ਲੜਕੀ ਦੀ ਲੋੜ ਹੈ। ਲੜਕਾ ਆ-ਪਣੇ ਵੈਲ ਸੈਟਲਡ ਪਰਿਵਾਰ ਨਾਲ ਕੈਲੇਫੋ-ਰਨੀਆ ਵਿਚ ਰਹਿ ਰਿਹਾ ਹੈ।ਦੁਆਬੇ ਦੇ ਇਲਾਕੇ ਦੇ ਸਬੰਧਿਤ ਪਰਿਵਾਰ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਗਲਤੀ ਨਾਲ ਵੀ ਫੋਨ ਨਾ ਕਰਨ।ਲੜਕੇ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਤੇ ਦੇਣ ਲਈ 1-979-551-6251 ਜਾਂ ਫਿਰ 1-559-803-8333 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਆਏ, ਜੱਟ ਗੁਰਸਿੱਖ ਬੁਟਰ, 1997 ਬੋਰਨ, ਕੱਦ 6 ਫੁੱਟ, ਆਈ ਟੀ ਆਈ ਇਲੈਕ੍ਰਟੀਸ਼ਨ, ਕੰਨਟਰੱਸ਼ਕਨ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ ਵਿਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਲਗਰੀ 'ਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਕੈਨੇਡਾ 'ਚ 1-403-837-8778 ਜਾਂ ਫਿਰ ਇੰਡੀਆ +91-78891-63893 ਜਾਂ +91-97802-10706 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 30 ਸਾਲ, ਕੱਦ 6 ਫੁੱਟ, ਇੰਡੀਆ ਤੋਂ ਬੀ ਕਾਮ ਕਰਕੇ ਅਕਾਉਂਟਿੰਗ 'ਚ ਡਿਪਲੋਮਾ ਕੈਨੇਡਾ ਤੋਂ ਕਰਨ ਉਪਰੰਤ ਟਰਾਂਸਪੋਰਟ ਕੰਪਨੀ 'ਚ ਜੌਬ ਕਰ ਰਹੇ, ਸੋਹਣੇ, ਸੁਨੱਖੇ, ਨਸ਼ਿਆ ਤੋਂ ਰਹਿਤ, ਸਾਰਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ, ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇਡਾ 'ਚ ਰਹਿ ਰਹੀ ਜੱਟ ਸਿੱਖ, ਪੜ੍ਹੀ ਲਿਖੀ, ਚੰਗੀ ਜੌਬ ਕਰਦੀ ਪਰਿਵਾਰਕ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਰਿਸ਼ਤੇ ਦੀ ਗੱਲਬਾਤ ਅੱਗੇ ਵਧਾਉਣ ਲਈ 1-778-344-3802 ਤੇ ਫੋਨ ਕਰ ਸਕਦੇ ਹਨ। -1838

*****************

ਆਸਟ੍ਰੇਲੀਆ ਵਿਚ ਪੀ ਆਰ ਅਪਲਾਇਡ ਸਟੇਟਸ ਤੇ ਰਹਿੰਦੇ, ਪੰਜਾਬੀ ਸਿੱਖ,1997 ਬੌਰਨ, ਕੱਦ 5'-10", ਆਟੋਮੋਟਿਵ ਡਿ-ਪਲੋਮਾ ਤੇ ਬਿਜਨੈਸ ਮੈਨੇਜਮੈਂਟ ਡਿਪਲੋਮਾ ਹੋਲਡਰ, ਇਸ ਸਮੇਂ ਵਰਕ ਸ਼ਾਪ ਵਿਚ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਦਸਤਾਰਧਾਰੀ ਲੜਕੇ ਲਈ ਅਮ-ਰੀਕਾ/ਆਸਟ੍ਰੇਲੀਆ ਤੋਂ ਸ਼ਿਟੀਜਨ/ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਅਮਰੀਕਾ ਤੇ ਇਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈ-ਰਿਜ ਬਿਊਰੋ ਵਾਲੇ ਬਿਲਕੁਲ ਵੀ ਫੋਨ ਨਾ ਕਰਨ।ਪਰਿਵਾਰ ਤੋਂ ਹੋਰ ਵਧੇਰੇ ਜਾਣਕ-ਾਰੀ ਹਾਸਿਲ ਕਰਨ ਲਈ 1-908-906-3930 ਜਾਂ 1-908-416-5948 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ, ਉਮਰ 43 ਸਾਲ, ਕੱਦ 5'-8", ਡਿਪਲੋਮਾ ਇਨ ਆਟੋਮੋਬਾਇਲ ਇੰਜਨੀਅਰਿੰਗ, ਸੈਲਫ ਇਪਲਾਇਡ, ਹੈਂਡਸਮ, ਨਸ਼ਿਆਂ ਤੋਂ ਰਹਿਤ, ਵਿਆਹ ਤੋਂ ਕੁਝ ਸਮਾਂ ਬਾਅਦ ਬੇਕਸੂਰ ਤਲਾਕਸ਼ੁਦਾ, ਕੋਈ ਬੱਚਾ ਨਹੀਂ, ਇੰਡੀਆ ਵਿਚ 10 ਏਕੜ ਜ਼ਮੀਨ ਦੇ ਮਾਲਕ ਲੜਕੇ ਲਈ ਅਮਰੀਕਾ-ਕੈਨੇਡਾ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕਸ਼ੁਦਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੇ ਦਾ ਭਰਾ ਅਮਰੀਕਾ ਵਿਚ ਤੇ ਭੈਣ ਆਸਟ੍ਰੇਲ-ਿਆ 'ਚ ਵੈਲ ਸੈਟਲਡ ਹਨ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਪੁੱਛਗਿੱਛ ਲਈ ਅਮਰੀਕਾ 'ਚ 1-703-459-6315 ਜਾਂ ਫਿਰ ਇੰਡੀਆ 'ਚ +91-62846-71808 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਚੀਮਾ, ਉਮਰ 33 ਸਾਲ, ਕੱਦ 5'-11, ਕੈਨੇਡਾ ਦੇ ਮਾਂਟਰੀਅਲ ਸ਼ਹਿਰ 'ਚ ਆਪਣੇ ਵੈਲ ਸੈਟਲਡ ਪਰਿਵਾਰ ਨਾਲ ਰਹਿੰਦੇ ਬੈਚੂਲ-ਰਜ਼ ਇਨ ਮੈਥੇਮੈਟਿਕਸ ਅਤੇ ਸਟੈਟਿਕਸ, ਇਸ ਸਮੇਂ ਡਾਟਾ ਅਨੈਲਿਸਟ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ, ਨੈਵਰ ਮੈਰਿਡ ਲੜਕੇ ਲਈ ਕੈਨੇਡਾ ਤੋਂ ਜੱਟ ਸਿੱਖ, ਸੋਹਣੀ-ਸੁਨੱਖੀ, ਪੜ੍ਹੀ ਲਿਖੀ, ਘੱਟੋ ਘੱਟ 5'-4" ਲੰਮੀਂ ਤੇ 31 ਸਾਲ ਉਮਰ ਤੋਂ ਘੱਟ ਵਾਲੀ, ਪਰਿਵਾਰਕ, ਨੈਵਰ ਮੈਰਿਡ ਲੜਕੀ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਗੱਲਬਾਤ ਅੱਗੇ ਵਧਾਉਣ ਲਈ ਵਟਸਅਪ: 1-438-365-7413 ਜਾਂ ਫਿਰ 1-514-916-5513 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************

ਕੈਨੇਡਾ ਵਿੱਚ 40+ ਸਾਲਾਂ ਤੋਂ ਵੈਲ ਸੈਟਲਡ ਜੱਟ ਸਿੱਖ ਪਰਵਾਰ ਨੂੰ ਆਪਣੇ ਕੈਨੇਡੀਅਨ ਜੰਮਪਲ ਬੇਟੇ, 1994 ਬੌਰਨ, ਕੱਦ 5'-11", ਵਧੀਆ ਕੰਪਨੀ ਵਿੱਚ ਕੰਪਿਊਟਰ ਇੰਜੀਨੀਅਰ ਦੀ ਵਧੀਆ ਜੌਬ ਕਰਦੇ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ/ਅਮਰੀਕਾ/ਆਸਟ੍ਰੇਲੀਆ ਜਾਂ ਯੂਕੇ ਤੋਂ ਜੰਮਪਲ ਜਾਂ ਛੋਟੀ ਹੁੰਦੀ ਆਈ, ਸੋ-ਹਣੀ-ਸੁਨੱਖੀ, ਬਰਾਬਰ ਦੀ ਯੋਗਤਾ ਵਾਲੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂ-ਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ-ਆਂ ਲੜਕੀਆਂ ਦੇ ਪਰਵਾਰ ਕਿਰਪਾ ਕਰਕੇ ਮੁਆਫ ਕਰਨ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 1-236-979-0730 -1837

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ, ਐ-ਡਮਿੰਟਨ 'ਚ ਰਹਿੰਦੇ ਜੱਟ ਸਿੱਖ, 1994 ਬੌਰਨ, ਕੱਦ 5'-10", ਪੜ੍ਹੇ ਲਿਖੇ, ਟਰੱਕਿੰਗ ਅਤੇ ਕੰਸਟਰੱਕਸ਼ਨ ਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਦਸਤਾਰਧਾਰੀ, ਦਾੜ੍ਹੀ ਟਰਿੰਮ ਕਰਦੇ ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇਡੀਅਨ ਸ਼ਿਟੀਜਨ/ਪੀ ਆਰ, ਸੋਹਣੀ, ਪਰਿਵਾਰਕ, ਵੈਸ਼ਨੂੰ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਪੁੱਛਗਿੱਛ ਲਈ 1-672-336-9339 ਜਾਂ 1-604-618-5281 ਤੇ ਫੋਨ ਕੀਤਾ ਜਾ ਸਕਦਾ ਹੈ। -1836

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਧਾਲੀਵਾਲ, ਉਮਰ 34 ਸਾਲ, ਕੱਦ 6 ਫੁੱਟ, ਪੜ੍ਹੇ ਲਿਖੇ, ਟਰੱਕ ਮਕੈਨਿਕ ਦੀ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ, ਇੰਡੀਆ ਵਿਚ ਕਾਫੀ ਪ੍ਰਾਪਰਟੀ ਅਤੇ ਕੈਨੇਡਾ ਵਿਚ ਆਪਣੇ ਘਰ ਦੇ ਮਾਲਕ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਤੇ ਬਿਨਾਂ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਧਵਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਗਰੇਟਰ ਟਰਾਂਟੋ ਇਲਾਕੇ 'ਚ ਰਹਿੰਦੀ ਜਾਂ ਮੂਵ ਹੋਣ ਦੀ ਚਾਹਵਾਨ ਲੜਕੀ ਨੂੰ ਪਹਿਲ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ। ਹੋਰ ਵਧੇਰੇ ਜਾਣਕਾਰੀ ਲਈ ਸਿਰਫ ਵਟਸ ਅਪ ਤੇ ਇੰਡੀਆ 'ਚ +91-82640-44107 ਜਾਂ ਫਿਰ ਕੈਨੇਡਾ 'ਚ 437-249-7959 ਤੇ ਫੋਨ ਕੀਤਾ ਜਾ ਸਕਦਾ ਹੈ। -1836

*****************

ਕੈਨੇਡੀਅਨ ਸ਼ਿਟੀਜਨ, ਕਸ਼ਯਪ ਰਾਜਪੂਤ ਮਹਿਰਾ, ਉਮਰ 40 ਸਾਲ, ਕੱਦ 5'-11", ਪੜ੍ਹੇ ਲਿਖੇ, ਟਰੱਕਿੰਗ ਦੀ ਵਧੀਆ ਜੌਬ ਕਰਦੇ, ਨਸ਼ਿਆ ਤੋਂ ਰਹਿਤ, ਤਲਾਕਸ਼ੁਦਾ, ਇਕ ਅੱਠ ਸਾਲ ਦੀ ਬੇਟੀ ਹੈ, ਇੰਡੀਆ ਵਿਚ ਕਾਫੀ ਪ੍ਰਾਪਰਟੀ ਅਤੇ ਕੈਨੇਡਾ ਵਿਚ ਆਪਣੇ ਘਰ ਦੇ ਮਾਲਕ ਵਰ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਲੰਬੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਅਤੇ ਬਿਨਾਂ ਬੱਚੇ ਤੋਂ ਤਲਾਕਸ਼ੁਦਾ ਤੇ ਵੀ ਵਿਚਾਰ ਕੀਤੀ ਜਾਵੇਗੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ 647-205-3238 ਜਾਂ 647-970-6317 ਤੇ ਸੰਪਰਕ ਕੀਤਾ ਜਾ ਸਕਦਾ ਹੈ। -1836

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਆਏ, ਇਟਲੀ ਦੇ ਪੀ ਆਰ, ਜੱਟ ਸਿੱਖ ਸਰਾਂ, 2000 ਦੇ ਬੌਰਨ, ਕੱਦ 5'-8", ਪੜੇ ਲਿਖੇ, ਮਲਟੀਨੈਸ਼ਨਲ ਕੰਪਨੀ'ਚ ਫੂਡ ਕਵਾਲਿਟੀ ਸੁਪਰਵਾਈਜ਼ਰਦੀ ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਇਟਲੀ'ਚ ਆਪਣਾ ਘਰ, ਇੰਡੀਆ'ਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੀ ਇੱਕ ਭੈਣ ਤੇ ਨਾਨਕਾ ਪਰਿਵਾਰ ਕੈਨੇਡਾ ਵਿਚ ਅਤੇ ਮਾਤਾ ਪਿਤਾ ਤੇ ਇੱਕ ਭੈਣ ਇਟਲੀ'ਚ ਵੈਲ ਸੈਟਲਡ ਹਨ ਅਤੇ ਸੁਪਰਵੀਜ਼ਾ ਹੋਲਡਰ ਹਨ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਨਾ ਕਰਨ। ਲੜਕੇ ਸਬੰਧੀ ਹੋਰ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਸੰਪਰਕ ਕਰੋ: 1-519-817-1060 ਜਾਂ ਇਟਲੀ'ਚ: +39-329-184-1300 -1836

*****************

ਕੈਨੇਡੀਅਨ ਪੀ ਆਰ, ਜੱਟ ਗੁਰਸਿੱਖ, 1999 ਬੌਰਨ, ਕੱਦ 5'-11", ਹੈਂਡਸਮ, ਇਲੈਕਟ੍ਰੋ ਮਕੈ-ਨਿਕਲ ਡਿਪਲੋਮਾ ਹੋਲਡਰ, ਵਧੀਆ ਜੌਬ ਕਰਦੇ, ਕੈਨੇਡਾ'ਚ ਆਪਣਾ ਘਰ ਤੇ ਇੰਡੀਆ'ਚ 11 ਕਿਲੇ ਜ਼ਮੀਨ ਦੇ ਮਾਲਕ, ਇਕਲੌਤੇ ਲੜਕੇ ਲਈ ਕੈਨੇਡਾ/ ਅਮਰੀਕਾ ਤੋਂ ਪੜ੍ਹੀ ਲਿਖੀ, ਸੋਹਣੀ ਪਰਿਵਾਰਕ, ਵੈਸ਼ਨੂੰ ਜਾਂ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਮੋਗੇ ਨਾਲ ਸੰਬਧਿਤ ਹੈ। ਅੰਮ੍ਰਿਤਧਾਰੀ ਜਾਂ ਅੰਮ੍ਰਿਤ ਸ਼ਕਣ ਦੀ ਚਾਹਵਾਨ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਪ੍ਰੇਸ਼ਾਨ ਨਾ ਕਰਨ। ਰਿਸ਼ਤੇ ਸੰਬਧੀ ਹੋਰ ਵਧੇਰੇ ਪੁੱਛਗਿੱਛ ਲਈ ਵਟਸ ਅਪ ਤੇ ਸੰਪਰਕ ਕਰ ਸਕਦੇ ਹੋ: +91-94659-02047 ਜਾਂ +91-95306-10236 -1836

*****************

ਇੰਡੀਆ ਰਹਿੰਦੇ ਟੌਂਕ ਸ਼ਤਰੀ (ਗੁਰੂ/ਰਖੜਾ), ਅੰਮ੍ਰਿਤਧਾਰੀ, 1998 ਬੌਰਨ, ਕੱਦ 5'-10", ਬੀ ਐਸ ਸੀ ਡਿਗਰੀ ਹੋਲਡਰ, ਐਕਸਿਸ ਬੈਂਕ ਵਿੱਚ ਵਧੀਆ ਜੌਬ ਕਰਦੇ, ਹੈਂਡਸਮ ਲੜਕੇ ਲਈ ਕੈਨੇਡਾ / ਅਮਰੀਕਾ ਤੋਂ ਸ਼ਿਟੀਜਨ/ਪੀ ਆਰ, ਪੜ੍ਹੀ ਲਿਖੀ, ਸੋਹਣੀ, ਪਰਿਵਾਰਕ, ਵੈਸ਼ਨੂੰ ਜਾਂ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਵਾਰ ਗੁਰਸਿੱਖ ਹੈ ਅਤੇ ਇੱਕ ਭੈਣ ਹੈ ਜੋ ਕੈਨੇਡਾ ਵਿਚ ਮੈਰੀਡ ਹੈ ਤੇ ਵੈਲ ਸੈਟਲਡ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਨਾ ਕਰਨ। ਲੜਕੇ ਸੰਬਧੀ ਹੋਰ ਵਧੇਰੇ ਜਾਣਕਾਰੀ ਹਾਸਿਲ ਕਰਨ ਲਈ ਸੰਪਰਕ ਕਰੋ: 1-587-438-9069 ਜਾਂ +91-94653-37500 -1836

*****************

ਸਰੀ ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿੰਦੇ, ਜੱਟ ਸਿੱਖ, ਉਮਰ 39 ਸਾਲ, ਕੱਦ 6 ਫੁੱਟ, ਪੜੇ ਲਿਖੇ, ਵਧੀਆ ਜੌਬ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਨੈਵਰ ਮੈਰੀਡ, ਇੰਡੀਆ ਵਿੱਚ ਸ਼ਹਿ-ਹਰੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ/ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਬੱਚੇ ਜਾਂ ਬਿਨਾਂ ਬੱਚੇ ਤੋਂ ਤਲਾਕਸ਼ੁਦਾ ਜਾਂ ਵਿਧਵਾ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਕਰਕੇ ਤੰਗ ਨਾ ਕਰਨ। ਹੋਰ ਪੁੱਛਗਿੱਛ ਲਈ ਵਟਸਅਪ ਤੇ ਸੰਪਰਕ ਕਰੋ: 1-778-669-2721 ਜਾਂ +91-79732-56824 -1836

*****************

Saini Sikh family seeks a well-educated, beautiful and family oriented girl for their Canadian-born and raised son, 30 years old, clean shaven, 5'-8", non-smoker, non-drinker, non--vegetarian, bachelor's in computer science, working as a software engineer. The girl should be Canadian citizen or PR. Ontario preferred. Marriage bureaus excuse. Please send your contact information and biodata to 1-226-606-9216 -1836

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਆਏ ਜੱਟ ਸਿੱਖ ਗਿੱਲ, 2000 ਦੇ ਬੌਰਨ, ਕੱਦ 5'-11", ਪੜੇ ਲਿਖੇ, ਡਿਪਲੋਮਾ ਹੋਲਡਰ, ਹੈਂਡਸਮ, ਨਸ਼ਿਆ ਤੋਂ ਰਹਿਤ, ਇੰਡੀਆ'ਚ ਕਾਫੀ ਪ੍ਰਾਪਰਟੀ ਦੇ ਮਾਲਕ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਮੈ-ਰਿਜ ਬਿਊਰੋ ਵਾਲੇ ਮੁਆਫ ਕਰਨ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: +91-95013-96001, ਕੈਨੇਡਾ'ਚ: 1-289-383-7080 -1835

*****************

ਕੈਨੇਡਾ 'ਚ ਵਰਕ ਪਰਮਿਟ ਤੇ ਕੰਮ ਕਰ ਰਹੇ, ਰਾਮਗੜੀਆ ਸਿੱਖ, ਜੂਨ 2000 ਦੇ ਬੌਰਨ, ਕੱਦ 5'-10", ਲੁਧਿਆਣੇ ਦੇ ਜੰਮਪਲ, ਕੋਨੇਸਟੋਗਾ ਕਾਲਜ ਤੋਂ ਪੜੇ, ਹੈਂਡਸਮ, ਨਸ਼ਿਆ ਤੋਂ ਰਹਿਤ, ਕਿਚਨਰ ਸ਼ਹਿਰ'ਚ ਰਹਿ ਰਹੇ ਲੜਕੇ ਲਈ ਕੈਨੇਡਾ/ਅਮਰੀਕਾ ਤੋਂ ਸ਼ਿਟੀਜਨ ਜਾਂ ਪੀ ਆਰ, ਸਿੱਖ ਪਰਵਾਰ ਨਾਲ ਸੰਬਧਿਤ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਬਿਜ਼ਨਸਮੈਨ ਹਨ ਤੇ ਵੈਲ ਸੈਟਲਡ ਹਨ। ਲੜਕੇ ਦੇ ਪਰਿਵਾਰ ਨਾਲ ਹੋਰ ਵਧੇਰੇ ਪੁੱਛਗਿੱਛ ਲਈ ਕੈਨੇਡਾ'ਚ 1-647-291-0059 ਜਾਂ ਇੰਡੀਆ'ਚ +91-98550-12603 ਤੇ ਫੋਨ ਕਰ ਸਕਦੇ ਹੋ। -1835

*****************

ਕੈਨੇਡਾ 'ਚ 5 ਸਾਲ ਤੋਂ ਵਰਕ ਪਰਮਿਟ ਤੇ ਕੰਮ ਕਰ ਰਹੇ, ਜੱਟ ਸਿੱਖ 29 ਸਾਲਾ, ਕੱਦ 6'-1", ਇੰਡੀਆ ਤੋਂ ਬੀ ਕਾਮ ਕਰਕੇ ਕੈਨੇਡਾ 'ਚ ਆਈ ਬੀ ਐਮ ਕਰਨ ਉਪਰੰਤ ਚੰਗੀ ਜੌਬ ਕਰ ਰਹੇ ਲੁਧਿਆਣੇ ਜਿਲ੍ਹੇ ਨਾਲ ਸਬੰਧਿਤ ਹੈਂਡਸਮ, ਨਸ਼ਿਆ ਤੋਂ ਰਹਿਤ ਲੜਕੇ ਲਈ ਕੈਨੇਡਾ ਤੋਂ ਸ਼ਿਟੀਜਨ ਜਾਂ ਪੀ ਆਰ, ਪਰਿਵਾਰਕ ਜੱਟ ਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ। ਲੜਕੇ ਦੇ ਪਰਿਵਾਰ ਨਾਲ ਹੋਰ ਵਧੇਰੇ ਪੁੱਛਗਿੱਛ ਲਈ 647-280-4536 ਤੇ ਸੰਪਰਕ ਕੀਤਾ ਜਾ ਸਕਦਾ ਹੈ ਤੇ ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ। -1835

*****************

## ਲੜਕੀ ਦੀ ਲੋੜ

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 35 ਸਾਲ, ਕੱਦ 5'-11", ਪੜ੍ਹੇ ਲਿਖੇ, ਆਪਣਾ ਵਧੀਆ ਬਿਜਨੈਸ ਕਰਦੇ, ਹੈਂਡਸਮ, ਨਸ਼ਿਆ ਤੋਂ ਰਹਿਤ, ਆਪਣੇ ਘਰ ਦੇ ਮਾਲਕ ਲੜਕੇ ਲਈ, ਕੈਨੇਡਾ/ਅਮਰੀਕਾ/ਆਸਟ੍ਰੇਲੀਆ ਜਾਂ ਯੂ ਕੇ ਤੋਂ ਪੜ੍ਹੀ ਲਿਖੀ, ਸੋਹਣੀ, ਪਰਿਵਾਰਕ ਲੜਕੀ ਦੀ ਲੋੜ ਹੈ।ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਤੇ ਆਈ ਲੜਕੀ ਤੇ ਵੀ ਵਿਚਾਰ ਕੀਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਲਈ 1-780-604-5707 ਤੇ ਫੋਨ ਕੀਤਾ ਜਾ ਸਕਦਾ ਹੈ।-1837

## ਵਰ ਦੀ ਲੋੜ

ਕੈਨੇਡਾ 'ਚ 7 ਸਾਲ ਤੋਂ ਰਹਿ ਰਹੀ ਦਸਤਾਰਧ-ਾਰੀ, ਜੱਟ ਸਿੱਖ, ਉਮਰ 30 ਸਾਲ, ਕੱਦ 5'-3", ਮਾਸਟਰ ਇਨ ਕੰਪਿਊਟਰ ਸੌਫਟ-ਵੇਅਰ ਤੇ ਡਾਟਾ ਵੇਜ ਦੀ ਡਿਗਰੀ ਕੈਨੇਡਾ ਤੋਂ ਕੀਤੀ ਹੈ ਤੇ ਆਪਣੇ ਪਰਿਵਾਰ ਨਾਲ ਰਹਿ ਰਹੀ ਸੋਹਣੀ-ਸੁਨੱਖੀ, ਦੋਵੇਂ ਸੱਭਿਆਰਾਂ ਤੋਂ ਜਾਣੂ ਲੜਕੀ ਨੂੰ ਕੈਨੇਡੀਅਨ ਸ਼ਿਟੀਜਨ ਜਾਂ ਪੀ ਆਰ, ਅੰਮ੍ਰਿਤਧਾਰੀ ਜੱਟ ਸਿੱਖ ਲੜਕੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ ਤੇ ਸਿਰਫ ਅੰਮ੍ਰਿਤਧਾਰੀ ਲੜਕੇ ਵਾਲੇ ਹੀ ਸੰਪਰਕ ਕਰਨ। ਹੋਰ ਜਾਣਕਾਰੀ ਲਈ 647-278-3084 ਤੇ ਫੋਨ ਕੀਤਾ ਜਾ ਸਕਦਾ ਹੈ।-1839

*****************

ਕੈਨੇਡੀਅਨ ਪੀ ਆਰ, ਜੱਟ ਸਿੱਖ, ਉਮਰ 42 ਸਾਲ, ਕੱਦ 5'-4", ਵਧੀਆ ਜੌਬ ਕਰ ਰਹੀ, ਵੈਲ ਸੈਟਲਡ, ਪਰਵਾਰਕ, ਵਿਧਵਾ (ਜਿਸ ਦੀ ਇਕ 16 ਸਾਲ ਦੀ ਬੇਟੀ ਹੈ) ਦੇ ਲਈ ਜੱਟ ਸਿੱਖ, ਕੈਨੇਡੀਅਨ ਸਿਟੀਜ਼ਨ/ਪੀ ਆਰ ਜਾਂ ਵਰਕ ਪਰਮਿਟ ਤੇ ਕੈਨੇਡਾ 'ਚ ਵਧੀਆ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, 40+ ਸਾਲ ਉਮਰ ਵਾਲੇ ਵਰ ਦੀ ਲੋੜ ਹੈ।ਬਿਨਾਂ ਬੱਚੇ ਤੋਂ ਤਲਾਕ-ਸ਼ੁਦਾ ਵੀ ਸੰਪਰਕ ਕਰ ਸਕਦੇ ਹਨ ਪਰ ਇੰਡੀਆ ਰਹਿੰਦੇ ਵਰ ਅਤੇ ਮੈਰਿਜ ਬਿਊ-ਰੋ ਵਾਲੇ ਬਿਲਕੁਲ ਫੋਨ ਨਾ ਕਰਨ। ਬੀ ਸੀ ਨੂੰ ਪਹਿਲ।ਰਿਸ਼ਤੇ ਸਬੰਧੀ ਗੱਲਬਾਤ ਕਰਨ ਲਈ ਸੰਪਰਕ ਕਰੋ ਅਤੇ ਆਪਣਾ ਬਾਇਓ ਡਾਟਾ ਤੇ ਫੋਟੋ ਵਟਸ ਅਪ ਤੇ ਭੇਜੋ: 1-604-368-4921 -1838

*****************

ਅਮਰੀਕਨ ਸ਼ਿਟੀਜਨ, ਰਾਮਗੜ੍ਹੀਆ, ਉਮਰ 33 ਸਾਲਾ, 5'-5" ਲੰਮੇਂ ਕੱਦ ਵਾਲੀ ਐਮ ਬੀ ਏ, ਗੌਰਮਿੰਟ ਟੀਚਰ ਦੀ ਵਧੀਆ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਅਮਰੀਕਾ/ ਕੈਨੇਡਾ ਤੋਂ ਸ਼ਿਟੀਜਨ/ਪੀ ਆਰ/ਗਰੀਨ ਕਾਰਡ ਹੋਲਡਰ, ਪੜ੍ਹੇ ਲਿਖੇ, ਹੈਂਡਸਮ, ਕਲੀਨਸ਼ੇਵਡ,ਨਸ਼ਿਆ ਤੋਂ ਰਹਿਤ ਲੜਕੇ ਦੀ ਲੋੜ ਹੈ। ਕੈਲੇਫੋਰਨੀਆ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਜਾਤ-ਪਾਤ ਦਾ ਕੋਈ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਭੁੱਲ ਕੇ ਵੀ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ 1-747-335-9693 ਤੇ ਸੰਪਰਕ ਕੀਤਾ ਜਾ ਸਕਦਾ ਹੈ।-1838

*****************

ਅਮਰੀਕਨ ਸ਼ਿਟੀਜਨ, ਜੱਟ ਸਿੱਖ ਗਰੇਵਾਲ, 1991 ਬੌਰਨ, ਕੱਦ 5'-5", ਆਈ ਟੀ ਇੰਜਨੀਅਰ, ਵੱਡੀ ਕੰਪਨੀ ਵਿਚ ਮੈਨੇਜਰ ਦੀ ਜੌਬ ਕਰਦੀ ਸੋਹਣੀ-ਸੁਨੱਖੀ, ਪਰਿਵਾਰਕ, ਨੈਵਰ ਮੈਰਿਡ, ਵੈਸ਼ਨੂੰ ਲੜਕੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਪੜ੍ਹੇ ਲਿਖੇ, ਹੈਂਡਸਮ, ਸ਼ਰਾਬ ਸਮੇਤ ਸਾਰੇ ਨਸ਼ਿਆ ਤੋਂ ਰਹਿਤ, ਨੈਵਰ ਮੈਰਿਡ, ਸ਼ਿਟੀਜਨ/ਪੀ ਆਰ, ਵਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਐਚ ਵਨ ਬੀ ਵੀਜ਼ਾ ਤੇ ਵੀ ਵਿਚਾਰ ਕੀਤੀ ਜਾਵੇਗੀ।ਸ਼ਿਕਾਗੋ ਅਤੇ ਨੇੜਲੇ ਏਰੀਏ ਨੂੰ ਪਹਿਲ।ਲੜਕੀ ਦਾ ਸਾਰਾ ਪਰਿਵਾਰ ਅਮਰੀਕਾ ਵਿਚ ਵੈਲ ਸੈਟਲਡ ਹੈ। ਮੈਰਿਡ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਸਬ-ਧੀ ਹੋਰ ਵਧੇਰੇ ਪੁੱਛਗਿੱਛ ਲਈ 1-708-800-8277 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ, ਉਮਰ 33 ਸਾਲ, ਕੱਦ 5'-7", ਫਾਰਮੇਸੀ ਟੈਕ-ਨੀਸ਼ਨ ਡਿਗਰੀ ਹੋਲਡਰ, ਹਸਪਤਾਲ ਵਿਚ ਵਧੀਆ ਜੌਬ ਕਰ ਰਹੀ ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿ-ਟੀਨ/ਪੀ ਆਰ, ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ ਵੈਲ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਕੈਨੇਡਾ 'ਚ ਵੈਲ ਸੈਟਲਡ ਹੈ। ਲੁਧਿਆਣਾ/ ਪਟਿਆਲਾ ਤੇ ਫਤਹਿਗੜ੍ਹ ਸਾਹਿਬ ਇਲਾਕੇ ਦੇ ਪਰਿਵਾਰਾਂ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊਰੋ ਮੁਆਫ ਕਰਨ।ਹੋਰ ਵਧੇਰੇ ਜਾਣਕਾਰੀ ਲਈ ਪਰਿਵਾਰ ਨਾਲ 647-713-6413 ਤੇ ਫੋਨ ਕੀਤਾ ਜਾ ਸਕਦਾ ਹੈ।-1838

*****************

ਕੈਨੇਡੀਅਨ ਜੰਮਪਲ, ਜੱਟ ਸਿੱਖ, ਉਮਰ 32 ਸੱਲ, ਕੱਦ 5'-7", ਯੂਨੀਵਰਸਿਟੀ ਪੋਸਟ ਗਰੈਜੂਏਟ, ਮੈਡੀਕਲ ਪ੍ਰੋਫੈਸ਼ਨਲ, ਆਪਣੇ ਹੀ ਫੀਲਡ 'ਚ ਵਧੀਆ ਜੌਬ ਕਰਦੀ ਸੋਹਣੀ ਸੁਨੱਖੀ, ਦੋਵੇਂ ਸੱਭਿਆਚਾਰਾ ਤੋਂ ਜਾਣੂ ਲੜਕੀ ਲਈ ਕੈਨੇਡਾ ਦੇ ਜੰਮਪਲ, ਯੂਨੀਵਰਸਿਟੀ ਗਰੈਜੂਏਟ, ਡਾਕਟਰ/ਇੰ-ਜਨੀਅਰ/ਵਕੀਲ/ਅਕਾਊਂਟਿੰਗ ਹੈਂਡਸਮ, ਨਸ਼ਿਆ ਤੋਂ ਰਹਿਤ, ਵੈਲ ਸੈਟਲਡ ਲੜਕੇ ਦੀ ਲੋੜ ਹੈ।ਗਰੇਟਰ ਟਰਾਂਟੋ ਇਲਾਕੇ 'ਚ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।ਬਿਊਰੋ ਵਾਲੇ ਮੁਆਫ ਕਰਨ। ਰਿਸ਼ਤਾ ਜੋੜਨ ਦੇ ਚਾਹ-ਵਾਨ ਹੋਰ ਵਧੇਰੇ ਗੱਲਬਾਤ ਕਰਨ ਲਈ ਵਟਸ ਐਪ 647-512-3629 ਤੇ ਫੋਨ ਕਰ ਸਕਦੇ ਹਨ।-1838

*****************

## ਵਰ ਦੀ ਲੋੜ

Jatt Sikh, well settled Canadian professional family looking for a suitable match for their beautiful Canadian born daughter, 36 yrs. old, 5' -7" tall, family oriented, currently working and studying. The boy should be Canadian born or brought up, generous, professionally employed, smart, above 5'-11" tall, and well-groomed. Please send your biodata & recent picture to: lakhwindergill@hotmail.com or call: 1- 289-541-9999 -1838

*****************

ਕੈਨੇਡੀਅਨ ਜੰਮਪਲ, ਜੱਟ ਸਿੱਖ ਸਿੱਧੂ, ਉਮਰ 29 ਸਾਲ, ਕੱਦ 5'-6", ਬੀ ਐਸ ਸੀ, ਪੈਥੋਲੋਜੀ ਮਾਸਟਰ ਡਿਗਰੀ ਕਰਕੇ ਹਸਪਤਾਲ 'ਚ ਆਪਣੀ ਹੀ ਫੀਲਡ ਦੀ ਵਧੀਆ ਜੌਬ ਕਰ ਰਹੀ ਤੇ 33 ਸਾਲਾਂ ਤੋਂ ਕੈਨੇਡਾ 'ਚ ਵੈਲ ਸੈਟਲਡ ਪਰਿਵਾਰ ਦੀ ਸੋ-ਹਣੀ-ਸੁਨੱਖੀ, ਪਰਿਵਾਰ ਨਾਲ ਰਹਿ ਰਹੀ ਲੜਕੀ ਲਈ ਬਰਾਬਰ ਦੀ ਯੋਗਤਾ ਵਾਲੇ ਜੱਟ ਸਿੱਖ, ਨਸ਼ਿਆ ਤੋਂ ਰਹਿਤ, ਹੈਂਡਸਮ, ਲੰਮੇ ਕੱਦ ਵਾਲੇ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਲੜਕੇ ਦੀ ਲੋੜ ਹੈ। ਵਿਨੀਪੈਗ ਰਹਿੰਦੇ ਜਾਂ ਮੂਵ ਹੋਣ ਦੇ ਚਾਹਵਾਨ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਫੋਨ ਨਾ ਕਰਨ।ਰਿਸ਼ਤਾ ਜੋੜਨ ਦੇ ਚਾਹਵਾਨ ਵਿਨੀਪੈਗ ਦੇ ਸਮੇਂ ਮੁਤਾਬਿਕ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ 1-204-230-1726 ਤੇ ਫੋਨ ਕਰ ਸਕਦੇ ਹਨ।-1837

*****************

ਕੈਨੇਡਾ 'ਚ ਵਿਜ਼ਟਰ ਵੀਜ਼ੇ ਤੇ ਰਹਿ ਰਹੀ, ਜੱਟ ਸਿੱਖ ਢਿਲੋਂ, ਦਸੰਬਰ 1994 ਦੀ ਬੋਰਨ, ਕੱਦ 5'-9", ਪੜ੍ਹੀ ਲਿਖੀ, ਸੋ-ਹਣੀ, ਪਰਿਵਾਰਕ, ਵੈਸ਼ਨੂੰ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ ਵੈਲ ਸੈਟਲਡ ਲੜਕੇ ਦੀ ਲੋੜ ਹੈ। ਜੇਕਰ ਕਿਸੇ ਪਰਿਵਾਰ ਵਿਚ ਦੋ ਲੜਕੇ ਹੋਣ ਉਹ ਵੀ ਸੰਪਰਕ ਕਰ ਸਕਦੇ ਹਨ ਲੜਕੀ ਦੀ ਇਕ ਭੈਣ ਇੰਡੀਆ ਵਿਚ ਰਹਿ ਰਹੀ ਹੈ। ਮੈਰਿਜ ਬਿਊਰੋ ਵਾਲੇ ਬਿਲਕੁਲ ਫੋਨ ਨਾ ਕਰਨ। ਰਿਸ਼ਤੇ ਸਬ-ਧੀ ਗੱਲਬਾਤ ਅੱਗੇ ਵਧਾਉਣ ਲਈ 437-235-1796 ਤੇ ਫੋਨ ਕਰ ਸਕਦੇ ਹਨ। -1850

*****************

ਕੈਨੇਡੀਅਨ ਸ਼ਿਟੀਜਨ, ਜੱਟ ਸਿੱਖ ਸੇਖੋਂ, ਅਕਤੂਬਰ 1995 ਬੋਰਨ, ਕੱਦ 5'-4", ਬੀ ਕਾਮ, ਪੋਸਟ ਗਰੈਜੂਏਟ ਇਨ ਹਿਊਮਨ ਰੀਸੋਰਸ ਐਂਡ ਅਕਾਊਂਟਿੰਗ ਕੈਨੇਡਾ ਤੋਂ ਕਰਕੇ ਇਸ ਸਮੇਂ ਸਰਵਿਸ ਕੈਨੇਡਾ ਆ-ਫੀਸਰ ਦੀ ਵਧੀਆ ਜੌਬ ਕਰ ਰਹੀ ਤੇ ਚੰਗੀ ਤਨਖਾਹ ਲੈ ਰਹੀ, ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਸ਼ਿ-ਟੀਜਨ/ਪੀ ਆਰ ਜਾਂ ਵਰਕ ਪਰਮਿਟ ਤੇ ਆਏ ਪੜ੍ਹੇ ਲਿਖੇ, ਹੈਂਡਸਮ, ਨਸ਼ਿਆ ਤੋਂ ਰਹਿਤ ਪਰਿਵਾਰਕ, ਵੈਲ ਸੈਟਲਡ, 12 ਤੋਂ 15 ਏਕੜ ਜ਼ਮੀਨ ਦੇ ਮਾਲਕ ਲੜਕੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਮੋਗੇ ਨਾਲ ਸਬ-ਧਿਤ ਹੈ ਤੇ ਹੁਣ ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਚ ਵੈਲ ਸੈਟਲਡ ਹੈ। ਮੋਗਾ ਤੇ ਮਾਲਵਾ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।ਰਿਸ਼ਤੇ ਬਾਰੇ ਹੋਰ ਵਧੇਰੇ ਜਾਣਕਾਰੀ ਲੈਣ ਲਈ 647-609-8937 ਜਾਂ 647-671-2239 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************

ਕੈਨੇਡਾ ਵਿਚ ਵਿਜ਼ਟਰ ਵੀਜ਼ੇ ਤੇ ਆਈ, ਜੱਟ ਸਿੱਖ ਬਰਾੜ, 1990 ਬੌਰਨ, ਕੱਦ 5'-4", ਪੀ ਏ ਡੀ ਸੀ ਏ, ਐਮ ਐਸ ਸੀ,ਆਈ ਟੀ, ਇੰਡੀਆ ਵਿਚ ਟੀਚਰ ਦੀ ਵਧੀਆ ਜੌਬ ਕਰ ਰਹੀ, ਸੋਹਣੀ-ਸੁਨੱਖੀ,ਪਰਿਵਾਰਕ, ਨੈਵਰ ਮੈਰਿਡ ਲੜਕੀ ਲਈ ਕੈਨੇਡਾ ਜਾਂ ਅਮਰੀਕਾ ਤੋਂ ਸ਼ਿਟੀਜਨ ਜਾਂ ਪੀ ਆਰ ਜਾਂ ਗਰੀਨ ਕਾਰਡ ਹੋਲਡਰ, ੜ੍ਹੇ ਲਿਖੇ, ਨਸ਼ਿਆ ਤੋਂ ਰਹਿਤ, ਕਲੀਨ-ਸ਼ੇਵਨ, ਨੈਵਰ ਮੈਰਿਡ ਲੜਕੇ ਦੀ ਲੋੜ ਹੈ। ਆਸਟ੍ਰੇਲੀਆ ਦੇ ਲੜਕੇ ਤੇ ਵੀ ਵਿਚਾਰ ਕੀਤੀ ਜਾਵੇਗੀ। ਲੜਕੀ ਦੀ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ। ਮਾਲਵਾ ਇਲਾਕੇ ਨੂੰ ਪਹਿਲ ਦਿੱਤੀ ਜਾਵੇਗੀ।ਮੈਰਿਜ ਬਿਊ-ਰੋ ਵਾਲੇ ਫੋਨ ਨਾ ਕਰਨ। ਰਿਸ਼ਤੇ ਸਬੰਧੀ ਹੋਰ ਵਧੇਰੇ ਜਾਣਕਾਰੀ ਲੈਣ ਲਈ ਕੈਨੇਡਾ 'ਚ 437-455-0135 ਜਾਂ ਫਿਰ ਇੰਡੀਆ +91-99157-48735 ਤੇ ਫੋਨ ਕੀਤਾ ਜਾ ਸਕਦਾ ਹੈ।-1837

*****************


**TO PLACE YOUR ADVERTISEMENT CONTACT: 905-791-9999**




# Brain Stroke ਤੋਂ ਪਹਿਲਾਂ ਸਰੀਰ ਦਿੰਦਾ ਹੈ ਇਹ ਸੰਕੇਤ

## ਲਾਪਰਵਾਹੀ ਵਰਤੀ ਤਾਂ ਹੋਵੇਗੀ ਦੇਰ



ਬ੍ਰੇਨ ਸਟ੍ਰੋਕ ਇੱਕ ਗੰਭੀਰ ਮੈਡੀਕਲ ਸਥਿਤੀ ਹੈ ਜੋ ਅਚਾਨਕ ਹੁੰਦੀ ਹੈ ਅਤੇ ਬਹੁਤ ਗੁੰਝਲਦਾਰ ਹੋ ਸਕਦੀ ਹੈ। ਇਹ ਦਿਲ, ਦਿਮਾਗ ਜਾਂ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਖ਼ੂਨ ਵਹਿਣ ਕਾਰਨ ਹੁੰਦਾ ਹੈ, ਜਿਸ ਕਾਰਨ ਉਹ ਹਿੱਸਾ ਜਾਂ ਅੰਗ ਕੰਮ ਕਰਨ ਦੇ ਅਯੋਗ ਹੋ ਜਾਂਦਾ ਹੈ। ਬ੍ਰੇਨ ਸਟ੍ਰੋਕ ਨੂੰ ਸੇਰੇਬਰੋਵੈਸਕੁਲਰ ਡਿਸਆਰਡਰ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਸੇਰੇਬਰੋ (ਦਿਮਾਗ) ਅਤੇ ਨਾੜੀ (ਖ਼ੂਨ ਦੀਆਂ ਨਾੜੀਆਂ) ਨੂੰ ਪ੍ਰਭਾਵਿਤ ਕਰਦਾ ਹੈ ਜੋ ਦਿਮਾਗ ਨੂੰ ਖ਼ੂਨ ਦੀ ਸਪਲਾਈ ਕਰਦੇ ਹਨ। ਜਦੋਂ ਕਿ ਸੇਰਬ੍ਰੋਵੈਸਕੁਲਰ ਬਿਮਾਰੀ ਸ਼ਬਦ ਮੁਕਾਬਲਤਨ ਨਵਾਂ ਹੈ, ਇਸ ਮਿਆਦ ਦੇ ਅਧੀਨ ਆਉਣ ਵਾਲੀਆਂ ਡਾਕਟਰੀ ਸਥਿਤੀਆਂ (ਅਤੇ ਜੋ ਆਮ ਤੌਰ 'ਤੇ ਜਾਣੇ-ਪਛਾਣੇ ਸ਼ਬਦ "ਸਟ੍ਰੋਕ" ਨਾਲ ਜੁੜੀਆਂ ਹੁੰਦੀਆਂ ਹਨ) ਨੇ ਪੁਰਾਣੇ ਸਮੇਂ ਤੋਂ ਡਾਕਟਰੀ ਧਿਆਨ ਖਿੱਚਿਆ ਹੈ। ਪੁਰਾਣੇ ਜ਼ਮਾਨੇ ਤੋਂ, ਸਟ੍ਰੋਕ ਨੂੰ ਇੱਕ ਗੁੰਝਲਦਾਰ ਸਿੰਡਰੋਮ ਵਜੋਂ ਮਾਨਤਾ ਦਿੱਤੀ ਗਈ ਹੈ ਜਿਸਨੂੰ ਐਪੋਪਲੇਕਸੀ ਕਿਹਾ ਜਾਂਦਾ ਹੈ। ਇੱਥੇ ਸਟ੍ਰੋਕ ਦੇ ਵੱਖ-ਵੱਖ ਪਛਾਣੇ ਜਾਣ ਵਾਲੇ ਲੱਛਣ ਹਨ ਅਤੇ ਉਹਨਾਂ ਦਾ ਕੀ ਮਤਲਬ ਹੈ? ਆਓ ਹੋਰ ਵਿਸਥਾਰ ਵਿੱਚ ਜਾਣਦੇ ਹਾਂ:

### ਬੋਲਣ ਅਤੇ ਸਮਝਣ ਵਿੱਚ ਮੁਸ਼ਕਲ

ਸਟ੍ਰੋਕ ਦਾ ਸਭ ਤੋਂ ਮਹੱਤਵਪੂਰਨ ਲੱਛਣ ਇਹ ਹੈ ਕਿ ਪੀੜਤ ਨੂੰ ਅਚਾਨਕ ਸ਼ਬਦਾਂ ਨੂੰ ਸਹੀ ਢੰਗ ਨਾਲ ਉਚਾਰਣ ਵਿੱਚ ਮੁਸ਼ਕਲ ਆ ਸਕਦੀ ਹੈ। ਉਹ ਉਲਝਣ ਵਿੱਚ ਹੋ ਸਕਦਾ ਹੈ, ਸ਼ਬਦਾਂ ਨੂੰ ਅਸਾਧਾਰਨ ਰੂਪ ਵਿੱਚ ਬੋਲ ਸਕਦਾ ਹੈ ਜਾਂ ਵਾਰਤਾਲਾਪ ਨੂੰ ਸਮਝਣ ਦੇ ਯੋਗ ਨਹੀਂ ਹੋ ਸਕਦਾ ਹੈ। ਹੱਥਾਂ, ਲੱਤਾਂ ਜਾਂ ਚਿਹਰੇ ਵਿੱਚ

### ਅਸਧਾਰਨ ਕਮਜ਼ੋਰੀ

ਸਟ੍ਰੋਕ ਤੋਂ ਪ੍ਰਭਾਵਿਤ ਵਿਅਕਤੀ ਦੇ ਹੱਥਾਂ, ਲੱਤਾਂ ਜਾਂ ਚਿਹਰੇ ਵਿੱਚ ਅਚਾਨਕ ਸੁੰਨ ਹੋਣਾ ਜਾਂ ਕਮਜ਼ੋਰੀ ਹੋ ਸਕਦੀ ਹੈ। ਵਿਅਕਤੀ ਦੋਵੇਂ ਬਾਹਾਂ ਨੂੰ ਸਿਰ ਤੋਂ ਉੱਪਰ ਚੁੱਕਣ ਦੀ ਕੋਸ਼ਿਸ਼ ਕਰ ਸਕਦਾ ਹੈ ਜਾਂ ਇੱਕ ਬਾਂਹ ਹੇਠਾਂ ਡਿੱਗਣ ਲੱਗ ਸਕਦੀ ਹੈ, ਜੋ ਕਿ ਸਟ੍ਰੋਕ ਦੀ ਨਿਸ਼ਾਨੀ ਹੋ ਸਕਦੀ ਹੈ।

### ਅੱਖਾਂ ਨਾਲ ਸਮੱਸਿਆਵਾਂ

ਸਟ੍ਰੋਕ ਦੇ ਪ੍ਰਭਾਵਾਂ ਦੇ ਕਾਰਨ, ਇੱਕ ਵਿਅਕਤੀ ਨੂੰ ਅਚਾਨਕ ਇੱਕ ਜਾਂ ਦੋਵੇਂ ਅੱਖਾਂ ਵਿੱਚ ਧੁੰਦਲੀ ਨਜ਼ਰ ਜਾਂ ਕਾਲਾਪਨ ਦਾ ਅਨੁਭਵ ਹੋ ਸਕਦਾ ਹੈ। ਵਿਅਕਤੀ ਨੂੰ ਦੁੱਗਣਾ ਦਿਖਾਈ ਦੇ ਸਕਦਾ ਹੈ ਜਾਂ ਉਸ ਦੀਆਂ ਅੱਖਾਂ ਖੋਲ੍ਹਣ ਵਿੱਚ ਮੁਸ਼ਕਲ ਹੋ ਸਕਦੀ ਹੈ।

### ਸਿਰ ਦਰਦ

ਅਚਾਨਕ ਗੰਭੀਰ ਸਿਰ ਦਰਦ ਸਟ੍ਰੋਕ ਦੀ ਨਿਸ਼ਾਨੀ ਵਜੋਂ ਹੋ ਸਕਦਾ ਹੈ, ਜੋ ਅਕਸਰ ਉਲਟੀਆਂ, ਚੱਕਰ ਆਉਣੇ, ਜਾਂ ਚੇਤਨਾ ਵਿੱਚ ਤਬਦੀਲੀਆਂ ਨਾਲ ਜੋੜਿਆ ਜਾ ਸਕਦਾ ਹੈ।

### ਤੁਰਨ ਵਿੱਚ ਮੁਸ਼ਕਲ

ਸਟ੍ਰੋਕ ਦੇ ਪ੍ਰਭਾਵਾਂ ਕਾਰਨ ਵਿਅਕਤੀ ਨੂੰ ਠੋਕਰ ਲੱਗ ਸਕਦੀ ਹੈ, ਸੰਤੁਲਨ ਗੁਆ ਸਕਦਾ ਹੈ, ਜਾਂ ਤੁਰਨ ਵਿੱਚ ਮੁਸ਼ਕਲ ਆ ਸਕਦੀ ਹੈ।

### ਉਲਟੀਆਂ ਜਾਂ ਬੇਹੋਸ਼ੀ ਦੇ ਨਾਲ ਅਚਾਨਕ ਗੰਭੀਰ ਸਿਰ ਦਰਦ

ਸਟ੍ਰੋਕ ਦੇ ਪ੍ਰਭਾਵਾਂ ਦੇ ਕਾਰਨ, ਵਿਅਕਤੀ ਨੂੰ ਅਚਾਨਕ ਸਿਰ ਦਰਦ ਹੋ ਸਕਦਾ ਹੈ, ਜਿਸ ਦੇ ਨਾਲ ਉਲਟੀਆਂ ਜਾਂ ਬੇਹੋਸ਼ੀ ਵੀ ਹੋ ਸਕਦੀ ਹੈ।

ਜੇਕਰ ਕੋਈ ਵਿਅਕਤੀ ਇਹਨਾਂ ਲੱਛਣਾਂ ਦਾ ਅਨੁਭਵ ਕਰ ਰਿਹਾ ਹੈ, ਤਾਂ ਉਸਨੂੰ ਤੁਰੰਤ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ ਕਿਉਂਕਿ ਤੁਰੰਤ ਇਲਾਜ ਸਥਿਤੀ ਵਿੱਚ ਸੁਧਾਰ ਕਰ ਸਕਦਾ ਹੈ ਅਤੇ ਗੰਭੀਰ ਨੁਕਸਾਨ ਤੋਂ ਬਚ ਸਕਦਾ ਹੈ।

# ਹਾਰਟ ਅਟੈਕ ਦਾ ਕਿਧਰੇ ਤੁਹਾਨੂੰ ਤਾਂ ਨਹੀਂ ਖ਼ਤਰਾ?




ਨਵੀਂ ਦਿੱਲੀ : ਦਿਲ ਦੇ ਦੌਰੇ ਕਾਰਨ ਦੁਨੀਆ ਭਰ ਵਿੱਚ ਹਰ ਸਾਲ ਲੱਖਾਂ ਲੋਕਾਂ ਦੀ ਮੌਤ ਹੋ ਜਾਂਦੀ ਹੈ। ਕਰੋਨਾ ਮਹਾਂਮਾਰੀ ਦੇ ਬਾਅਦ ਘੱਟ ਉਮਰ ਦੇ ਲੋਕਾਂ ਖਾਸਕਰ ਨੌਜਵਾਨਾਂ ਵਿੱਚ ਵੀ ਇਸਦਾ ਖਤਰਾ ਵਧਦਾ ਦੇਖਿਆ ਜਾ ਰਿਹਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਦਿਲ ਦੀ ਸਮੱਸਿਆ ਹੈ, ਹਾਈ ਬਲੱਡ ਪ੍ਰੈਸ਼ਰ ਜਾਂ ਕੋਲੈਸਟ੍ਰੋਲ ਵਧਿਆ ਰਹਿੰਦਾ ਹੈ, ਉਨ੍ਹਾਂ ਨੂੰ ਦਿਲ ਦੇ ਦੌਰੇ ਦਾ ਖ਼ਤਰਾ ਜ਼ਿਆਦਾ ਹੋ ਸਕਦਾ ਹੈ। ਇਹ ਇੱਕ ਐਮਰਜੈਂਸੀ ਸਥਿਤੀ ਹੈ, ਜਿਸ ਵਿੱਚ ਮਰੀਜ਼ ਨੂੰ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ। ਦਿਲ ਦਾ ਦੌਰਾ ਅਚਾਨਕ ਆਉਣ ਵਾਲੀ ਸਮੱਸਿਆ ਹੈ, ਇਸ ਤੋਂ ਬਚਣ ਲਈ ਬਲੱਡ ਪ੍ਰੈਸ਼ਰ ਅਤੇ ਕੋਲੈਸਟ੍ਰੋਲ ਨੂੰ ਕੰਟਰੋਲ 'ਚ ਰੱਖਣਾ ਅਤੇ ਦਿਲ ਦੀ ਸਿਹਤ ਦਾ ਲਗਾਤਾਰ ਧਿਆਨ ਰੱਖਣਾ ਜ਼ਰੂਰੀ ਹੈ। ਕੀ ਪਹਿਲਾਂ ਤੋਂ ਇਹ ਜਾਣਨ ਦਾ ਕੋਈ ਤਰੀਕਾ ਹੈ ਕਿ ਕੀ ਤੁਹਾਨੂੰ ਦਿਲ ਦੇ ਦੌਰੇ ਦਾ ਖ਼ਤਰਾ ਹੈ? ਇਸ ਨਾਲ ਜੁੜੇ ਇਕ ਅਧਿਐਨ ਵਿਚ ਸਵੀਡਿਸ਼ ਮਾਹਿਰਾਂ ਨੇ ਵੱਡੀ ਰਾਹਤ ਵਾਲੀ ਜਾਣਕਾਰੀ ਦਿੱਤੀ ਹੈ। ਸਵੀਡਿਸ਼ ਅਧਿਐਨ ਦੇ ਅਨੁਸਾਰ, ਇੱਕ ਨਵਾਂ ਘਰੇਲੂ ਟੈਸਟ ਸਿਰਫ ਪੰਜ ਮਿੰਟਾਂ ਵਿੱਚ ਸੰਭਾਵੀ ਦਿਲ ਦੇ ਦੌਰੇ ਦੇ ਜ਼ੋਖਮ ਦਾ ਪਤਾ ਲਗਾ ਸਕਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਿਲਕੁਲ ਸਹੀ ਹੈ ਅਤੇ ਇਸ ਦੀ ਮਦਦ ਨਾਲ ਹਰ ਸਾਲ ਲੱਖਾਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ।

### ਦਿਲ ਦੇ ਦੌਰੇ ਦਾ ਪਤਾ ਲਗਾਉਣ ਵਾਲਾ ਟੈਸਟ

ਵਿਗਿਆਨੀਆਂ ਨੇ ਕਿਹਾ ਕਿ ਇਹ ਇੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਆਧਾਰਿਤ ਕਿੱਟ (DIY ਟੈਸਟ ਕਿੱਟ) ਹੈ, ਜਿਸ ਵਿੱਚ ਪ੍ਰਸ਼ਨਾਵਲੀ ਦਾ ਇੱਕ ਸੈੱਟ ਦਿਲ ਦੇ ਦੌਰੇ ਦੇ ਖ਼ਤਰੇ ਵਾਲੇ ਲੋਕਾਂ ਦੀ ਪਛਾਣ ਡਾਕਟਰ ਦੇ ਟੈਸਟ ਵਾਂਗ ਹੀ ਸਟੀਕਤਾ ਨਾਲ ਕਰ ਸਕਦਾ ਹੈ। ਖੋਜ ਦੇ ਅਨੁਸਾਰ, ਇਹ ਟੈਸਟ ਖ਼ੂਨ ਦੇ ਟੈਸਟਾਂ ਅਤੇ ਬਲੱਡ ਪ੍ਰੈਸ਼ਰ ਦਾ ਸਹੀ ਮਾਪ ਦਿਲ ਦੇ ਦੌਰੇ ਦੇ ਜੋਖਮਾਂ ਦਾ ਪਤਾ ਲਗਾਉਣ ਵਿੱਚ ਮਦਦਗਾਰ ਹੋ ਸਕਦੇ ਹਨ।

ਅਮਰੀਕਨ ਹਾਰਟ ਐਸੋਸੀਏਸ਼ਨ ਦੇ ਜਰਨਲ ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ 50-64 ਸਾਲ ਦੀ ਉਮਰ ਦੇ 25,000 ਲੋਕਾਂ ਦੇ ਡੇਟਾ ਦੀ ਵਰਤੋਂ ਕੀਤੀ ਗਈ। ਗੋਥੇਨਬਰਗ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਅਧਿਐਨ ਦੇ ਮੁੱਖੀ ਗੋਰਨ ਬਰਗਸਟ੍ਰੋਮ ਕਹਿੰਦੇ ਹਨ, "ਸਾਡੇ ਟੈਸਟ ਨਾਲ ਲਗਭਗ ਦੋ-ਤਿਹਾਈ ਲੋਕਾਂ ਵਿੱਚ ਆਸਾਨ ਨਾਲ ਕੋਰੋਨਰੀ ਐਥੀਰੋਸਕਲੇਰੋਸਿਸ ਅਤੇ ਦਿਲ ਦੀ ਬਿਮਾਰੀ ਦੇ ਜੋਖਮ ਆਸਾਨੀ ਨਾਲ ਪਛਾਣਨ 'ਚ ਮਦਦ ਮਿਲੀ ਹੈ।"



### DIY ਟੈਸਟ ਰਾਹੀਂ ਲੱਗ ਸਕਦੈ ਪਤਾ

ਖੋਜਕਰਤਾ ਲਿਖਦੇ ਹਨ ਕਿ ਦਿਲ ਦਾ ਦੌਰਾ ਅਕਸਰ ਅਚਾਨਕ ਪੈਂਦਾ ਹੈ। ਬਹੁਤ ਸਾਰੇ ਲੋਕ ਜਿਨ੍ਹਾਂ ਨੂੰ ਦਿਲ ਦਾ ਦੌਰਾ ਪੈਂਦਾ ਹੈ, ਉਹ ਸਿਹਤਮੰਦ ਅਤੇ ਲੱਛਣ ਰਹਿਤ ਹੁੰਦੇ ਹਨ, ਪਰ ਜਾਂਚ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀਆਂ ਕੋਰੋਨਰੀ ਧਮਨੀਆਂ ਵਿੱਚ ਚਰਬੀ ਜਮ੍ਹਾਂ ਹੈ, ਜਿਸਨੂੰ ਐਥੀਰੋਸਕਲੇਰੋਸਿਸ ਕਿਹਾ ਜਾਂਦਾ ਹੈ। ਇਸ ਟੈਸਟ ਨੂੰ DIY ਨਾਮ ਦਿੱਤਾ ਗਿਆ ਹੈ। ਇਸ ਵਿੱਚ 14 ਸਵਾਲ ਹਨ ਜੋ ਤੁਹਾਡੀ ਉਮਰ, ਲਿੰਗ, ਭਾਰ, ਪੇਟ ਦੀ ਚਰਬੀ, ਕੀ ਤੁਸੀਂ ਸਿਗਰਟ ਪੀਂਦੇ ਹੋ, ਬਲੱਡ ਪ੍ਰੈਸ਼ਰ ਦਾ ਪੱਧਰ, ਦਿਲ ਦੀਆਂ ਬਿਮਾਰੀਆਂ ਦਾ ਪਰਿਵਾਰਕ ਇਤਿਹਾਸ, ਬਲੱਡ ਫੈਟ ਅਤੇ ਬਲੱਡ ਸ਼ੂਗਰ ਨਾਲ ਸਬੰਧਤ ਹਨ।

### AI-ਅਧਾਰਿਤ ਐਲਗੋਰਿਦਮ ਦੀ ਹੁੰਦੀ ਹੈ ਵਰਤੋਂ

ਮਾਹਿਰਾਂ ਨੇ ਕਿਹਾ ਕਿ ਇਹ AI-ਅਧਾਰਿਤ ਐਲਗੋਰਿਦਮ ਜਵਾਬਾਂ 'ਤੇ ਆਧਾਰਿਤ ਹੈ ਜੋ ਸਾਰੇ ਸਵਾਲਾਂ ਦੇ ਜਵਾਬਾਂ ਦਾ ਮੁਲਾਂਕਣ ਕਰਕੇ ਉੱਚ ਜੋਖਮ ਵਾਲੇ ਲੋਕਾਂ ਵਿੱਚ ਦਿਲ ਦੇ ਦੌਰੇ ਦੇ ਜੋਖਮ ਦਾ ਪਤਾ ਲਗਾ ਸਕਦਾ ਹੈ। ਜੇਕਰ ਅਸੀਂ ਇਨ੍ਹਾਂ ਟੈਸਟ ਕਿੱਟਾਂ ਨੂੰ ਲੋਕਾਂ ਲਈ ਵਿਆਪਕ ਤੌਰ 'ਤੇ ਉਪਲਬਧ ਕਰਵਾ ਸਕਦੇ ਹਾਂ, ਤਾਂ ਇਹ ਦਿਲ ਦੇ ਦੌਰੇ ਦੇ ਜੋਖਮ ਵਾਲੇ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਜਾਨ ਬਚਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਪ੍ਰੋਫੈਸਰ ਬਰਗਸਟ੍ਰੋਮ ਕਹਿੰਦੇ ਹਨ, ਅਸੀਂ ਜਲਦੀ ਹੀ ਸੰਯੁਕਤ ਰਾਜ ਵਿੱਚ ਇਸਦਾ ਟੈਸਟ ਕਰਨ ਜਾ ਰਹੇ ਹਾਂ ਤਾਂ ਜੋ ਇਹ ਮੁਲਾਂਕਣ ਕੀਤਾ ਜਾ ਸਕੇ ਕਿ ਇਹ ਟੈਸਟ ਵੱਖ-ਵੱਖ ਸਮੂਹਾਂ 'ਤੇ ਕਿਵੇਂ ਕੰਮ ਕਰਦਾ ਹੈ?

### ਜਲਦੀ ਹੀ ਉਪਲਬਧ ਹੋਵੇਗੀ ਟੈਸਟ ਕਿੱਟ

ਮਾਹਿਰਾਂ ਦੀ ਟੀਮ ਨੇ ਕਿਹਾ ਕਿ ਅਸੀਂ ਇਸ ਮਹੀਨੇ ਦੇ ਅੰਤ ਤੱਕ ਕੁਝ ਥਾਵਾਂ 'ਤੇ ਡੀਆਈਵਾਈ ਕਿੱਟਾਂ ਉਪਲਬਧ ਕਰਵਾਉਣਾ ਸ਼ੁਰੂ ਕਰ ਦੇਵਾਂਗੇ, ਜੋ ਪਹਿਲਾਂ ਸਥਾਨਕ ਡਾਕਟਰਾਂ ਕੋਲ ਉਪਲਬਧ ਹੋਣਗੀਆਂ। ਕਿੱਟ, ਦਿਲ ਦੇ ਦੌਰੇ ਦੇ ਜੋਖਮਾਂ ਦੀ ਸਹੀ ਰੀਡਿੰਗ ਦੇਣ ਤੋਂ ਇਲਾਵਾ, ਮਰੀਜ਼ਾਂ ਦੀ ਕੋਲੈਸਟ੍ਰੋਲ ਰੀਡਿੰਗ ਵੀ ਦੇਵੇਗੀ, ਉਨ੍ਹਾਂ ਦੇ ਦਿਲ ਦੀ ਉਮਰ ਦਾ ਅੰਦਾਜ਼ਾ ਲਗਾਵੇਗੀ ਅਤੇ ਬਾਡੀ ਮਾਸ ਇੰਡੈਕਸ ਸਕੋਰ ਦੀ ਗਣਨਾ ਕਰੇਗੀ। 40-75 ਸਾਲ ਦੀ ਉਮਰ ਦੇ ਲੋਕ ਜੋ ਇਸ ਸਮੇਂ ਬਲੱਡ ਪ੍ਰੈਸ਼ਰ ਦੀ ਦਵਾਈ ਲੈ ਰਹੇ ਹਨ, ਆਪਣੇ ਡਾਕਟਰ ਤੋਂ ਮੁਫਤ ਟੈਸਟ ਕਰਵਾ ਸਕਦੇ ਹਨ। ਪੋਕਡੌਕ, ਕਿੱਟ ਦੇ ਨਿਰਮਾਤਾ, ਨੇ ਕਿਹਾ ਹੈ ਕਿ ਟੈਸਟ ਕਰਨਾ ਅਤੇ ਨਤੀਜੇ ਪ੍ਰਾਪਤ ਕਰਨਾ ਸਭ 9 ਮਿੰਟਾਂ ਦੇ ਅੰਦਰ ਕੀਤਾ ਜਾ ਸਕਦਾ ਹੈ।

# ਸੌਂਫ ਦਾ ਪਾਣੀ ਕੈਂਸਰ ਸਣੇ ਕਈ ਬੀਮਾਰੀਆਂ 'ਚ ਹੈ ਗੁਣਕਾਰੀ



ਇਕ ਪਾਸੇ ਜਿੱਥੇ ਭਾਰਤੀ ਰਸੋਈ 'ਚ ਸੌਂਫ ਦੀ ਵਰਤੋਂ ਭੋਜਨ 'ਚ ਸਵਾਦ ਵਧਾਉਣ ਲਈ ਕੀਤੀ ਜਾਂਦੀ ਹੈ, ਉਥੇ ਹੀ ਕੁਝ ਲੋਕ ਖਾਣਾ ਖਾਣ ਤੋਂ ਬਾਅਦ ਸੌਂਫ ਖਾਣਾ ਵੀ ਪਸੰਦ ਕਰਦੇ ਹਨ ਤਾਂ ਕਿ ਭੋਜਨ ਪਚ ਜਾਵੇ। ਪੌਸ਼ਟਿਕ ਤੱਤਾਂ ਨਾਲ ਭਰਪੂਰ ਸੌਂਫ ਨੂੰ ਆਯੁਰਵੈਦਿਕ 'ਚ ਬਹੁਤ ਗੁਣਕਾਰੀ ਮੰਨਿਆ ਗਿਆ ਹੈ। ਪਰ ਅੱਜ ਅਸੀਂ ਤੁਹਾਨੂੰ ਸੌਂਫ ਦੇ ਪਾਣੀ ਦੇ ਸੇਵਨ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ ਜੋ ਸਿਹਤ ਲਈ ਬਹੁਤ ਹੀ ਲਾਹੇਵੰਦ ਹੈ।

### ਜਾਣੋ ਸੌਂਫ ਦੇ ਗੁਣਾਂ ਬਾਰੇ

100 ਗ੍ਰਾਮ ਸੌਂਫ 'ਚ 31 ਕੈਲੋਰੀ, 2 ਫੀਸਦੀ ਸੋਡੀਅਮ, 11 ਪੋਟਾਸ਼ੀਅਮ, 2 ਫੀਸਦੀ ਕਾਰੋਬਹਾਈਡ੍ਰੇਟਸ, 12 ਫੀਸਦੀ ਡਾਇਟਰੀ ਫਾਈਬਰ, 2 ਫੀਸਦੀ ਪ੍ਰੋਟੀਨ, 2 ਫੀਸਦੀ ਵਿਟਾਮਿਨ ਏ, 20 ਫੀਸਦੀ ਵਿਟਾਮਿਨ ਸੀ, 4 ਫੀਸਦੀ ਕੈਲਸ਼ੀਅਮ, 3 ਫੀਸਦੀ ਆਇਰਨ, 1 ਫੀਸਦੀ ਵਿਟਾਮਿਨ ਬੀ-6 ਅਤੇ 4 ਫੀਸਦੀ ਮੈਗਨੀਸ਼ੀਅਮ ਹੁੰਦਾ ਹੈ। ਇਸ ਦੇ ਇਲਾਵਾ ਇਸ 'ਚ ਐਂਟੀਆਕਸੀਡੈਂਟ ਅਤੇ ਇੰਫਲਾਮੈਂਟਰੀ ਵਰਗੇ ਗੁਣ ਵੀ ਹੁੰਦੇ ਹਨ, ਜੋ ਹੈਲਥ ਅਤੇ ਬਿਊਟੀ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ 'ਚ ਮਦਦ ਕਰਦੇ ਹਨ।

### ਸੌਂਫ ਦਾ ਪਾਣੀ ਤਿਆਰ ਕਰਨ ਦਾ ਤਰੀਕਾ

ਸੌਂਫ ਦਾ ਪਾਣੀ ਤਿਆਰ ਕਰਨ ਲਈ ਪਹਿਲਾਂ ਇਕ ਗਿਲਾਸ ਪਾਣੀ ਲੈ ਕੇ ਉਸ 'ਚ ਸੌਂਫ ਰਾਤ ਭਰ ਲਈ ਪਾ ਕੇ ਰੱਖ ਦਿਓ। ਫਿਰ ਸਵੇਰੇ ਉੱਠ ਕੇ ਇਸ ਸੌਂਫ ਵਾਲੇ ਪਾਣੀ ਨੂੰ ਛਾਣ ਲੋਵੇ ਤੇ ਛਾਣੇ ਹੋਏ ਪਾਣੀ ਦਾ ਸੇਵਨ ਕਰੋ।

ਸੌਂਫ ਦਾ ਪਾਣੀ ਪੀਣ ਦੇ ਫਾਇਦੇ

ਸੌਂਫ ਦਾ ਪਾਣੀ ਘਟਾਉਂਦਾ ਹੈ ਭਾਰ

ਸੌਂਫ ਦੇ ਪਾਣੀ 'ਚ ਡਾਇਟਰੀ ਫਾਈਬਰ ਹੁੰਦਾ ਹੈ, ਜੋ ਭੁੱਖ ਨੂੰ ਤੁਰੰਤ ਕੰਟਰੋਲ ਕਰਦਾ ਹੈ। ਇਸ ਦੇ ਨਾਲ ਹੀ ਇਸ 'ਚ ਐਂਟੀਸਪਾਜਮੋਡਿਕ ਨਾਂ ਦੇ ਤੱਤ ਢਿੱਡ ਦੀਆਂ ਮਾਸਪੇਸ਼ੀਆਂ ਨੂੰ ਆਰਾਮ ਪਹੁੰਚਾਉਂਦਾ ਹੈ, ਜਿਸ ਨਾਲ ਭਾਰ ਘੱਟ ਕਰਨ 'ਚ ਮਦਦ ਮਿਲਦੀ ਹੈ।



ਸਰੀਰ ਨੂੰ ਕਰਦਾ ਹੈ ਡਿਟਾਕਸ

ਸੌਂਫ ਦਾ ਪਾਣੀ 'ਚ ਐਂਟੀਆਕਸੀਡੈਂਟ ਗੁਣ ਹੁੰਦੇ ਹਨ, ਜੋ ਸਰੀਰ ਦੇ ਜ਼ਹਿਰੀਲੇ ਤੱਤ ਬਾਹਰ ਕੱਢਣ 'ਚ ਮਦਦ ਕਰਦੇ ਹਨ। ਇਸ 'ਚ ਫੈਟ ਵੀ ਘੱਟ ਹੁੰਦੀ ਹੈ, ਜਿਸ ਨਾਲ ਭਾਰ ਵੀ ਨਹੀਂ ਵਧਦਾ।

ਚੰਗੀ ਨੀਂਦ ਲਿਆਉਣ 'ਚ ਸਹਾਈ

ਸਿਹਤਮੰਦ ਰਹਿਣ ਲਈ 8 ਘੰਟੇ ਨੀਂਦ ਲੈਣਾ ਬਹੁਤ ਜ਼ਰੂਰੀ ਹੈ। ਜਦੋਂ ਤੁਸੀਂ ਸੌਂਫ ਦੇ ਪਾਣੀ ਦਾ ਸੇਵਨ ਕਰਦੇ ਹੋ ਤਾਂ ਮੇਲਾਟੋਨਿਨ ਦਾ ਪੱਧਰ ਵੱਧਦਾ ਹੈ, ਜਿਸ ਨਾਲ ਪੂਰੀ ਨੀਂਦ ਲੈਣ 'ਚ ਮਦਦ ਮਿਲਦੀ ਹੈ।

### ਕਬਜ਼ ਤੋਂ ਦੇਵੇ ਰਾਹਤ

ਢਿੱਡ ਸਬੰਧੀ ਕੋਈ ਨਾ ਕੋਈ ਸਮੱਸਿਆਵਾਂ ਹੋਣਾ ਆਮ ਹੈ। ਅਜਿਹੇ 'ਚ ਦਵਾਈਆਂ ਦਾ ਸੇਵਨ ਕਰਨ ਦੀ ਬਜਾਏ ਸੌਂਫ ਦਾ ਪਾਣੀ ਪੀ ਕੇ ਦੇਖੋ, ਇਸ ਨਾਲ ਪੇਟ ਦਰਦ, ਕਬਜ਼, ਪਾਚਣ ਸਬੰਧੀ ਹੋਰ ਕਈ ਸਮੱਸਿਆ ਦੂਰ ਹੁੰਦੀ ਹੈ।

### ਕੈਂਸਰ ਖਿਲਾਫ ਲਾਹੇਵੰਦ

ਸੌਂਫ ਦੇ ਪਾਣੀ 'ਚ ਐਂਟੀ ਆਕਸੀਡੈਂਟ ਹੁੰਦੇ ਹਨ, ਜੋ ਸਰੀਰ ਨੂੰ ਕੈਂਸਰ ਵਰਗੀ ਬੀਮਾਰੀ ਨਾਲ ਲੜਨ ਦੀ ਸਮਰੱਥਾ ਦਿੰਦੇ ਹਨ। ਇਹ ਬ੍ਰੈਸਟ ਸਣੇ ਕਈ ਤਰ੍ਹਾਂ ਦੇ ਕੈਂਸਰ ਤੋਂ ਬਚਾਅ ਕਰਦਾ ਹੈ।

ਬਲੱਡ ਪ੍ਰੈਸ਼ਰ ਨੂੰ ਕਰੇ ਕੰਟਰੋਲ

ਸੌਂਫ ਦਾ ਪਾਣੀ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਇਸ 'ਚ ਪੋਟਾਸ਼ੀਅਮ ਦੀ ਮਾਤਰਾ ਵੀ ਭਰਪੂਰ ਹੁੰਦੀ ਹੈ, ਜਿਸ ਨਾਲ ਬਲੱਡ ਪ੍ਰੈਸ਼ਰ ਕੰਟਰੋਲ 'ਚ ਰਹਿੰਦਾ ਹੈ।

ਖ਼ੂਨ ਦੀ ਕਮੀ ਪੂਰੀ ਕਰੇ

ਸੌਂਫ ਦੇ ਪਾਣੀ 'ਚ ਆਇਰਨ ਦੀ ਮਾਤਰਾ ਵੀ ਭਰਪੂਰ ਹੁੰਦੀ ਹੈ, ਜਿਸ ਨੂੰ ਰੋਜ਼ਾਨਾ ਪਾਣੀ ਨਾਲ ਸਰੀਰ 'ਚ ਹੀਮੋਗਲੋਬਿਨ ਦਾ ਪੱਧਰ ਵੱਧ ਜਾਂਦਾ ਹੈ ਅਤੇ ਸਰੀਰ 'ਚ ਐਨੀਮੀਆ ਦੀ ਕਮੀ ਪੂਰੀ ਹੋ ਜਾਂਦੀ ਹੈ।

# 'ਸਰਵਾਈਕਲ' ਦੇ ਦਰਦ ਤੋਂ ਪ੍ਰੇਸ਼ਾਨ ਲੋਕਾਂ ਲਈ ਖ਼ਾਸ ਖ਼ਬਰ, ਜਾਣੋ ਕਾਰਨ ਤੇ ਦੂਰ ਕਰਨ ਦੇ ਘਰੇਲੂ ਨੁਸਖ਼ੇ



ਤਣਾਅ ਵਾਲੀ ਜ਼ਿੰਦਗੀ 'ਚ ਜ਼ਿਆਦਾਤਰ ਲੋਕ ਕਿਸੇ ਨਾ ਕਿਸੇ ਬੀਮਾਰੀ ਨਾਲ ਪੀੜਤ ਹੀ ਰਹਿੰਦੇ ਹਨ, ਜਿਨ੍ਹਾਂ 'ਚੋਂ ਸਰਵਾਈਕਲ ਇਕ ਆਮ ਪਰੇਸ਼ਾਨੀ ਹੈ। ਕੁਝ ਦੇਰ ਸਿਰ ਝੁਕਾ ਕੇ ਕੰਮ ਕਰਨ ਨਾਲ ਕਈ ਲੋਕਾਂ ਦੇ ਮੋਢਿਆਂ ਅਤੇ ਧੌਣ 'ਚ ਦਰਦ ਹੋਣ ਲੱਗਦਾ ਹੈ। ਕਈ ਵਾਰ ਤਾਂ ਸਹਿਣ ਨਾ ਹੋਣ ਵਾਲਾ ਦਰਦ ਧੌਣ 'ਚ ਹੋਣਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਕਈ ਵਾਰ ਸੋਜ ਵੀ ਆ ਜਾਂਦੀ ਹੈ। ਧੌਣ 'ਚ ਹੋਣ ਵਾਲੇ ਇਸ ਦਰਦ ਦਾ ਕਾਰਨ ਸਰਵਾਈਕਲ ਵੀ ਹੋ ਸਕਦਾ ਹੈ। ਸਰਵਾਈਕਲ ਦਾ ਦਰਦ ਬਹੁਤ ਬੁਰਾ ਹੁੰਦਾ ਹੈ। ਮਰਦਾਂ ਤੋਂ ਜ਼ਿਆਦਾ ਜਨਾਨੀਆਂ ਇਸ ਬੀਮਾਰੀ ਦਾ ਵੱਧ ਸ਼ਿਕਾਰ ਹੁੰਦੀਆਂ ਹਨ। ਸਰੀਰਕ ਕਮਜ਼ੋਰੀ, ਵਧਦੀ ਉਮਰ, ਮਾਹਵਾਰੀ, ਗਰਭ ਅਵਸਥਾ ਅਤੇ ਹਾਰਮੋਨਲ ਬਦਲਾਅ, ਖ਼ਰਾਬ ਲਾਈਫ ਸਟਾਈਲ, ਉੱਠਣ-ਬੈਠਣ ਦਾ ਗਲਤ ਤਰੀਕਾ ਆਦਿ ਇਸ ਦੇ ਮੁੱਖ ਕਾਰਨ ਹੋ ਸਕਦੇ ਹਨ। ਇਸ ਲਈ ਜਿੱਥੇ ਡਾਕਟਰੀ ਮਦਦ ਲੈਣੀ ਜ਼ਰੂਰੀ ਹੈ, ਉਥੇ ਕੁਝ ਘਰੇਲੂ ਨੁਸਖ਼ਿਆ ਨਾਲ ਵੀ ਇਸ ਰੋਗ ਤੋਂ ਰਾਹਤ ਪਾ ਸਕਦੇ ਹਾਂ।

ਕੀ ਹਨ ਲੱਛਣ



. ਧੌਣ 'ਚ ਖਿਚਾਅ
. ਧੌਣ ਝੁਕਾਉਣ ਅਤੇ ਹਿਲਾਉਣ 'ਚ ਦਰਦ ਹੋਣਾ
. ਜਕੜਣ ਮਹਿਸੂਸ ਹੋਣਾ
. ਚੱਕਰ ਅਤੇ ਉਲਟੀਆਂ ਆਉਣਾ
. ਸਿਰ 'ਚ ਪਿੱਛੇ ਦਰਦ ਦਾ ਹੋਣਾ
. ਮੋਢਿਆਂ 'ਚ ਦਰਦ ਅਤੇ ਜਕੜਣ ਪੈਦਾ ਹੋਣਾ
. ਹੱਥਾਂ ਪੈਰਾਂ 'ਚ ਸੁੰਨਾਪਨ ਹੋਣਾ
. ਬੀਮਾਰੀਆਂ ਦੇ ਵਧਣ 'ਤੇ ਚੱਕਰ ਅਤੇ ਉਲਟੀਆਂ ਵੀ ਹੋ ਸਕਦੀਆਂ ਹਨ।

ਕਾਰਨ

ਸਰਵਾਈਕਲ ਡਿਜੇਨਰੇਟਿਵ ਡਿਸਕ ਰੋਗ ਦਾ ਇਲਾਜ ਧੌਣ ਦੀ ਡੀ-ਜੇਨਰੇਸ਼ਨ ਵਾਲੀਆਂ ਨਸਾਂ 'ਤੇ ਦਬਾਅ ਪੈਂਦਾ ਹੈ। ਇਹ ਦਬਾਅ ਆਮਤੌਰ 'ਤੇ ਜ਼ਿਆਦਾ ਕੰਮ ਕਰਨ, ਜ਼ਿਆਦਾ ਬੋਝ ਚੁੱਕਣ, ਹੱਡੀਆਂ ਦੇ ਕਮਜ਼ੋਰ, ਲਗਾਤਾਰ ਕੰਮ ਕਰਨ, ਸਿਰ ਝੁਕਾ ਕੇ ਕੰਮ ਕਰਨ, ਸਿਰ ਝੁਕਾ ਕੇ ਲਗਾਤਾਰ ਪੜ੍ਹਾਈ ਕਰਨ 'ਤੇ ਧੌਣ 'ਤੇ ਕਿਸੇ ਸੱਟ ਕਾਰਨ ਹੋ ਸਕਦਾ ਹੈ।

ਸਰਵਾਈਕਲ ਦੇ ਦਰਦ ਨੂੰ ਦੂਰ ਕਰਨ ਦਾ ਘਰੇਲੂ ਇਲਾਜ

ਅਦਰਕ ਦੀ ਚਾਹ ਪੀਓ

ਧੌਣ 'ਚ ਜ਼ਿਆਦਾ ਦਰਦ ਹੋਣ 'ਤੇ ਇਕ ਕੱਪ ਚਾਹ 'ਚ ਅਦਰਕ ਦੀ ਪੇਸਟ ਮਿਲਾ ਕੇ ਪੀਓ। ਅਜਿਹਾ ਕਰਨ ਨਾਲ ਸਰਵਾਈਕਲ ਦਾ ਦਰਦ ਦੂਰ ਹੋ ਜਾਵੇਗਾ।

### ਗਰਦਨ ਦੀ ਕਸਰਤ

ਇਸ ਦਰਦ ਨੂੰ ਘੱਟ ਕਰਨ ਲਈ ਧੌਣ ਨੂੰ ਘੜੀ ਦੀ ਤਰ੍ਹਾਂ ਹੌਲੀ-ਹੌਲੀ ਪੰਜ ਮਿੰਟ ਤੱਕ ਘੁਮਾਓ, ਫਿਰ ਇਹ ਕਿਰਿਆ ਦੂਜੀ ਦਿਸ਼ਾ 'ਚ ਕਰੋ। ਇਸ ਤੋਂ ਬਾਅਦ ਧੌਣ ਨੂੰ ਉਪਰ ਤੋਂ ਥੱਲੇ ਅਤੇ ਫਿਰ ਸੱਜੇ-ਖੱਬੇ ਘੁਮਾਓ। ਅਜਿਹਾ ਕਰਨ ਨਾਲ ਸਰਵਾਈਕਲ ਦਾ ਦਰਦ ਦੂਰ ਹੋ ਜਾਵੇਗਾ।

### ਧੌਣ ਦੀ ਮਾਲਿਸ਼

ਸਰਵਾਈਕਲ ਦੌਰਾਨ ਬ੍ਰੇਨ 'ਚ ਬਲੱਡ ਪਹੁੰਚਾਉਣ ਵਾਲੀ ਬਲੱਡ ਵੇਸਲ 'ਚ ਕੁਝ ਸਮੇਂ ਲਈ ਰੁਕਾਵਟ ਆ ਸਕਦੀ ਹੈ। ਅਜਿਹੇ 'ਚ ਧੌਣ 'ਤੇ ਦਰਦ ਹੋਣ ਲਗਦਾ ਹੈ। ਇਸ ਲਈ ਇਸ ਦਰਦ ਨੂੰ ਦੂਰ ਕਰਨ ਲਈ ਧੌਣ ਦੀ ਹੱਥਾਂ ਨਾਲ ਹਲਕੀ-ਹਲਕੀ ਮਾਲਿਸ਼ ਕਰਨੀ ਚਾਹੀਦੀ ਹੈ।

### ਗਰਮ ਪਾਣੀ ਦਾ ਸੇਕ ਦਿਓ

ਲਗਾਤਾਰ ਸਰਵਾਈਕਲ ਰਹਿਣ ਕਾਰਨ ਅਚਾਨਕ ਹੱਥਾਂ 'ਚ ਦਰਦ ਹੋਣ ਲਗਦਾ ਹੈ। ਇਸ ਨੂੰ ਨਜ਼ਰਅੰਦਾਜ਼ ਕਰਨ ਨਾਲ ਮਸਲਜ਼ ਕਮਜ਼ੋਰ ਅਤੇ ਪੈਰਾਲਿਸਿਸ ਹੋ ਸਕਦਾ ਹੈ। ਇਸ ਲਈ ਮਾਲਿਸ਼ ਤੋਂ ਬਾਅਦ ਗਰਮ ਪਾਣੀ ਨਾਲ ਧੌਣ 'ਤੇ ਸੇਕ ਦਿਓ। ਸੇਕ ਦੇ ਤੁਰੰਤ ਬਾਅਦ ਖੁੱਲ੍ਹੀ ਹਵਾ 'ਚ ਨਾ ਜਾਓ।

ਅਜਵਾਇਣ ਦਾ ਕਰੋ ਸੇਕ

ਇਜਵਾਇਣ ਵੀ ਸਰਵਾਈਕਲ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਂਦੀ ਹੈ। ਇਜਵਾਇਣ ਲੈ ਕੇ ਇਸ ਦੀ ਪੋਟਲੀ ਬਣਾ ਲਵੋ। ਇਸ ਨੂੰ ਤਵੇ 'ਤੇ ਗਰਮ ਕਰਕੇ ਧੌਣ ਨੂੰ ਸੇਕ ਦਿਓ। ਇਸ ਨਾਲ ਧੌਣ ਦਾ ਦਰਦ ਦੂਰ ਹੋ ਜਾਵੇਗਾ।

### ਲੌਂਗ ਦਾ ਤੇਲ

ਸਰਵਾਈਕਲ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਲੌਂਗ ਦੇ ਤੇਲ ਦੀ ਵਰਤੋਂ ਕਰਨੀ ਚਾਹੀਦੀ ਹੈ। ਸਰੋ ਦੇ ਤੇਲ 'ਚ ਲੌਂਗ ਦਾ ਤੇਲ ਮਿਲਾ ਕੇ ਧੌਣ ਦੀ ਚੰਗੀ ਤਰ੍ਹਾਂ ਨਾਲ ਮਾਲਿਸ਼ ਕਰੋ। ਇਸ ਨਾਲ ਦਰਦ ਦੂਰ ਹੋ ਜਾਵੇਗਾ।

ਜੈਤੂਨ ਦਾ ਤੇਲ

ਜੈਤੂਨਦੇ ਤੇਲ ਨੂੰ ਹਲਕਾ ਗਰਮ ਕਰੋ ਅਤੇ ਫਿਰ ਉਸ ਨਾਲ ਧੌਣ ਦੀ ਮਸਾਜ ਕਰੋ। ਮਸਾਜ ਕਰਨ ਤੋਂ ਬਾਅਦ ਤੌਲੀਏ ਨੂੰ ਗਰਮ ਪਾਣੀ 'ਚ ਭਿਓਂ ਕੇ ਲਗਭਗ 10 ਮਿੰਟ ਤੱਕ ਧੌਣ 'ਤੇ ਰੱਖੋ।

### ਸੁੰਢ ਦੀ ਕਰੋ ਵਰਤੋਂ

ਸਰਵਾਈਕਲ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸੁੰਢ ਕਾਫ਼ੀ ਲਾਹੇਵੰਦ ਹੁੰਦੀ ਹੈ। ਸਰੋਂ ਦੇ ਤੇਲ 'ਚ ਸੁੰਢ ਦਾ ਚੂਰਨ ਮਿਲਾਓ ਅਤੇ ਇਸ ਨਾਲ ਧੌਣ ਦੀ ਮਾਲਿਸ਼ ਕਰੋ। ਇਸ ਤੋਂ ਇਲਾਵਾ ਸੁੰਢ ਅਤੇ ਅਸ਼ਵਗੰਧਾ ਨੂੰ ਮਿਲਾ ਕੇ ਰੋਜ਼ ਸਵੇਰੇ-ਸ਼ਾਮ ਦੁੱਧ ਨਾਲ ਇਕ-ਇਕ ਚਮਚ ਲਵੋ।

# ਗਰਮੀਆਂ 'ਚ ਅੰਡੇ ਖਾਣੇ ਚਾਹੀਦੇ ਹਨ ਜਾਂ ਨਹੀਂ? ਜਾਣੋ ਕੀ ਕਹਿੰਦੇ ਹਨ ਮਾਹਰ

ਅੰਡਾ ਹਰ ਕਿਸੇ ਦਾ ਪਸੰਦੀਦਾ ਹੁੰਦਾ ਹੈ, ਚਾਹੇ ਉਹ ਬਾਲਗ ਹੋਵੇ ਜਾਂ ਬੱਚਾ। ਤੁਸੀਂ ਅੰਡੇ ਨੂੰ ਕਈ ਤਰੀਕਿਆਂ ਨਾਲ ਖਾ ਸਕਦੇ ਹੋ ਅਤੇ ਇਹ ਹਰ ਤਰ੍ਹਾਂ ਨਾਲ ਸੁਆਦੀ ਹੁੰਦਾ ਹੈ। ਸਵਾਦਿਸ਼ਟ ਹੋਣ ਦੇ ਨਾਲ-ਨਾਲ ਅੰਡੇ ਵਿੱਚ ਕਈ ਪੌਸ਼ਟਿਕ ਤੱਤ ਵੀ ਹੁੰਦੇ ਹਨ ਜੋ ਸਾਡੀ ਸਿਹਤ ਲਈ ਫਾਇਦੇਮੰਦ ਹੁੰਦੇ ਹਨ। ਪਰ ਬਹੁਤ ਸਾਰੇ ਲੋਕ ਇਸ ਗੱਲ ਨੂੰ ਲੈ ਕੇ ਉਲਝਣ ਵਿਚ ਹਨ ਕਿ ਕੀ ਸਾਨੂੰ ਗਰਮੀਆਂ 'ਚ ਆਂਡਾ ਖਾਣਾ ਚਾਹੀਦਾ ਹੈ ਜਾਂ ਨਹੀਂ? ਦਰਅਸਲ, ਲੋਕਾਂ ਦਾ ਮੰਨਣਾ ਹੈ ਕਿ ਅੰਡੇ ਖਾਣ ਨਾਲ ਸਰੀਰ 'ਚ ਗਰਮੀ ਪੈਦਾ ਹੁੰਦੀ ਹੈ, ਜੋ ਗਰਮੀਆਂ 'ਚ ਸਿਹਤ ਲਈ ਨੁਕਸਾਨਦੇਹ ਹੋ ਸਕਦੀ ਹੈ। ਅਜਿਹੇ 'ਚ ਅੱਜ ਅਸੀਂ ਤੁਹਾਡੇ ਇਸ ਸਵਾਲ ਦਾ ਜਵਾਬ ਲੈ ਕੇ ਆਏ ਹਾਂ। ਤਾਂ ਆਓ ਜਾਣਦੇ ਹਾਂ

ਕੀ ਗਰਮੀ 'ਚ ਅੰਡੇ ਖਾ ਸਕਦੇ ਹਾਂ?

ਤੁਹਾਡੀ ਜਾਣਕਾਰੀ ਲਈ ਤੁਹਾਨੂੰ ਦੱਸ ਦੇਈਏ ਕਿ ਹਰ ਮੌਸਮ 'ਚ ਅੰਡੇ ਦਾ ਸੇਵਨ ਕਰਨਾ ਫਾਇਦੇਮੰਦ ਮੰਨਿਆ ਜਾਂਦਾ ਹੈ। ਗਰਮੀਆਂ 'ਚ ਲੋਕ ਰੋਜ਼ਾਨਾ ਇੱਕ ਜਾਂ ਦੋ ਅੰਡੇ ਖਾ ਸਕਦੇ ਹਨ ਪਰ ਜ਼ਿਆਦਾ ਸੇਵਨ ਨਹੀਂ ਕਰਨਾ ਚਾਹੀਦਾ, ਨਹੀਂ ਤਾਂ ਇਹ ਸਰੀਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਉਬਲਿਆ ਹੋਇਆ ਅੰਡਾ ਖਾਣਾ ਫਾਇਦੇਮੰਦ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਜੇਕਰ ਤੁਸੀਂ ਚਾਹੋ ਤਾਂ ਆਮਲੇਟ ਬਣਾ ਕੇ ਵੀ ਖਾ ਸਕਦੇ ਹੋ।

ਗਰਮੀਆਂ 'ਚ ਅੰਡੇ ਖਾਂਦੇ ਸਮੇਂ ਇਨ੍ਹਾਂ ਗੱਲਾਂ ਦਾ ਧਿਆਨ ਰੱਖੋ

-ਗਰਮੀਆਂ 'ਚ ਨਾਸ਼ਤੇ 'ਚ ਅੰਡੇ ਜ਼ਰੂਰ ਸ਼ਾਮਲ ਕਰੋ। ਇਸ 'ਚ ਮੌਜੂਦ ਪ੍ਰੋਟੀਨ ਅਤੇ ਹੋਰ ਪੋਸ਼ਕ ਤੱਤ ਪੂਰੇ ਦਿਨ ਲਈ ਊਰਜਾ ਪ੍ਰਦਾਨ ਕਰਦੇ ਹਨ ਅਤੇ ਇਹ ਚੰਗੀ ਤਰ੍ਹਾਂ ਪਚਦੇ ਵੀ ਹਨ।

- ਅੰਡੇ ਦੇ ਪੀਲੇ ਹਿੱਸੇ 'ਚ ਕੋਲੈਸਟ੍ਰਾਲ ਪਾਇਆ ਜਾਂਦਾ ਹੈ। ਕਈ ਲੋਕ ਇਸ ਨੂੰ ਖਾਣ ਤੋਂ ਡਰਦੇ ਹਨ ਕਿਉਂਕਿ ਇਸ ਨਾਲ ਦਿਲ ਦੀ ਬੀਮਾਰੀ ਹੋ ਸਕਦੀ ਹੈ। ਪਰ ਸੱਚਾਈ ਇਹ ਹੈ ਕਿ ਰੋਜ਼ਾਨਾ ਇੱਕ ਅੰਡੇ ਦੀ ਜ਼ਰਦੀ ਖਾਣ ਨਾਲ ਦਿਲ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਨਹੀਂ ਹੁੰਦੀ, ਜੇਕਰ ਤੁਸੀਂ ਪਹਿਲਾਂ ਹੀ ਕੋਲੈਸਟ੍ਰੋਲ ਦੇ ਮਰੀਜ਼ ਹੋ ਤਾਂ ਅਜਿਹੇ ਲੋਕਾਂ ਨੂੰ ਅੰਡੇ ਦੀ ਜ਼ਰਦੀ ਤੋਂ ਬਚਣਾ ਚਾਹੀਦਾ ਹੈ।

ਗਰਮੀਆਂ 'ਚ ਹਰ ਰੋਜ਼ ਇੱਕ ਜਾਂ 2 ਅੰਡੇ ਖਾ ਸਕਦੇ ਹੋ। ਅੰਡੇ ਨੂੰ ਉਬਾਲਿਆ ਜਾ ਸਕਦਾ ਹੈ ਜਾਂ ਆਮਲੇਟ ਦੇ ਤੌਰ 'ਤੇ ਖਾਧਾ ਜਾ ਸਕਦਾ ਹੈ।

- ਕੀਮੋਥੈਰੇਪੀ ਤੋਂ ਬਾਅਦ ਮਰੀਜ਼ ਨੂੰ ਰੋਜ਼ਾਨਾ ਖ਼ੁਰਾਕ 'ਚ 90 ਤੋਂ 100 ਗ੍ਰਾਮ ਪ੍ਰੋਟੀਨ ਦੀ ਲੋੜ ਹੁੰਦੀ ਹੈ। ਅਜਿਹੇ ਮਰੀਜ਼ਾਂ ਨੂੰ ਰੋਜ਼ਾਨਾ ਚਾਰ ਤੋਂ ਪੰਜ ਅੰਡੇ ਖਾਣੇ ਚਾਹੀਦੇ ਹਨ।

ਮਾਹਰਾਂ ਨੇ ਕੀ ਕਿਹਾ?

ਮਾਹਰਾਂ ਦਾ ਕਹਿਣਾ ਹੈ ਕਿ ਅੰਡੇ ਦਾ ਮੌਸਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅੰਡੇ 'ਚ ਮੌਜੂਦ ਉੱਚ ਗੁਣਵੱਤਾ ਵਾਲਾ ਪ੍ਰੋਟੀਨ ਮਾਸਪੇਸ਼ੀਆਂ ਨੂੰ ਬਣਾਉਣ 'ਚ ਵੀ ਬਹੁਤ ਫਾਇਦੇਮੰਦ ਹੁੰਦਾ ਹੈ। ਜਿੰਮ ਜਾਣ ਵਾਲੇ ਲੋਕ ਚਾਹੁਣ ਤਾਂ ਅੰਡੇ ਦੀ ਜ਼ਰਦੀ ਕੱਢ ਕੇ ਖਾ ਸਕਦੇ ਹਨ। ਕਿਉਂਕਿ ਅੰਡੇ ਦੀ ਜ਼ਰਦੀ 'ਚ ਚਰਬੀ ਦੀ ਮਾਤਰਾ ਵਧੇਰੇ ਹੁੰਦੀ ਹੈ, ਜੇਕਰ ਤੁਸੀਂ ਸਫੇਦ ਹਿੱਸੇ ਨੂੰ ਖਾ ਸਕਦੇ ਹੋ ਤਾਂ ਇਸ ਨਾਲ ਚਰਬੀ ਨਹੀਂ ਵਧੇਗੀ।



# ਆਪਣੀਆਂ ਟਿੱਪਣੀਆਂ ਲਈ ਟਰੰਪ ਮੁਆਫੀ ਮੰਗਣ: ਸਟਾਰਮਰ

## ਯੂਰਪ ਤੇ ਬਰਤਾਨੀਆ ਵਾਸੀਆਂ ਵਿਚ ਰੋਸ ਵਧਿਆ

ਲੰਡਨ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅੱਜ ਜ਼ੋਰ ਦੇ ਕੇ



ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਆਪਣੀਆਂ ਟਿੱਪਣੀਆਂ ਲਈ ਮੁਆਫੀ ਮੰਗਣ। ਸ੍ਰੀ ਟਰੰਪ ਨੇ ਕਿਹਾ ਸੀ ਕਿ ਅਫਗਾਨਿਸਤਾਨ ਖ਼ਿਲਾਫ ਜੰਗ ਦੌਰਾਨ ਨਾਟੋ ਦੇਸ਼ਾਂ ਦੇ ਫੌਜੀ ਜੰਗ ਦੌਰਾਨ ਫਰੰਟ ਲਾਈਨ ਤੋਂ ਦੂਰ ਰਹੇ ਜਦਕਿ ਅਮਰੀਕੀ ਫੌਜੀ ਸਭ ਤੋਂ ਅੱਗੇ ਰਹੇ ਸਨ। ਸ੍ਰੀ ਸਟਾਰਮਰ ਨੇ ਕਿਹਾ, 'ਮੈਂ ਨਾਟੋ ਫੌਜੀਆਂ ਦੀ ਹਿੰਮਤ, ਉਨ੍ਹਾਂ ਦੀ ਬਹਾਦਰੀ ਅਤੇ ਉਨ੍ਹਾਂ ਦੀ ਦੇਸ਼ ਲਈ ਕੁਰਬਾਨੀ ਨੂੰ ਕਦੇ ਨਹੀਂ ਭੁੱਲਾਂਗਾ। ਮੈਂ ਰਾਸ਼ਟਰਪਤੀ ਟਰੰਪ ਦੀਆਂ ਟਿੱਪਣੀਆਂ ਨੂੰ ਅਪਮਾਨਜਨਕ ਅਤੇ ਸਪਸ਼ਟ ਤੌਰ 'ਤੇ ਗਲਤ ਮੰਨਦਾ ਹਾਂ। ਉਨ੍ਹਾਂ ਨੇ ਇਸ ਜੰਗ ਵਿਚ ਫੌਤ ਹੋਏ ਜਾਂ ਜ਼ਖਮੀ ਹੋਏ ਫੌਜੀਆਂ ਦੇ ਅਜ਼ੀਜ਼ਾਂ ਅਤੇ ਦੇਸ਼ ਵਾਸੀਆਂ ਨੂੰ ਦੁੱਖ ਪਹੁੰਚਾਇਆ ਹੈ।'

ਟਰੰਪ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਯਕੀਨ ਨਹੀਂ ਹੈ ਕਿ ਜੇ ਅਤੇ ਜਦੋਂ ਵੀ ਕਿਹਾ ਜਾਵੇ ਤਾਂ ਨਾਟੋ ਸੰਯੁਕਤ ਰਾਜ ਅਮਰੀਕਾ ਦਾ ਸਮਰਥਨ ਕਰਨ ਲਈ ਉੱਥੇ ਹੋਵੇਗਾ। ਇਨ੍ਹਾਂ ਟਿੱਪਣੀਆਂ ਕਾਰਨ ਯੂਨਾਈਟਿਡ ਕਿੰਗਡਮ ਦੇ ਲੋਕਾਂ ਵਿੱਚ ਗੁੱਸਾ ਅਤੇ ਦੁੱਖ ਹੈ।

ਟਰੰਪ ਨੇ ਵੀਰਵਾਰ ਨੂੰ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਫੌਕਸ ਨਿਊਜ਼ ਨਾਲ ਇੱਕ ਇੰਟਰਵਿਊ ਵਿੱਚ ਕਿਹਾ, 'ਸਾਨੂੰ ਕਦੇ ਵੀ ਉਨ੍ਹਾਂ ਦੀ ਲੋੜ ਨਹੀਂ ਪਈ, ਤੁਸੀਂ ਜਾਣਦੇ ਹੋ, ਉਹ ਕਹਿਣਗੇ ਕਿ ਉਨ੍ਹਾਂ ਨੇ ਅਫਗਾਨਿਸਤਾਨ ਵਿੱਚ ਕੁਝ ਫੌਜੀ ਭੇਜੇ ਪਰ ਉਹ ਫੌਜੀ ਥੋੜ੍ਹਾ ਪਿੱਛੇ ਰਹੇ ਤੇ ਮੂਹਰਲੀਆਂ ਕਤਾਰਾਂ ਤੋਂ ਦੂਰ।'

# ਅਮਰੀਕਾ 'ਚ ਭਾਰਤੀ ਨੇ ਪਤਨੀ ਸਣੇ 4 ਰਿਸ਼ਤੇਦਾਰਾਂ ਦੀ ਕੀਤੀ ਹੱਤਿਆ

## ਖ਼ੂਨੀ ਰੂਪ ਅਖਤਿਆਰ ਕਰ ਗਿਆ ਪਰਵਾਰਕ ਝਗੜਾ

ਐਟਲਾਂਟਾ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਹਸਦੇ-ਵਸਦੇ ਭਾਰਤੀ ਪਰਵਾਰ ਦੇ ਘਰ ਅੰਦਰ ਲਾਸ਼ਾਂ ਵਿਛ ਗਈਆਂ ਜਦੋਂ ਮਾਮੂਲੀ ਗੱਲ 'ਤੇ ਸ਼ੁਰੂ ਹੋਇਆ ਝਗੜਾ ਹਿੰਸਕ ਰੂਪ ਅਖਤਿਆਰ ਕਰ ਗਿਆ। ਜੀ ਹਾਂ, ਜਾਰਜੀਆ ਸੂਬੇ ਦੇ ਲਾਰੈਂਸਵਿਲ ਸ਼ਹਿਰ ਵਿਚ ਵਾਪਰੀ ਦਿਲ ਕੰਬਾਊ ਵਾਰਦਾਤ ਦੌਰਾਨ 51 ਸਾਲ ਦੇ ਵਿਜੇ ਕੁਮਾਰ ਨੇ ਕਥਿਤ ਤੌਰ 'ਤੇ ਆਪਣੀ




ਪਤਨੀ ਮੀਮੂ ਡੋਗਰਾ ਅਤੇ ਤਿੰਨ ਰਿਸ਼ਤੇਦਾਰਾਂ ਨੂੰ ਗੋਲੀਆਂ ਨਾਲ ਵਿੰਨ੍ਹ ਦਿਤਾ ਜਿਨ੍ਹਾਂ ਦੀ ਸ਼ਨਾਖਤ 33 ਸਾਲ ਦੇ ਗੌਰਵ ਕੁਮਾਰ, 37 ਸਾਲ ਦੀ ਨਿਧੀ ਚੰਦਰ ਅਤੇ 38 ਸਾਲ ਦੇ ਹਰੀਸ਼ ਚੰਦਰ ਵਜੋਂ ਕੀਤੀ ਗਈ ਹੈ। ਗਵਿਨੈਟ ਕਾਊਂਟੀ ਦੀ ਪੁਲਿਸ ਨੇ ਦੱਸਿਆ ਕਿ ਵਾਰਦਾਤ ਵੇਲੇ ਘਰ ਵਿਚ ਤਿੰਨ ਬੱਚੇ ਵੀ ਮੌਜੂਦ ਸਨ ਜਿਨ੍ਹਾਂ ਨੇ ਲੁਕ ਕੇ ਆਪਣੀ ਜਾਨ ਬਚਾਈ ਅਤੇ 911 'ਤੇ ਕਾਲ ਕਰਦਿਆਂ ਪੁਲਿਸ ਨੂੰ ਸੱਦ ਲਿਆ। ਪਤਨੀ ਸਣੇ ਚਾਰ ਜਣਿਆਂ ਦਾ ਕਤਲ ਕਰਨ ਮਗਰੋਂ ਵਿਜੇ ਕੁਮਾਰ ਮੌਕੇ ਤੋਂ ਫ਼ਰਾਰ ਹੋ ਗਿਆ ਜਿਸ ਨੂੰ ਪੁਲਿਸ ਨੇ ਸਨਿਫ਼ਰ ਡੌਗਜ਼ ਦੀ ਮਦਦ ਨਾਲ ਜੰਗਲੀ ਇਲਾਕੇ ਵਿਚੋਂ ਕਾਬੂ ਕਰ ਲਿਆ। ਪੁਲਿਸ ਨੇ ਦੱਸਿਆ ਕਿ ਸ਼ੁੱਕਰਵਾਰ ਵੱਡੇ ਤੜਕੇ ਤਕਰੀਬਨ ਢਾਈ ਵਜੇ 12 ਸਾਲ ਦੇ ਬੱਚੇ ਨੇ ਫੋਨ ਕਰ ਕੇ ਗੋਲੀਬਾਰੀ ਦੀ ਇਤਲਾਹ ਦਿਤੀ ਅਤੇ ਮੌਕੇ 'ਤੇ ਪੁੱਜੇ ਅਫ਼ਸਰਾਂ ਨੂੰ ਖ਼ੂਨ ਵਿਚ ਲਥ-ਪਥ ਚਾਰ ਲਾਸ਼ਾਂ ਮਿਲੀਆਂ। ਜਾਂਚਕਰਤਾਵਾਂ ਮੁਤਾਬਕ ਵਿਜੇ ਕੁਮਾਰ ਅਤੇ ਮੀਮੂ ਡੋਗਰਾ ਐਟਲਾਂਟਾ ਵਿਖੇ ਰਹਿੰਦੇ ਸਨ ਪਰ ਕਿਸੇ ਗੱਲ 'ਤੇ ਹੋਏ ਝਗੜੇ ਮਗਰੋਂ ਲਾਰੈਂਸਵਿਲ ਦੇ ਬਰੂਕ ਆਇਵੀ ਕੋਰਟ ਇਲਾਕੇ ਵਿਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਦੇ ਘਰ ਪੁੱਜ ਗਏ। ਵਿਜੇ ਅਤੇ ਮੀਮੂ ਨਾਲ ਉਨ੍ਹਾਂ ਦਾ 12 ਸਾਲ ਦਾ ਬੇਟਾ ਵੀ ਸੀ ਜਦਕਿ ਦੋ ਬੱਚੇ ਲਾਰੈਂਸਵਿਲ ਰਹਿੰਦੇ ਰਿਸ਼ਤੇਦਾਰਾਂ ਦੇ ਘਰ ਵਿਚ ਸਨ। ਵਿਜੇ ਕੁਮਾਰ ਅਤੇ ਮੀਮੂ ਡੋਗਰਾ ਦਾ ਮਸਲਾ ਉਨ੍ਹਾਂ ਦੇ ਰਿਸ਼ਤੇਦਾਰ ਵੀ ਹੱਲ ਨਾ ਕਰ ਸਕੇ ਤਾਂ ਖਿਲਾਰਾ ਵਧ ਗਿਆ ਅਤੇ ਤੈਸ਼ ਵਿਚ ਆਏ ਵਿਜੇ ਕੁਮਾਰ ਨੇ ਕਥਿਤ ਤੌਰ 'ਤੇ ਗੋਲੀਆਂ ਚਲਾ ਦਿਤੀਆਂ। ਵਿਜੇ ਕੁਮਾਰ ਵਿਰੁੱਧ ਪਹਿਲੇ ਦਰਜੇ ਦੀ ਹੱਤਿਆ ਅਤੇ ਜਾਨਲੇਵਾ ਹਮਲਾ ਕਰਨ ਦੇ ਚਾਰ-ਚਾਰ ਦੋਸ਼ ਆਇਦ ਕੀਤੇ ਗਏ ਹਨ। ਇਸ ਤੋਂ ਇਲਾਵਾ ਬੱਚਿਆਂ ਉਤੇ ਤਸ਼ੱਦਦ ਕਰਨ ਦੇ ਦੋਸ਼ ਵੱਖਰੇ ਤੌਰ 'ਤੇ ਆਇਦ ਕੀਤੇ। ਇਸੇ ਦੌਰਾਨ ਆਂਢ ਗੁਆਂਢ ਵਿਚ ਰਹਿੰਦੇ ਲੋਕਾਂ ਨੇ ਦੱਸਿਆ ਕਿ ਲਗਾਤਾਰ ਵਕਫ਼ੇ 'ਤੇ ਚਲਦੀਆਂ ਗੋਲੀਆਂ ਨੇ ਸਹਿਮ ਪੈਦਾ ਕਰ ਦਿਤਾ ਪਰ ਕੋਈ ਵਾਰਦਾਤ ਵਾਲੇ ਘਰ ਵੱਲ ਜਾਣ ਦੀ ਹਿੰਮਤ ਨਾ ਕਰ ਸਕਿਆ। ਚਾਰ ਜਣਿਆਂ ਦੀ ਮੌਤ ਬਾਰੇ ਪਤਾ ਲੱਗਣ 'ਤੇ ਇਲਾਕੇ ਵਿਚ ਸੁੰਨ ਪਸਰੀ ਨਜ਼ਰ ਆਈ। ਉਧਰ, ਐਟਲਾਂਟਾ ਵਿਖੇ ਭਾਰਤੀ ਕੌਂਸਲੇਟ ਨੇ ਐਕਸ ਰਾਹੀਂ ਟਿੱਪਣੀ ਕਰਦਿਆਂ ਚਾਰ ਜਣਿਆਂ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਕੌਂਸਲੇਟ ਨੇ ਦੱਸਿਆ ਕਿ ਇਹ ਤਰਾਸਦੀ ਪਰਵਾਰਕ ਝਗੜੇ ਦਾ ਨਤੀਜਾ ਹੈ ਅਤੇ ਦੁੱਖ ਵਿਚ ਡੁੱਬੇ ਰਿਸ਼ਤੇਦਾਰਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।

# ਅਮਰੀਕਾ ਦੇ ਹਵਾਈ ਅੱਡੇ 'ਤੇ ਪਈਆਂ ਭਾਜੜਾਂ

## ਸਿਰਫਿਰੇ ਨੇ ਤੇਜ਼ ਰਫ਼ਤਾਰ ਕਾਰ ਏਅਰਪੋਰਟ ਅੰਦਰ ਕੀਤੀ ਦਾਖ਼ਲ

ਡੈਟਰਾਇਟ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਡੈਟਰਾਇਟ ਹਵਾਈ ਅੱਡੇ 'ਤੇ ਭਾਜੜਾਂ ਪੈ ਗਈਆਂ ਜਦੋਂ ਇਕ ਤੇਜ਼ ਰਫ਼ਤਾਰ ਗੱਡੀ ਚੈਕ ਇਨ ਏਰੀਆ ਤੱਕ ਪੁੱਜ ਗਈ ਅਤੇ ਘੱਟੋ ਘੱਟ 6 ਜਣੇ ਜ਼ਖਮੀ ਹੋ ਗਏ। ਮਰਸਡੀਜ਼ ਕਾਰ ਦੇ ਡਰਾਈਵਰ ਨੇ ਡੈਲਟ ਏਅਰਲਾਈਨ ਦੇ ਚੈਕ-ਇਨ ਕਾਊਂਟਰਾਂ ਨੂੰ ਟੱਕਰ ਮਾਰੀ ਅਤੇ ਕਿਸੇ ਵੱਡੀ ਵਾਰਦਾਤ ਦੇ ਡਰੋਂ ਲੋਕ ਘਬਰਾਅ ਕੇ ਇਧਰ ਉਧਰ ਦੌੜਨ ਲੱਗੇ। ਘਟਨਾ ਦੌਰਾਨ ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਮੇਨ ਐਂਟਰੈਂਸ ਗੇਟ ਟੁੱਟਣ ਨਾਲ ਵੱਡਾ ਧਮਾਕਾ ਹੋਇਆ ਅਤੇ ਕਾਰ ਧੁਰ ਅੰਦਰ ਤੱਕ ਆ ਗਈ। ਚੀਕਾਂ ਮਾਰਦਾ ਇਕ ਸ਼ਖਸ ਗੱਡੀ ਵਿਚੋਂ ਬਾਹਰ ਆਇਆ ਪਰ ਸਮਝ ਨਹੀਂ ਸੀ ਆ ਰਿਹਾ ਕਿ ਆਖਰ ਉਹ ਕੀ ਕਹਿਣ ਦਾ ਯਤਨ ਕਰ ਰਿਹਾ ਹੈ। ਪੁਲਿਸ ਅਤੇ ਟੀ.ਐਸ.ਏ. ਦੇ ਏਜੰਟਾਂ ਨੇ ਤੁਰਤ ਹਰਕਤ ਵਿਚ ਆਉਂਦਿਆਂ ਡਰਾਈਵਰ ਨੂੰ ਕਾਬੂ ਕਰ ਲਿਆ ਅਤੇ ਖਿੱਚ ਕੇ ਏਅਰਪੋਰਟ ਤੋਂ ਬਾਹਰ ਲੈ ਗਏ। ਮੌਕੇ 'ਤੇ ਮੌਜੂਦ ਇਕ ਮਹਿਲਾ ਮੁਸਾਫ਼ਰ ਨੇ ਦੱਸਿਆ ਕਿ ਇਕ ਪਾਸੇ ਫਲਾਈਟਸ ਕੈਂਸਲ ਹੋ ਰਹੀਆਂ ਸਨ ਤਾਂ ਦੂਜੇ ਪਾਸੇ




ਇਸ ਘਟਨਾ ਨੇ ਲੋਕਾਂ ਦਾ ਡਰ ਹੋਰ ਵਧਾ ਦਿਤਾ। ਪੈਰਾਮੈਡਿਕਸ ਵੱਲੋਂ ਛੇ ਜਣਿਆਂ ਦੀ ਮੌਕੇ 'ਤੇ ਹੀ ਮੱਲ੍ਹਮ ਪੱਟੀ ਕਰ ਦਿਤੀ ਗਈ। ਉਧਰ ਡੈਲਟਾ ਏਅਰ ਲਾਈਨਜ਼ ਨੇ ਦੱਸਿਆ ਕਿ ਉਨ੍ਹਾਂ ਦਾ ਕੋਈ ਮੁਲਾਜ਼ਮ ਜ਼ਖਮੀ ਨਹੀਂ ਹੋਇਆ। ਪੁਲਿਸ ਵੱਲੋਂ ਹੁਣ ਤੱਕ ਕਰੈਸ਼ ਦੇ ਮਕਸਦ ਬਾਰੇ ਕੋਈ ਜਾਣਕਾਰੀ ਨਹੀਂ ਦਿਤੀ ਗਈ। ਵੇਨ ਕਾਊਂਟੀ ਏਅਰਪੋਰਟ ਅਥਾਰਟੀ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਚੱਲ ਰਹੀ ਹੈ ਅਤੇ ਨਵੇਂ ਤੱਥ ਉਭਰਨ 'ਤੇ ਲੋਕਾਂ ਨਾਲ ਸਾਂਝੇ ਕਰ ਦਿਤੇ ਜਾਣਗੇ।

# ਕੈਨੇਡਾ 'ਚ 28 ਸਾਲਾ ਨੌਜਵਾਨ ਦੀ ਹੱਤਿਆ 'ਤੇ ਪੁਲੀਸ ਨੂੰ ਗੈਂਗਵਾਰ ਦਾ ਸ਼ੱਕ

## ਵੈਨਕੂਵਰ ਦੇ ਦਿਲਰਾਜ ਸਿੰਘ ਗਿੱਲ ਦੀ ਹੋਈ ਸੀ ਮੌਤ

ਬਰਨਬੀ, 25 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਦੇ ਬਰਨਬੀ ਵਿੱਚ 28 ਸਾਲਾ ਭਾਰਤੀ ਮੂਲ ਦੇ ਨੌਜਵਾਨ ਦੀ ਹੱਤਿਆ ਕੀਤੀ ਗਈ ਸੀ। ਪੁਲੀਸ ਨੂੰ ਸ਼ੱਕ ਹੈ ਕਿ ਇਹ ਮਾਮਲਾ ਗੈਂਗਵਾਰ ਨਾਲ ਜੁੜਿਆ ਹੋ ਸਕਦਾ ਹੈ। ਪੀੜਤ ਦੀ ਪਛਾਣ ਦਿਲਰਾਜ ਸਿੰਘ ਗਿੱਲ ਵਜੋਂ ਹੋਈ ਸੀ ਜੋ ਵੈਨਕੂਵਰ ਦਾ ਰਹਿਣ ਵਾਲਾ ਸੀ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ 22 ਜਨਵਰੀ ਨੂੰ ਸ਼ਾਮ ਵੇਲੇ ਕੈਨੇਡਾ ਵੇਅ ਦੇ 3700 ਬਲਾਕ ਦੇ ਨੇੜੇ ਗੋਲੀਬਾਰੀ ਬਾਰੇ ਜਾਣਕਾਰੀ ਮਿਲੀ। ਜਦੋਂ ਪੁਲੀਸ ਮੌਕੇ 'ਤੇ ਪਹੁੰਚੀ ਤਾਂ ਇਕ ਨੌਜਵਾਨ ਨੂੰ ਗੋਲੀਆਂ ਮਾਰੀਆਂ ਗਈਆਂ ਸਨ। ਉਸ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਸ ਦੇ ਬਾਵਜੂਦ ਇਹ ਨੌਜਵਾਨ ਬਚ ਨਹੀਂ ਸਕਿਆ।



ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਥੋੜ੍ਹੀ ਦੇਰ ਬਾਅਦ ਬਕਸਟਨ ਸਟਰੀਟ ਦੇ 5000 ਬਲਾਕ ਵਿੱਚ ਇੱਕ ਵਾਹਨ ਨੂੰ ਅੱਗ ਲੱਗੀ ਹੋਈ ਮਿਲੀ। ਜਾਂਚਕਰਤਾਵਾਂ ਨੇ ਕਾਰਵਾਈ ਆਰੰਭੀ ਕਿ ਕੀ ਇਸ ਘਟਨਾ ਦਾ ਗੋਲੀਬਾਰੀ ਨਾਲ ਕੋਈ ਸਬੰਧ ਹੋ ਸਕਦਾ ਹੈ। ਇਸ ਸਬੰਧੀ ਬਰਨਬੀ, ਬ੍ਰਿਟਿਸ਼ ਕੋਲੰਬੀਆ ਦੀ ਪੁਲੀਸ ਨੇ ਬਿਆਨ ਵੀ ਜਾਰੀ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੁਲੀਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਇਸ ਦੀ ਕਈ ਪੱਖਾਂ ਤੋਂ ਜਾਂਚ ਕੀਤੀ ਜਾ ਰਹੀ ਹੈ। ਪੁਲੀਸ ਦੇਖ ਰਹੀ ਹੈ ਕਿ ਕੀ ਇਸ ਗੋਲੀਬਾਰੀ ਦਾ ਬੀਸੀ ਗਰੋਹ ਨਾਲ ਕੋਈ ਸਬੰਧ ਹੈ ਕਿ ਨਹੀਂ। ਇਸ ਤੋਂ ਬਾਅਦ ਜਾਂਚਕਰਤਾਵਾਂ ਨੇ ਪੁਸ਼ਟੀ ਕੀਤੀ ਹੈ ਕਿ ਬਕਸਟਨ ਸਟਰੀਟ ਦੇ 5000 ਬਲਾਕ ਵਿੱਚ ਅੱਗ ਲੱਗੀ ਗੱਡੀ ਦਾ ਇਸ ਹੱਤਿਆ ਨਾਲ ਸਬੰਧ ਹੈ। ਪੁਲੀਸ ਇਸ ਵਾਹਨ ਤੇ ਇਸ ਦੇ ਚਾਲਕਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।

# ਅਮਰੀਕਾ ਬਰਫ਼ੀਲੇ ਤੂਫ਼ਾਨ ਦੀ ਮਾਰ ਹੇਠ, 8000 ਫ਼ਲਾਈਟਾਂ ਰੱਦ

## ਗਰੌਸਰੀ ਸਟੋਰਾਂ ਤੋਂ ਲੋਕਾਂ ਨੇ ਅੰਨ੍ਹੇਵਾਹ ਕੀਤੀ ਖਰੀਦਾਰੀ

ਨਿਊ ਯਾਰਕ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਬਰਫ਼ੀਲਾ ਤੂਫ਼ਾਨ ਦਸਤਕ ਦੇ ਚੁੱਕਾ ਹੈ ਅਤੇ 8 ਹਜ਼ਾਰ ਫਲਾਈਟਸ ਪਹਿਲਾਂ ਹੀ ਰੱਦ ਕੀਤੀਆਂ ਜਾ ਚੁੱਕੀਆਂ ਹਨ। ਦੂਜੇ ਪਾਸੇ ਲੋਕਾਂ ਨੇ ਗਰੌਸਰੀ ਸਟੋਰਾਂ ਵਿਚੋਂ ਅੰਨ੍ਹੇਵਾਹ ਖਰੀਦਾਰੀ ਕਰਦਿਆਂ ਸ਼ੈਲਵਜ਼ ਖਾਲੀ ਕਰ ਦਿਤੀਆਂ ਅਤੇ ਕਈ ਜ਼ਰੂਰੀ ਚੀਜ਼ਾਂ ਦੀ ਕਿੱਲਤ ਪੈਦਾ ਹੋ ਗਈ। 16 ਰਾਜਾਂ ਅਤੇ ਵਾਸ਼ਿੰਗਟਨ ਡੀ.ਸੀ. ਨੇ ਐਮਰਜੰਸੀ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਬਰਫ਼ੀਲੇ ਤੂਫ਼ਾਨ ਦਾ ਕਹਿਰ ਸੋਮਵਾਰ ਤੋਂ ਬਾਅਦ ਵੀ ਜਾਰੀ ਰਹਿ ਸਕਦਾ ਹੈ, ਖਾਸ ਤੌਰ 'ਤੇ ਟੈਕਸਸ ਦੇ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਉਹ ਬੁੱਧਵਾਰ ਤੱਕ ਘਰਾਂ ਵਿਚੋਂ ਬਾਹਰ ਨਹੀਂ ਨਿਕਲ ਸਕਣਗੇ। ਕਰੋੜਾਂ ਅਮਰੀਕਾ ਵਾਸੀਆਂ ਨੂੰ ਸੁਝਾਅ ਦਿਤਾ ਗਿਆ ਹੈ ਕਿ ਵੀਕਐਂਡ ਦੌਰਾਨ ਆਵਾਜਾਈ ਤੋਂ ਪਰਹੇਜ਼ ਕੀਤਾ ਜਾਵੇ ਕਿਉਂਕਿ ਹਰ ਪਾਸੇ ਭਾਰੀ ਬਰਫ਼ਬਾਰੀ ਦੌਰਾਨ ਇਸ ਨੂੰ ਹਾਈਵੇਜ਼ ਤੋਂ ਹਟਾਉਣਾ ਸੌਖਾ ਨਹੀਂ ਹੋਵੇਗਾ। ਫ਼ਲਾਈਟ ਅਵੇਅਰ ਦੇ ਅੰਕੜਿਆਂ ਮੁਤਾਬਕ 3,240 ਫਲਾਈਟਸ ਸ਼ਨਿੱਚਰਵਾਰ ਨੂੰ ਰੱਦ ਰਹਿਣਗੀਆਂ ਜਦਕਿ 4,679 ਫ਼ਲਾਈਟਸ ਐਤਵਾਰ ਦੀ ਸਮਾਂ ਸੂਚੀ ਵਿਚੋਂ ਰੱਦ ਕੀਤੀਆਂ ਗਈਆਂ। ਸਭ ਤੋਂ ਜ਼ਿਆਦਾ ਫਲਾਈਟਸ ਅਮੈਰਿਕਨ ਏਅਰਲਾਈਨਜ਼ ਨੇ ਰੱਦ



ਕੀਤੀਆਂ ਜਦਕਿ ਸਭ ਤੋਂ ਵੱਧ ਪ੍ਰਭਾਵਤ ਹਵਾਈ ਅੱਡਾ ਡੈਲਸ ਫੋਰਟ ਵਰਥ ਇੰਟਰਨੈਸ਼ਨਲ ਰਿਹਾ ਜਿਥੇ ਲੈਂਡ ਕਰਨ ਵਾਲੀਆਂ 69 ਫ਼ੀ ਸਦੀ ਅਤੇ ਰਵਾਨਾ ਹੋਣ ਵਾਲੀਆਂ 73 ਫ਼ੀ ਸਦੀ ਫਲਾਈਟਸ ਕਰ ਦਿਤੀਆਂ ਗਈਆਂ। ਨੈਸ਼ਨਲ ਵੈਦਰ ਸਰਵਿਸ ਮੁਤਾਬਕ ਮੁਢਲੇ ਤੌਰ 'ਤੇ ਸਟੌਰਮ ਫਰਨ ਦਾ ਅਸਰ ਨਿਊ ਮੈਕਸੀਕੋ ਤੋਂ ਵਰਜੀਨੀਆ ਤੱਕ ਨਜ਼ਰ ਆ ਸਕਦਾ ਹੈ ਅਤੇ ਇਸ ਮਗਰੋਂ ਨੌਰਥ ਈਸਟ ਵੱਲ ਵਧ ਜਾਵੇਗਾ। ਉਧਰ, ਨੈਚੁਰਲ ਗੈਸ ਦੇ ਭਾਅ 70 ਫ਼ੀ ਸਦੀ ਵਧ ਚੁੱਕੇ ਹਨ ਅਤੇ ਮੌਸਮ ਵਿਭਾਗ ਨੇ ਸੁਚੇਤ ਕੀਤਾ ਹੈ ਕਿ ਆਉਂਦੇ ਦੋ ਹਫ਼ਤੇ ਦੌਰਾਨ ਸਰਦ ਮੌਸਮ 40 ਸਾਲ ਦਾ ਰਿਕਾਰਡ ਤੋੜ ਦੇਵੇਗਾ। ਅਮਰੀਕਾ ਦੇ 60 ਮਿਲੀਅਨ ਘਰਾਂ ਵਿਚ ਹੀਟਿੰਗ ਲਈ ਨੈਚੁਰਲ ਗੈਸ ਦੀ ਵਰਤੋਂ ਹੁੰਦੀ ਹੈ ਜਦਕਿ 57 ਮਿਲੀਅਨ ਘਰਾਂ ਵਿਚ ਬਿਜਲੀ ਦੀ ਵਰਤੋਂ ਕੀਤੀ ਜਾਂਦੀ ਹੈ। ਕੁਝ ਮੀਡੀਆ ਰਿਪੋਰਟਾਂ ਵਿਚ ਫ਼ਰਵਰੀ 2021 ਵਾਲਾ ਟੈਕਸਸ ਡਿਜ਼ਾਸਟਰ ਮੁੜ ਦੁਹਰਾਏ ਜਾਣ ਦਾ ਖਦਸ਼ਾ ਜ਼ਾਹਰ ਕੀਤਾ ਜਾ ਰਿਹਾ ਹੈ ਜਦੋਂ ਬਰਫ਼ੀਲੇ ਤੂਫਾਨ ਕਰ ਕੇ ਪਾਵਰ ਗ੍ਰਿਡ ਫੇਲ ਹੋ ਗਿਆ ਅਤੇ ਲੋਕਾਂ ਨੂੰ ਆਪਣੇ ਘਰ ਗਰਮ ਰੱਖਣ ਲਈ ਪੰਜ ਹਜ਼ਾਰ ਡਾਲਰ ਤੱਕ ਖਰਚ ਕਰਨੇ ਪਏ। ਇਸੇ ਦੌਰਾਨ ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ ਫ਼ੈਡਰਲ ਐਮਰਜੰਸੀ ਮੈਨੇਜਮੈਂਟ ਏਜੰਸੀ ਨੂੰ ਹਦਾਇਤ ਦਿਤੀ ਗਈ ਹੈ ਕਿ ਵਾਚ ਆਊਟ ਫ਼ੌਰ ਆਈਸ ਵਰਗੇ ਵਾਕਾਂ ਦੀ ਵਰਤੋਂ ਨਾ ਕੀਤੀ ਜਾਵੇ। ਡੀ.ਐਚ.ਐਸ. ਦਾ ਮੰਨਣਾ ਹੈ ਕਿ ਅਜਿਹੇ ਵਾਕਾਂ ਦੀ ਵਰਤੋਂ ਲੋਕਾਂ ਨੂੰ ਇੰਮੀਗ੍ਰੇਸ਼ਨ ਵਾਲੀ ਆਈਸ ਦਾ ਭੁਲੇਖਾ ਪਾ ਸਕਦੀ ਹੈ।

# ਇਮੀਗਰੇਸ਼ਨ ਕਾਰਵਾਈ: ਅਮਰੀਕੀ ਸੰਘੀ ਏਜੰਟਾਂ ਵੱਲੋਂ ਇੱਕ ਹੋਰ ਵਿਅਕਤੀ ਦੀ ਹੱਤਿਆ




ਮਿਨੀਪੋਲਿਸ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਸੰਯੁਕਤ ਰਾਜ ਦੇ ਸੰਘੀ ਏਜੰਟਾਂ ਨੇ ਮਿਨੀਆਪੋਲਿਸ ਵਿੱਚ ਚੱਲ ਰਹੀ ਇਮੀਗ੍ਰੇਸ਼ਨ ਲਾਗੂ ਕਰਨ ਦੀ ਮੁਹਿੰਮ ਦੌਰਾਨ ਇੱਕ ਹੋਰ ਵਿਅਕਤੀ ਨੂੰ ਗੋਲੀ ਮਾਰ ਦਿੱਤੀ ਜਿਸ ਨਾਲ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਹੋਏ। ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਤੋਂ ਸ਼ਹਿਰ ਤੋਂ ਭਾਰੀ ਹਥਿਆਰਬੰਦ ਸੰਘੀ ਬਲਾਂ ਨੂੰ ਵਾਪਸ ਬੁਲਾਉਣ ਦੀ ਮੰਗ ਕੀਤੀ ਹੈ। ਮਿਨੀਆਪੋਲਿਸ ਪੁਲੀਸ ਮੁਖੀ ਬ੍ਰਾਇਨ ਓਹਾਰਾ ਨੇ ਪੁਸ਼ਟੀ ਕੀਤੀ ਕਿ ਇੱਕ 37 ਸਾਲਾ ਅਮਰੀਕੀ ਵਿਅਕਤੀ ਨੂੰ ਕਈ ਗੋਲੀਆਂ ਲੱਗੀਆਂ ਤੇ ਹਸਪਤਾਲ ਲਿਜਾਣ ਤੋਂ ਬਾਅਦ ਉਸ ਦੀ ਮੌਤ ਹੋ ਗਈ। ਇਹ ਗੋਲੀਬਾਰੀ ਮਿਨੀਆਪੋਲਿਸ ਵਿੱਚ ਅਮਰੀਕੀ ਇਮੀਗ੍ਰੇਸ਼ਨ ਐਨਫੋਰਸਮੈਂਟ ਅਤੇ ਹੋਰ ਸੰਘੀ ਏਜੰਟਾਂ ਦੀ ਛਾਪੇਮਾਰੀ ਦੌਰਾਨ ਹੋਈ। ਇਹ ਇੱਥੇ ਗੈਰਕਾਨੂੰਨੀ ਢੰਗ ਨਾਲ ਰਹਿ ਰਹੇ ਲੋਕਾਂ 'ਤੇ ਸ਼ਿਕੰਜਾ ਕੱਸ ਰਹੇ ਹਨ।

# ਯੂਨਾਈਟਿਡ ਕਿੰਗਡਮ ਦੇ ਬਹਾਦਰ ਫੌਜੀ ਹਮੇਸ਼ਾ ਅਮਰੀਕਾ ਨਾਲ ਰਹਿਣਗੇ: ਟਰੰਪ

ਵਾਸ਼ਿੰਗਟਨ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀਆਂ ਟਿੱਪਣੀਆਂ ਦੇ ਉਲਟ ਹੁਣ ਯੂ-ਟਰਨ ਲੈਂਦਿਆਂ ਅਫਗਾਨਿਸਤਾਨ ਵਿੱਚ ਲੜਨ ਵਾਲੇ ਬ੍ਰਿਟਿਸ਼ ਦੇ ਫੌਜੀਆਂ ਦੀ ਸ਼ਲਾਘਾ ਕੀਤੀ ਹੈ। ਇਸ ਸਬੰਧੀ ਉਨ੍ਹਾਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਪਾ ਕੇ ਕਿਹਾ ਕਿ ਯੂਨਾਈਟਿਡ ਕਿੰਗਡਮ ਦੇ ਮਹਾਨ ਅਤੇ ਬਹੁਤ ਬਹਾਦਰ ਫੌਜੀ ਹਮੇਸ਼ਾ ਸੰਯੁਕਤ ਰਾਜ ਅਮਰੀਕਾ ਨਾਲ ਰਹਿਣਗੇ। ਉਨ੍ਹਾਂ ਅਫਗਾਨਿਸਤਾਨ ਵਿੱਚ ਮਾਰੇ ਗਏ ਬ੍ਰਿਟਿਸ਼ ਸੈਨਿਕਾਂ ਅਤੇ ਜੰਗ ਵਿਚ ਜ਼ਖਮੀ ਹੋਏ ਫੌਜੀਆਂ ਨੂੰ ਮਹਾਨ ਯੋਧੇ ਦੱਸਿਆ।



ਇਸ ਤੋਂ ਪਹਿਲਾਂ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਆਪਣੀਆਂ ਅਜਿਹੀਆਂ ਟਿੱਪਣੀਆਂ ਲਈ ਮੁਆਫੀ ਮੰਗਣ। ਸ੍ਰੀ ਟਰੰਪ ਨੇ ਕਿਹਾ ਸੀ ਕਿ ਅਫਗਾਨਿਸਤਾਨ ਖ਼ਿਲਾਫ ਜੰਗ ਦੌਰਾਨ ਬਰਤਾਨੀਆ ਸਣੇ ਨਾਟੋ ਦੇਸ਼ਾਂ ਦੇ ਫੌਜੀ ਜੰਗ ਦੌਰਾਨ ਫਰੰਟ ਲਾਈਨ ਤੋਂ ਦੂਰ ਰਹੇ ਜਦਕਿ ਅਮਰੀਕੀ ਫੌਜੀ ਸਭ ਤੋਂ ਅੱਗੇ ਰਹੇ ਸਨ। ਸ੍ਰੀ ਸਟਾਰਮਰ ਨੇ ਕਿਹਾ, 'ਮੈਂ ਨਾਟੋ ਫੌਜੀਆਂ ਦੀ ਹਿੰਮਤ, ਉਨ੍ਹਾਂ ਦੀ ਬਹਾਦਰੀ ਅਤੇ ਉਨ੍ਹਾਂ ਦੀ ਦੇਸ਼ ਲਈ ਕੁਰਬਾਨੀ ਨੂੰ ਕਦੇ ਨਹੀਂ ਭੁੱਲਾਂਗਾ। ਮੈਂ ਰਾਸ਼ਟਰਪਤੀ ਟਰੰਪ ਦੀਆਂ ਟਿੱਪਣੀਆਂ ਨੂੰ ਅਪਮਾਨਜਨਕ ਅਤੇ ਸਪਸ਼ਟ ਤੌਰ 'ਤੇ ਗਲਤ ਮੰਨਦਾ ਹਾਂ। ਉਨ੍ਹਾਂ ਨੇ ਇਸ ਜੰਗ ਵਿਚ ਫੌਤ ਹੋਏ ਜਾਂ ਜ਼ਖਮੀ ਹੋਏ ਫੌਜੀਆਂ ਦੇ ਅਜ਼ੀਜ਼ਾਂ ਅਤੇ ਦੇਸ਼ ਵਾਸੀਆਂ ਨੂੰ ਦੁੱਖ ਪਹੁੰਚਾਇਆ ਹੈ।'

# Meta ਵੱਲੋਂ ਕਿਸ਼ੋਰਾਂ ਲਈ AI Character ਤੱਕ ਪਹੁੰਚ 'ਤੇ ਅਸਥਾਈ ਪਾਬੰਦੀ

ਸਾਂ ਫਰਾਂਸਿਸਕੋ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੀ ਬਹੁ-ਰਾਸ਼ਟਰੀ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਕੰਪਨੀ ਮੇਟਾ ਨੇ ਕਿਹਾ ਹੈ ਕਿ ਉਹ ਕਿਸ਼ੋਰਾਂ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ) 'ਕਰੈਕਟਰ' ਤੱਕ ਪਹੁੰਚ ਨੂੰ ਅਸਥਾਈ ਤੌਰ 'ਤੇ ਰੋਕ ਰਹੀ ਹੈ। ਕੰਪਨੀ ਨੇ ਸ਼ੁੱਕਰਵਾਰ ਨੂੰ ਇੱਕ ਬਲੌਗ ਪੋਸਟ ਵਿੱਚ ਇਹ ਜਾਣਕਾਰੀ ਦਿੱਤੀ। ਇੰਸਟਾਗ੍ਰਾਮ ਅਤੇ ਵਟਸਐਪ ਦੀ ਮਾਲਕੀ ਵਾਲੀ ਕੰਪਨੀ ਮੇਟਾ ਪਲੇਟਫਾਰਮਸ ਇੰਕ. ਨੇ ਕਿਹਾ ਕਿ 'ਆਉਣ ਵਾਲੇ ਕੁਝ ਹਫ਼ਤਿਆਂ' ਵਿੱਚ ਕਿਸ਼ੋਰਾਂ ਨੂੰ ਏਆਈ ਕਰੈਕਟਰ (ਏਆਈ-ਅਧਾਰਿਤ ਡਿਜੀਟਲ ਕਰੈਕਟਰ) ਤੱਕ ਪਹੁੰਚ ਨਹੀਂ ਦਿੱਤੀ ਜਾਵੇਗੀ ਅਤੇ 'ਜਦੋਂ ਤੱਕ ਇੱਕ ਨਵਾਂ ਅਤੇ ਸੁਧਰਿਆ ਹੋਇਆ ਸੰਸਕਰਣ ਤਿਆਰ ਨਹੀਂ ਹੁੰਦਾ' ਇਹ ਪਾਬੰਦੀ ਉਦੋਂ ਤੱਕ ਲਾਗੂ ਰਹੇਗੀ।

ਕੰਪਨੀ ਨੇ ਕਿਹਾ ਕਿ ਇਹ ਫੈਸਲਾ ਉਨ੍ਹਾਂ ਸਾਰੇ ਖਪਤਕਾਰਾਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਨੇ ਮੈਟਾ 'ਤੇ ਜਨਮ ਤਰੀਕ ਦਰਜ ਕੀਤੀ ਹੈ ਜਿਸ ਕਾਰਨ ਉਹ ਨਾਬਾਲਗ ਦਿਖਾਈ ਦਿੰਦੇ ਹਨ। ਇਹ ਪਾਬੰਦੀ ਉਨ੍ਹਾਂ 'ਤੇ ਵੀ ਲਾਗੂ ਹੁੰਦੀ ਹੈ 'ਜੋ ਬਾਲਗ ਹੋਣ ਦਾ ਦਾਅਵਾ ਕਰਦੇ ਹਨ ਪਰ ਸਾਡੀ ਉਮਰ-ਅਨੁਮਾਨ ਤਕਨਾਲੋਜੀ ਦੇ ਅਧਾਰ 'ਤੇ ਸਾਨੂੰ ਨਾਬਾਲਗ ਜਾਪਦੇ ਹਨ।' ਇਹ ਪਾਬੰਦੀ ਅਜਿਹੇ ਸਮੇਂ ਲਗਾਈ ਗਈ ਹੈ ਜਦੋਂ ਮੈਟਾ, ਟਿੱਕਟੋਕ ਅਤੇ ਗੂਗਲ ਦੇ ਯੂਟਿਊਬ ਨੂੰ ਅਗਲੇ ਹਫਤੇ ਲਾਸ ਏਂਜਲਸ ਵਿੱਚ ਆਪਣੇ ਐਪਸ ਦੇ ਬੱਚਿਆਂ 'ਤੇ ਕਥਿਤ ਨੁਕਸਾਨਦੇਹ ਪ੍ਰਭਾਵਾਂ ਦੇ ਮਾਮਲੇ ਵਿੱਚ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹਾਲਾਂਕਿ ਕਿਸ਼ੋਰ ਅਜੇ ਵੀ ਮੈਟਾ ਦੇ ਏਆਈ ਸਹਾਇਕ ਦੀ ਵਰਤੋਂ ਕਰਨ ਦੇ ਯੋਗ ਹੋਣਗੇ, ਪਰ ਉਹ ਏਆਈ ਕਰੈਕਟਰ ਤੱਕ ਪਹੁੰਚ ਨਹੀਂ ਕਰ ਸਕਣਗੇ।

# ਵਿਆਹ ਸਮਾਗਮ ਦੌਰਾਨ ਆਤਮਘਾਤੀ ਹਮਲਾ; 5 ਮੌਤਾਂ, 10 ਜ਼ਖ਼ਮੀ

ਪੇਸ਼ਾਵਰ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਪਾਕਿਸਤਾਨ ਦੇ ਉੱਤਰ ਪੱਛਮੀ ਖੈਬਰ ਪਖਤੂਨਖਵਾ ਸੂਬੇ ਵਿਚ ਸ਼ੁੱਕਰਵਾਰ ਰਾਤੀਂ ਵਿਆਹ ਸਮਾਗਮ ਦੌਰਾਨ ਖ਼ੁਦਕੁਸ਼ ਬੰਬਾਰ (ਫਿਦਾਈਨ) ਵੱਲੋਂ ਕੀਤੇ ਧਮਾਕੇ ਵਿਚ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਤੇ ਦਸ ਹੋਰ ਜ਼ਖ਼ਮੀ ਹੋ ਗਏ। ਧਮਾਕਾ ਸ਼ਾਂਤੀ ਕਮੇਟੀ ਮੈਂਬਰ ਦੀ ਰਿਹਾਇਸ਼ 'ਤੇ ਹੋਇਆ।

ਡੇਰਾ ਇਸਮਾਈਲ ਖਾਨ ਜ਼ਿਲ੍ਹੇ ਦੇ ਜ਼ਿਲ੍ਹਾ ਪੁਲੀਸ ਅਧਿਕਾਰੀ ਸੱਜਾਦ ਅਹਿਮਦ ਸਾਹਿਬਜ਼ਾਦਾ ਨੇ ਪੁਸ਼ਟੀ ਕੀਤੀ ਕਿ ਇਹ ਇੱਕ ਆਤਮਘਾਤੀ ਬੰਬ ਧਮਾਕਾ ਸੀ ਜੋ ਕੁਰੈਸ਼ੀ ਮੋੜ ਨੇੜੇ ਸ਼ਾਂਤੀ ਕਮੇਟੀ ਦੇ ਮੁਖੀ ਨੂਰ ਆਲਮ ਮਹਿਸੂਦ ਦੇ ਘਰ 'ਤੇ ਇੱਕ ਵਿਆਹ ਸਮਾਰੋਹ ਦੌਰਾਨ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਜਦੋਂ ਹਮਲਾ ਹੋਇਆ ਤਾਂ ਮਹਿਮਾਨ ਨੱਚ ਟੱਪ ਰਹੇ ਸਨ। ਧਮਾਕੇ ਕਾਰਨ ਕਮਰੇ ਦੀ ਛੱਤ ਡਿੱਗ ਗਈ, ਜਿਸ ਨਾਲ ਬਚਾਅ ਕਾਰਜਾਂ ਵਿੱਚ ਰੁਕਾਵਟ ਆਈ ਅਤੇ ਮਲਬੇ ਹੇਠ ਫਸੇ ਲੋਕਾਂ ਤੱਕ



ਪਹੁੰਚਣਾ ਮੁਸ਼ਕਲ ਹੋ ਗਿਆ। ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲ ਵਿੱਚ ਐਮਰਜੈਂਸੀ ਐਲਾਨ ਦਿੱਤੀ ਗਈ ਹੈ। ਖੈਬਰ ਪਖਤੂਨਖਵਾ ਬਚਾਅ 1122 ਦੇ ਬੁਲਾਰੇ ਬਿਲਾਲ ਅਹਿਮਦ ਫੈਜ਼ੀ ਨੇ ਇਕ ਬਿਆਨ ਵਿਚ ਕਿਹਾ ਕਿ ਪੰਜ ਲਾਸ਼ਾਂ ਅਤੇ 10 ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਘਟਨਾ ਦੀ ਸੂਚਨਾ ਮਿਲਦੇ ਹੀ ਸੱਤ ਐਂਬੂਲੈਂਸਾਂ, ਇੱਕ ਫਾਇਰ ਬ੍ਰਿਗੇਡ ਵਾਹਨ ਅਤੇ ਇੱਕ ਐਮਰਜੈਂਸੀ ਵਾਹਨ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ ਤੇ ਬਚਾਅ ਕਾਰਜ ਜਾਰੀ ਹਨ।

ਅਧਿਕਾਰੀਆਂ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸ਼ੁਰੂਆਤੀ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਸ਼ਾਂਤੀ ਕਮੇਟੀ ਦਾ ਆਗੂ ਵਹੀਦੁੱਲਾ ਮਹਿਸੂਦ ਉਰਫ਼ ਜਿਗਰੀ ਮਹਿਸੂਦ ਮ੍ਰਿਤਕਾਂ ਵਿੱਚ ਸ਼ਾਮਲ ਹੈ। ਖੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਸੋਹੇਲ ਅਫਰੀਦੀ ਨੇ ਧਮਾਕੇ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਸੂਬੇ ਦੇ ਇੰਸਪੈਕਟਰ ਜਨਰਲ ਆਫ਼ ਪੁਲੀਸ ਤੋਂ ਰਿਪੋਰਟ ਮੰਗੀ ਹੈ। ਉਨ੍ਹਾਂ ਕਿਹਾ ਕਿ ਜ਼ਿੰਮੇਵਾਰ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ। ਯਾਦ ਰਹੇ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਖੈਬਰ ਪਖਤੂਨਖਵਾ ਦੇ ਬੰਨੂ ਜ਼ਿਲ੍ਹੇ ਵਿੱਚ ਇੱਕ ਸ਼ਾਂਤੀ ਕਮੇਟੀ ਦੇ ਚਾਰ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਸੀ।



# ਟਰੰਪ ਦਾ ਯੂਟਰਨ: ਯੂਰਪੀ ਮੁਲਕਾਂ ਨੂੰ ਦਿੱਤੀ ਟੈਰਿਫ਼ ਦੀ ਧਮਕੀ ਵਾਪਸ ਲਈ

## ਗ੍ਰੀਨਲੈਂਡ ਬਾਰੇ 'ਭਵਿੱਖੀ ਸੌਦੇ' ਦੇ ਚੌਖਟੇ ਨੂੰ ਸਹਿਮਤੀ ਦਿੱਤੀ

ਦਾਵੋਸ, 22 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕੀ




ਰਾਸ਼ਟਰਪਤੀ ਡੋਨਲਡ ਟਰੰਪ ਨੇ ਵੀਰਵਾਰ (ਸਥਾਨਕ ਸਮੇਂ) ਨੂੰ ਕਿਹਾ ਕਿ ਉਹ ਗ੍ਰੀਨਲੈਂਡ ਨੂੰ ਲੈ ਕੇ ਕੁਝ ਯੂਰਪੀਅਨ ਮੁਲਕਾਂ ਉੱਤੇ ਟੈਰਿਫ ਲਗਾਉਣ ਦੀਆਂ ਆਪਣੀਆਂ ਯੋਜਨਾਵਾਂ ਉੱਤੇ ਅੱਗੇ ਨਹੀਂ ਵਧਣਗੇ। ਟਰੰਪ ਨੇ 1 ਫਰਵਰੀ ਤੋਂ ਟੈਰਿਫ ਲਾਗੂ ਕਰਨ ਦੀ ਆਪਣੀ ਪਿਛਲੀ ਧਮਕੀ ਨੂੰ ਵਾਪਸ ਲੈ ਲਿਆ ਹੈ। ਇਹ ਫੈਸਲਾ ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨਾਲ 'ਲਾਭਕਾਰੀ' ਮੀਟਿੰਗ ਤੋਂ ਬਾਅਦ ਆਇਆ ਹੈ, ਜਿਸ ਦੌਰਾਨ ਅਮਰੀਕੀ ਰਾਸ਼ਟਰਪਤੀ ਨੇ ਗ੍ਰੀਨਲੈਂਡ ਅਤੇ ਵਿਸ਼ਾਲ ਆਰਕਟਿਕ ਖੇਤਰ ਸਬੰਧੀ ਭਵਿੱਖੀ ਸੌਦੇ ਲਈ ਇੱਕ ਢਾਂਚੇ ਦੀ ਨੀਂਹ ਵੀ ਰੱਖੀ। ਟਰੂਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਟਰੰਪ ਨੇ ਇਸ ਪੇਸ਼ਕਦਮੀ ਨੂੰ ਅਮਰੀਕਾ ਤੇ ਨਾਟੋ ਸਹਿਯੋਗੀਆਂ ਦੋਵਾਂ ਲਈ ਲਾਭਦਾਇਕ ਦੱਸਿਆ। ਟਰੰਪ ਨੇ ਲਿਖਿਆ, ''ਨਾਟੋ ਦੇ ਸਕੱਤਰ ਜਨਰਲ ਮਾਰਕ ਰੁਟੇ ਨਾਲ ਮੇਰੀ ਇੱਕ ਬਹੁਤ ਹੀ ਲਾਭਕਾਰੀ ਮੀਟਿੰਗ ਦੇ ਆਧਾਰ 'ਤੇ, ਅਸੀਂ ਗ੍ਰੀਨਲੈਂਡ ਤੇ ਪੂਰੇ ਆਰਕਟਿਕ ਖੇਤਰ ਦੇ ਸਬੰਧ ਵਿੱਚ ਇੱਕ ਭਵਿੱਖੀ ਸੌਦੇ ਦਾ ਢਾਂਚਾ ਬਣਾਇਆ ਹੈ। ਇਹ ਹੱਲ ਜੇਕਰ ਸਿਰੇ ਚੜ੍ਹ ਜਾਂਦਾ ਹੈ ਤਾਂ ਅਮਰੀਕਾ ਅਤੇ ਸਾਰੇ ਨਾਟੋ ਦੇਸ਼ਾਂ ਲਈ ਲਾਭਕਾਰੀ ਹੋਵੇਗਾ। ਦੋਵਾਂ ਧਿਰਾਂ 'ਚ ਬਣੀ ਇਸ ਸਮਝ ਦੇ ਆਧਾਰ 'ਤੇ ਮੈਂ 1 ਫਰਵਰੀ ਤੋਂ ਲਾਗੂ ਹੋਣ ਵਾਲੇ ਟੈਰਿਫ ਨਹੀਂ ਲਗਾਵਾਂਗਾ।''

# ਅਮਰੀਕਾ 'ਚ ਇੰਮੀਗ੍ਰੇਸ਼ਨ ਅਫ਼ਸਰਾਂ ਨੂੰ ਮਿਲਿਆ ਨਵਾਂ ਹਥਿਆਰ

ਪੋਰਟਲੈਂਡ, 22 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਵਿਚ ਆਈਸ ਏਜੰਟਾਂ ਨੂੰ ਬਗੈਰ ਵਾਰੰਟਾਂ ਤੋਂ ਘਰਾਂ ਵਿਚ ਦਾਖਲ ਹੋਣ ਦੀ ਇਜਾਜ਼ਤ ਮਿਲ ਗਈ ਹੈ ਅਤੇ ਪਹਿਲਾ ਹੱਲਾ ਮੇਨ ਸੂਬੇ ਦੇ ਪੋਰਟਲੈਂਡ ਤੇ ਲੂਈਸਟਨ ਸ਼ਹਿਰਾਂ ਵਿਚ ਸਾਹਮਣੇ ਆਇਆ ਜਿਥੇ ਸੈਂਕੜੇ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਰਿਪੋਰਟ ਹੈ। 'ਆਪ੍ਰੇਸ਼ਨ ਕੈਚ ਆਫ਼ ਦਾ ਡੇਅ' ਅਧੀਨ ਪਹਿਲੇ ਦਿਨ ਇੰਮੀਗ੍ਰੇਸ਼ਨ ਐਂਡ ਕਸਟਮਜ਼ ਐਫ਼ੋਰਸਮੈਂਟ ਵਾਲੇ ਪ੍ਰਵਾਸੀਆ ਨੂੰ ਬੋਰੀਆਂ ਵਾਂਗ ਗੱਡੀਆਂ ਵਿਚ ਲੱਦ ਕੇ ਲਿਜਾਂਦੇ ਦੇਖੇ ਗਏ। ਪੋਰਟਲੈਂਡ ਅਤੇ ਲੂਈਸਟਨ ਸ਼ਹਿਰ ਦੇ ਪੁਲਿਸ ਅਫ਼ਸਰਾਂ ਵੱਲੋਂ ਲੋਕਾਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਆਈਸ ਦੀ ਕਾਰਵਾਈ ਅਗਲੇ ਕਈ ਦਿਨ ਤੱਕ ਜਾਰੀ ਰਹਿ ਸਕਦੀ ਹੈ। ਦੂਜੇ ਪਾਸੇ ਸੂਬੇ ਵਿਚ ਯੂ.ਐਸ. ਅਟਾਰਨੀ ਦਫ਼ਤਰ ਨੇ ਲੋਕਾਂ ਨੂੰ ਚਿਤਾਵਨੀ ਦਿਤੀ ਹੈ ਕਿ ਜੇ ਕਿਸੇ ਨੇ ਇੰਮੀਗ੍ਰੇਸ਼ਨ ਛਾਪਿਆਂ ਵਿਰੁੱਧ ਰੋਸ ਵਿਖਾਵੇ ਕਰਨ ਦਾ ਯਤਨ ਕੀਤਾ ਤਾਂ ਨਤੀਜੇ ਖ਼ਤਰਨਾਕ ਹੋਣਗੇ। ਇੰਮੀਗ੍ਰੇਸ਼ਨ ਛਾਪਿਆਂ ਵਿਰੁੱਧ ਪਹਿਲਾਂ ਹੀ ਮਿਨੇਸੋਟਾ ਸੂਬੇ ਵਿਚ ਵੱਡੇ ਪੱਧਰ 'ਤੇ ਰੋਸ ਵਿਖਾਵੇ ਚੱਲ ਰਹੇ ਹਨ ਅਤੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਆਈਸ ਏਜੰਟਾਂ ਦਾ ਹੌਸਲਾ ਵਧਾਉਣ ਅੱਜ ਮਿਨੀਆਪੌਲਿਸ ਦੌਰੇ 'ਤੇ ਜਾ ਰਹੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਬਾਇਡਨ ਸਰਕਾਰ ਵੇਲੇ ਮੇਨ ਸੂਬੇ ਵਿਚ ਹਜ਼ਾਰਾਂ ਰਫ਼ਿਊਜੀ ਪੁੱਜੇ ਅਤੇ ਹੁਣ ਆਈਸ ਵੱਲੋਂ ਉਨ੍ਹਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਧਰ ਪੋਰਟਲੈਂਡ ਤੋਂ ਕੌਂਸਲਰ ਪੀਅਸ ਅਲੀ ਨੇ ਦੋਸ਼ ਲਾਇਆ ਕਿ ਇੰਮੀਗ੍ਰੇਸ਼ਨ ਅਫ਼ਸਰਾਂ ਵੱਲੋਂ ਪ੍ਰਵਾਸੀਆਂ ਨਾਲ ਜਾਨਵਰਾਂ ਵਰਗਾ ਸਲੂਕ ਕੀਤਾ ਜਾ ਰਿਹਾ ਹੈ।

# ਕੈਨੇਡਾ : 430 ਪੰਜਾਬੀਆ ਵਿਰੁੱਧ ਡਟਿਆ ਇੰਮੀਗ੍ਰੇਸ਼ਨ ਮਹਿਕਮਾ

## ਅਦਾਲਤ ਨੂੰ ਅਰਜ਼ੀਆਂ ਉਤੇ ਗੌਰ ਨਾ ਕਰਨ ਦੀ ਅਪੀਲ

ਟੋਰਾਂਟੋ, 22 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਸਰਕਾਰ ਨੇ ਪੰਜਾਬੀ ਨੌਜਵਾਨਾਂ ਵੱਲੋਂ ਦਾਇਰ ਸੈਂਕੜੇ ਇੰਮੀਗ੍ਰੇਸ਼ਨ ਅਰਜ਼ੀਆਂ ਨੂੰ ਅਣਅਧਿਕਾਰਤ ਏਜੰਟਾਂ ਦੀ ਕਰਤੂਤ ਕਰਾਰ ਦਿੰਦਿਆਂ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਰੱਦ ਕਰ ਦਿਤਾ ਜਾਵੇ। ਜੀ ਹਾਂ, ਇੰਮੀਗ੍ਰੇਸ਼ਨ ਮੰਤਰੀ ਨੇ ਅਦਾਲਤ ਵਿਚ ਪੇਸ਼ ਦਸਤਾਵੇਜ਼ ਰਾਹੀਂ ਦਲੀਲ ਦਿਤੀ ਹੈ ਕਿ 430 ਬਿਨੈਕਾਰਾਂ ਵੱਲੋਂ ਦੇਰੀ ਦੇ ਮਾਮਲੇ ਵਿਚ ਮੰਗੀ ਗਈ ਰਾਹਤ ਨਹੀਂ ਮਿਲਣੀ ਚਾਹੀਦੀ ਕਿਉਂਕਿ ਇਨ੍ਹਾਂ ਦੀਆਂ ਅਰਜ਼ੀਆਂ ਵਿਚ ਵੱਡੇ ਪੱਧਰ 'ਤੇ ਬੇਨਿਯਮੀਆਂ ਨਜ਼ਰ ਆਈਆਂ। ਫੈਡਰਲ ਸਰਕਾਰ ਦੇ ਦਸਤਾਵੇਜ਼ ਮੁਤਾਬਕ 430 ਅਰਜ਼ੀਆਂ ਵਿਚ ਇਕੋ ਜਿਹੇ ਫ਼ਾਰਮੈਟ ਅਤੇ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਅਤੇ ਸੰਭਾਵਤ ਤੌਰ 'ਤੇ ਇਹ ਸਭ ਗੈਰਕਾਨੂੰਨੀ ਏਜੰਟਾਂ ਵੱਲੋਂ ਕੀਤਾ ਗਿਆ।




ਇੰਮੀਗ੍ਰੇਸ਼ਨ ਮੰਤਰਾਲੇ ਦਾ ਇਹ ਸਟੈਂਡ ਬਿਨੈਕਾਰਾਂ ਵਾਸਤੇ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ ਪਰ ਫ਼ਿਲਹਾਲ ਅਦਾਲਤ ਵੱਲੋਂ ਕੋਈ ਹੁਕਮ ਜਾਰੀ ਨਹੀਂ ਕੀਤਾ ਗਿਆ। ਇਹ ਮਾਮਲਾ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪ੍ਰੀਤ ਕਮਲ ਦੇਵਗਨ ਮਾਮਲੇ ਵਿਚ ਕੈਨੇਡੀਅਨ ਅਦਾਲਤ ਨੇ ਇੰਮੀਗ੍ਰੇਸ਼ਨ ਮਹਿਕਮੇ ਦੇ ਵਿਰੁੱਧ ਫੈਸਲਾ ਸੁਣਾਇਆ। ਪ੍ਰੀਤ ਕਮਲ ਵੱਲੋਂ ਪੇਰੈਂਟਸ ਐਂਡ ਗਰੈਂਡ ਪੇਰੈਂਟਸ ਪ੍ਰੋਗਰਾਮ ਅਧੀਨ ਆਪਣੇ ਮਾਪਿਆਂ ਨੂੰ ਪਰਮਾਨੈਂਟ ਰੈਜ਼ੀਡੈਂਸੀ ਵਾਸਤੇ ਸਪੌਂਸਰ ਕੀਤਾ ਗਿਆ ਪਰ ਅਰਜ਼ੀ ਅਧੂਰੀ ਹੋਣ ਕਰ ਕੇ ਇਸ ਨੂੰ ਸਿੱਧੇ ਤੌਰ 'ਤੇ ਵਾਪਸ ਕਰ ਦਿਤਾ ਗਿਆ। ਪ੍ਰੀਤ ਕਮਲ ਵੱਲੋਂ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕਰਵਾਉਣ ਮਗਰੋਂ ਵੀ ਇੰਮੀਗ੍ਰੇਸ਼ਨ ਵਾਲਿਆਂ ਨੇ ਅਰਜ਼ੀ ਉਤੇ ਵਿਚਾਰ ਕਰਨ ਤੋਂ ਨਾਂਹ ਕਰ ਦਿਤੀ ਜਿਸ ਮਗਰੋਂ ਮਾਮਲਾ ਅਦਾਲਤ ਵਿਚ ਪੁੱਜਾ ਅਤੇ ਜੱਜ ਨੇ ਇਤਿਹਾਸਕ ਫੈਸਲਾ ਸੁਣਾਉਂਦਿਆਂ ਕਿਹਾ ਕਿ ਸਿਰਫ਼ ਅਧੂਰੀ ਕਹਿ ਕੇ ਕਿਸੇ ਅਰਜ਼ੀ ਨੂੰ ਵਾਪਸ ਕਰ ਦੇਣਾ, ਬਿਨੈਕਾਰ ਉਤੇ ਤਬਾਹਕੁੰਨ ਅਸਰ ਪਾਉਂਦਾ ਹੈ। ਜਸਟਿਸ ਬੈਟਿਸਟਾ ਨੇ ਫੈਸਲੇ ਵਿਚ ਕਿਹਾ ਕਿ ਇਸ ਗੱਲ ਦੀ ਕੋਈ ਗਾਰੰਟੀ ਨਹੀਂ ਕਿ ਕੋਈ ਬਿਨੈਕਾਰ ਹਰ ਪੱਖੋਂ ਸੰਪੂਰਨ ਅਰਜ਼ੀ ਹੀ ਦਾਖਲ ਕਰੇ। ਜੇ ਕੋਈ ਚੀਜ਼ ਰਹਿ ਗਈ ਤਾਂ ਉਸ ਨੂੰ ਪੂਰਾ ਕੀਤਾ ਜਾ ਸਕਦਾ ਹੈ ਪਰ ਇੰਮੀਗ੍ਰੇਸ਼ਨ ਅਫ਼ਸਰ ਵੱਲੋਂ ਮੁੜ ਵਿਚਾਰ ਕਰਨ ਤੋਂ ਨਾਂਹ ਕਰਨੀ ਸਰਾਸਰ ਗੈਰਵਾਜਬ ਹੈ।

# ਕੈਨੇਡਾ ਵਿਚ ਐਕਸਟੌਰਸ਼ਨ ਪੀੜਤ ਪੰਜਾਬੀਆਂ ਦੀ ਗਿਣਤੀ ਕਿਤੇ ਜ਼ਿਆਦਾ

ਸਰੀ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਕੈਨੇਡਾ ਵਿਚ ਜਬਰੀ ਵਸੂਲੀ ਦੇ ਮਾਮਲਿਆਂ ਦੀ ਅਸਲ ਗਿਣਤੀ ਕਿਤੇ ਜ਼ਿਆਦਾ ਹੈ ਪਰ ਸਾਊਥ ਏਸ਼ੀਅਨ ਭਾਈਚਾਰਾ ਗੈਂਗਸਟਰਾਂ ਦੇ ਡਰੋਂ ਪੁਲਿਸ ਕੋਲ ਸ਼ਿਕਾਇਤ ਦਰਜ ਹੀ ਨਹੀਂ ਕਰਾਉਂਦਾ।



'ਵੈਨਕੂਵਰ ਸਨ' ਦੀ ਰਿਪੋਰਟ ਮੁਤਾਬਕ ਪੰਜਾਬੀ ਪੱਤਰਕਾਰ ਗੁਰਪ੍ਰੀਤ ਸਹੋਤਾ ਨੇ ਦੋਸ਼ ਲਾਇਆ ਕਿ ਪੁਲਿਸ ਮਹਿਕਮੇ ਅਤੇ ਹਰ ਪੱਧਰ ਦੀਆਂ ਸਰਕਾਰਾਂ ਨੂੰ ਸੰਭਾਵਤ ਤੌਰ 'ਤੇ ਹਾਲਾਤ ਸਮਝ ਨਹੀਂ ਆ ਰਹੇ ਅਤੇ ਮਸਲੇ ਦਾ ਢੁਕਵਾਂ ਹੱਲ ਕੱਢਣ ਵਿਚ ਸਫ਼ਲਤਾ ਨਹੀਂ ਮਿਲ ਰਹੀ।

ਉਨ੍ਹਾਂ ਦਾਅਵਾ ਕੀਤਾ ਕਿ ਲੋਕ ਆਪਣੇ ਘਰਾਂ ਤੋਂ ਦੂਰ ਗੱਡੀਆਂ ਵਿਚ ਰਾਤਾਂ ਕੱਟਣ ਲਈ ਮਜਬੂਰ ਹਨ, ਉਹ ਆਪਣੇ ਬੱਚਿਆਂ ਨੂੰ ਸਕੂਲ ਨਹੀਂ ਭੇਜ ਰਹੇ ਅਤੇ ਆਪਣੇ ਕਾਰੋਬਾਰੀ ਟਿਕਾਣਿਆਂ 'ਤੇ ਜਾਣ ਤੋਂ ਵੀ ਟਾਲਾ ਵੱਟ ਰਹੇ ਹਨ। ਸਰੀ ਪੁਲਿਸ ਨਵੇਂ ਵਰ੍ਹੇ ਦੌਰਾਨ ਗੋਲੀਬਾਰੀ ਦੀਆਂ ਸਿਰਫ਼ ਸੱਤ ਵਾਰਦਾਤਾਂ ਦੱਸ ਰਹੀ ਹੈ ਜਦਕਿ ਗੁਰਪ੍ਰੀਤ ਸਹੋਤਾ ਮੁਤਾਬਕ 21 ਮੌਕਿਆਂ 'ਤੇ ਗੋਲੀਆਂ ਚੱਲ ਚੁੱਕੀਆਂ ਹਨ। ਵੱਡੀ ਗਿਣਤੀ ਵਿਚ ਲੋਕ ਪੁਲਿਸ ਕੋਲ ਜਾਣ ਤੋਂ ਝਿਜਕਦੇ ਹਨ ਅਤੇ ਆਰ.ਸੀ. ਐਮ.ਪੀ. ਦੇ ਸਹਾਇਕ ਕਮਿਸ਼ਨਰ ਕਹਿ ਰਹੇ ਹਨ ਕਿ ਇਥੇ ਕੋਈ ਸੰਕਟ ਨਹੀਂ। ਇਹ ਸਮੱਸਿਆ ਅੱਜ ਪੰਜਾਬੀਆਂ ਨਾਲ ਹੈ ਤਾਂ ਕਲ ਹਰ ਪਾਸੇ ਫੈਲ ਜਾਵੇਗੀ ਪਰ ਇਸ ਤੋਂ ਪਹਿਲਾਂ ਜਾਗਣਾ ਲਾਜ਼ਮੀ ਹੈ। ਸਾਬਕਾ ਪੁਲਿਸ ਮੁਖੀ ਅਤੇ ਰਿਚਮੰਡ ਤੋਂ ਕੌਂਸਲਰ ਕਾਸ਼ ਹੀਡ ਨੇ ਸਹਿਮਤੀ ਜ਼ਾਹਰ ਕੀਤੀ ਕਿ ਮੌਜੂਦਾ ਸਮੇਂ ਵਿਚ ਪੁਲਿਸ ਹਾਲਾਤ ਨਾਲ ਨਜਿੱਠਣ ਵਿਚ ਅਸਫ਼ਲ ਰਹੀ ਹੈ। ਕਾਸ਼ ਹੀਡ ਨੇ ਦੱਸਿਆ ਕਿ ਉਹ ਕਈ ਪੀੜਤਾਂ ਨੂੰ ਜਾਣਦੇ ਹਨ ਜੋ ਜਬਰੀ ਵਸੂਲੀ ਕਰਨ ਵਾਲਿਆਂ ਨੂੰ ਲੱਖਾਂ ਡਾਲਰ ਦੇ ਚੁੱਕੇ ਹਨ ਕਿਉਂਕਿ ਉਨ੍ਹਾਂ ਨੂੰ ਪੁਲਿਸ ਉਤੇ ਬਿਲਕੁਲ ਵੀ ਯਕੀਨ ਨਹੀਂ। ਹਾਲ ਹੀ ਵਿਚ ਸਰੀ ਦੇ ਇਕ ਪਰਵਾਰ ਵੱਲੋਂ ਹਮਲਾਵਰਾਂ 'ਤੇ ਗੋਲੀਆਂ ਚਲਾਉਣ ਦੀ ਵਾਰਦਾਤ ਇਸ ਗੱਲ ਦਾ ਸਬੂਤ ਹੈ ਕਿ ਲੋਕਾਂ ਨੂੰ ਪੁਲਿਸ 'ਤੇ ਭਰੋਸਾ ਨਹੀਂ ਰਿਹਾ। ਦੂਜੇ ਪਾਸੇ ਲੋਕਾਂ ਵੱਲੋਂ ਆਪਣੇ ਸੁਰੱਖਿਆ ਬੰਦੋਬਸਤ ਆਪ ਕੀਤੇ ਜਾ ਰਹੇ ਹਨ। ਹਮਲਾਵਰਾਂ ਨੂੰ ਭੁਲੇਖਾ ਪਾਉਣ ਲਈ ਲਾਲ-ਨੀਲੀਆਂ ਬੱਤੀਆਂ ਚਲਾਈਆਂ ਜਾਂਦੀਆਂ ਤਾਂਕਿ ਪੁਲਿਸ ਦੀ ਗੱਡੀ ਮੌਜੂਦ ਹੋਣ ਬਾਰੇ ਸੰਕੇਤ ਦਿਤੇ ਜਾ ਸਕਣ। ਇਕ ਸ਼ਖਸ 3 ਮਿਲੀਅਨ ਡਲਰ ਦੀ ਰਕਮ ਦੇ ਚੁੱਕਾ ਹੈ ਅਤੇ ਰਕਮ ਭਾਰਤੀ ਬੈਂਕ ਵਿਚ ਟ੍ਰਾਂਸਫ਼ਰ ਕੀਤੀ ਗਈ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਬੰਦੇ ਉਤੇ ਕਦੇ ਗੋਲੀਆਂ ਵੀ ਨਹੀਂ ਚੱਲੀਆਂ।

# ਅਮਰੀਕਾ ਦੇ ਜੌਰਜੀਆ 'ਚ ਗੋਲੀਬਾਰੀ, ਭਾਰਤੀ ਨਾਗਰਿਕ ਸਣੇ ਚਾਰ ਦੀ ਮੌਤ

## ਪਰਿਵਾਰਕ ਝਗੜੇ ਨਾਲ ਜੁੜਿਆ ਮਾਮਲਾ

ਨਿਊ ਯਾਰਕ, 23 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ ਦੇ ਜੌਰਜੀਆ ਰਾਜ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ ਭਾਰਤੀ ਨਾਗਰਿਕ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਇਹ ਪੂਰਾ ਮਾਮਲਾ ਪਰਿਵਾਰਕ




ਝਗੜੇ ਨਾਲ ਜੁੜਿਆ ਦੱਸਿਆ ਜਾ ਰਿਹਾ ਹੈ। ਅਟਲਾਂਟਾ ਵਿੱਚ ਭਾਰਤੀ ਕੌਂਸੁਲੇਟ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਸੰਵੇਦਨਾ ਜ਼ਾਹਰ ਕੀਤੀ ਹੈ। ਸਥਾਨਕ ਮੀਡੀਆ ਨੇ ਦੱਸਿਆ ਕਿ ਲਾਰੈਂਸਵਿਲੇ ਸ਼ਹਿਰ ਵਿੱਚ ਸ਼ੁੱਕਰਵਾਰ ਸਵੇਰੇ ਵਾਪਰੀ ਇਸ ਘਟਨਾ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਜਦੋਂ ਕਿ ਇਸ ਮੌਕੇ ਤਿੰਨ ਬੱਚੇ ਵੀ ਘਰ 'ਚ ਮੌਜੂਦ ਸਨ। ਅਟਲਾਂਟਾ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਨੇ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਕਥਿਤ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ। ਕੌਂਸੁਲੇਟ ਜਨਰਲ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, ''ਅਸੀਂ ਕਥਿਤ ਪਰਿਵਾਰਕ ਝਗੜੇ ਨਾਲ ਜੁੜੀ ਗੋਲੀਬਾਰੀ ਦੀ ਘਟਨਾ ਤੋਂ ਬਹੁਤ ਦੁਖੀ ਹਾਂ, ਜਿਸ ਵਿੱਚ ਇੱਕ ਭਾਰਤੀ ਨਾਗਰਿਕ ਪੀੜਤਾਂ ਵਿੱਚ ਸ਼ਾਮਲ ਸੀ। ਕਥਿਤ ਸ਼ੂਟਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾ ਰਹੀ ਹੈ।'' ਫੌਕਸ 5 ਅਟਲਾਂਟਾ ਦੀ ਰਿਪੋਰਟ ਅਨੁਸਾਰ ਮਸ਼ਕੂਕ ਦੀ ਪਛਾਣ ਅਟਲਾਂਟਾ ਦੇ 51 ਸਾਲਾ ਵਿਜੈ ਕੁਮਾਰ ਵਜੋਂ ਹੋਈ ਹੈ। ਗਵਿਨੇਟ ਕਾਊਂਟੀ ਪੁਲੀਸ ਮੁਤਾਬਕ ਪੀੜਤਾਂ ਦੀ ਪਛਾਣ ਕੁਮਾਰ ਦੀ ਪਤਨੀ ਮੀਮੂ ਡੋਗਰਾ(43) ਗੌਰਵ ਕੁਮਾਰ (33), ਨਿਧੀ ਚੰਦਰ (37) ਅਤੇ ਹਰੀਸ਼ ਚੰਦਰ (38) ਵਜੋਂ ਹੋਈ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ੱਕੀ 'ਤੇ ਵੱਖ ਵੱਖ ਦੋਸ਼ ਆਇਦ ਕੀਤੇ ਗਏ ਹਨ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਜਦੋਂ ਗੋਲੀਬਾਰੀ ਸ਼ੁਰੂ ਹੋਈ ਤਾਂ ਤਿੰਨ ਬੱਚੇ ਉੱਥੇ ਮੌਜੂਦ ਸਨ, ਜੋ ਖ਼ੁਦ ਨੂੰ ਬਚਾਉਣ ਲਈ ਇੱਕ ਅਲਮਾਰੀ ਵਿੱਚ ਲੁਕ ਗਏ। ਤਫ਼ਤੀਸ਼ਕਾਰਾਂ ਨੇ ਕਿਹਾ ਕਿ ਬੱਚਿਆਂ ਵਿੱਚੋਂ ਇੱਕ ਨੇ 911 'ਤੇ ਕਾਲ ਕੀਤੀ, ਜਿਸ ਨਾਲ ਅਧਿਕਾਰੀ ਮਿੰਟਾਂ ਵਿੱਚ ਹੀ ਘਟਨਾ ਸਥਾਨ 'ਤੇ ਪਹੁੰਚ ਗਏ। ਬੱਚੇ ਸੁਰੱਖਿਅਤ ਹਨ ਅਤੇ ਉਨ੍ਹਾਂ ਦੀ ਦੇਖ ਰੇਖ ਪਰਿਵਾਰ ਦੇ ਇੱਕ ਮੈਂਬਰ ਵੱਲੋਂ ਕੀਤੀ ਜਾ ਰਹੀ ਹੈ।

# ਮਿਨੀਸੋਟਾ 'ਚ ਪ੍ਰਦਰਸ਼ਨ ਕਰ ਰਹੇ 100 ਪਾਦਰੀ ਗ੍ਰਿਫ਼ਤਾਰ

ਮਿਨੀਪੋਲਿਸ, 24 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਮਰੀਕਾ 'ਚ ਮਿਨੀਸੋਟਾ ਸੂਬੇ ਦੇ ਸਭ ਤੋਂ ਵੱਡੇ ਹਵਾਈ ਅੱਡੇ 'ਤੇ ਸ਼ੁੱਕਰਵਾਰ ਨੂੰ ਇਮੀਗਰੇਸ਼ਨ ਐਂਨਫੋਰਸਮੈਂਟ ਦੀ ਕਾਰਵਾਈ ਦੇ ਵਿਰੋਧ 'ਚ ਪ੍ਰਦਰਸ਼ਨ ਕਰ ਰਹੇ ਕਰੀਬ 100 ਪਾਦਰੀਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਕੜਾਕੇ ਦੀ ਠੰਢ ਦੇ ਬਾਵਜੂਦ ਹਜ਼ਾਰਾਂ ਲੋਕ ਮਿਨੀਪੋਲਿਸ 'ਚ ਟਰੰਪ ਪ੍ਰਸ਼ਾਸਨ ਦੀ ਪਰਵਾਸੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੇ ਵਿਰੋਧ 'ਚ ਸੜਕਾਂ 'ਤੇ ਉਤਰੇ। ਕਿਰਤੀ ਯੂਨੀਅਨਾਂ, ਪ੍ਰਗਤੀਸ਼ੀਲ ਜਥੇਬੰਦੀਆਂ ਅਤੇ ਪਾਦਰੀਆਂ ਨੇ ਮਿਨੀਸੋਟਾ ਦੇ ਲੋਕਾਂ ਨੂੰ ਕੰਮਾਂ, ਸਕੂਲਾਂ ਅਤੇ ਦੁਕਾਨਾਂ 'ਤੇ ਨਾ ਜਾਣ ਦੀ ਅਪੀਲ ਕੀਤੀ।

# ਪਾਕਿਸਤਾਨ ਦੇ ਸ਼ੌਪਿੰਗ ਪਲਾਜ਼ਾ 'ਚ ਭਿਆਨਕ ਅੱਗ, 62 ਮੌਤਾਂ

## ਸ਼ਹਿਰ ਦੇ ਮੇਅਰ ਮੁਰਤਜ਼ਾ ਵਹਾਬ ਦੇ ਅਸਤੀਫ਼ੇ ਦੀ ਉਠੀ ਮੰਗ




ਕਰਾਚੀ, 22 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਪਾਕਿਸਤਾਨ ਦੀ ਆਰਥਿਕ ਰਾਜਧਾਨੀ ਕਰਾਚੀ ਦੇ ਸ਼ੌਪਿੰਗ ਮਾਲ ਵਿਚ ਲੱਗੀ ਅੱਗ ਕਾਰਨ ਮਰਨ ਵਾਲਿਆਂ ਦੀ ਗਿਣਤੀ 62 ਹੋ ਗਈ ਹੈ ਜਿਨ੍ਹਾਂ ਵਿਚੋਂ 30 ਜਣੇ ਇਕੋ ਸ਼ੋਅਰੂਮ ਵਿਚ ਜਿਊਂਦੇ ਸੜੇ। ਕਰਾਚੀ ਦੇ ਗੁਲ ਸ਼ੌਪਿੰਗ ਪਲਾਜ਼ਾ ਵਿਚ ਲੱਗੀ ਅੱਗ ਨੂੰ ਬੁਝਾਉਣ ਲਈ 36 ਘੰਟੇ ਤੋਂ ਵੱਧ ਸਮਾਂ ਲੱਗਾ ਜੋ ਸ਼ਹਿਰ ਦੇ ਸਦਰ ਇਲਾਕੇ ਵਿਚ ਸਥਿਤ ਸ਼ੌਪਿੰਗ ਮਾਲ ਦੀ ਬੇਸਮੈਂਟ ਵਿਚੋਂ ਸ਼ੁਰੂ ਹੋਈ। ਕਰਾਚੀ ਦੇ ਮੇਅਰ ਮੁਰਤਜ਼ਾ ਵਹਾਬ ਨੇ ਦੱਸਿਆ ਕਿ ਸਿੰਧ ਸੂਬੇ ਦੀ ਸਰਕਾਰ ਮ੍ਰਿਤਕਾਂ ਦੇ ਵਾਰਸਾਂ ਨੂੰ 10-10 ਲੱਖ ਰੁਪਏ ਦੇ ਮੁਆਵਜ਼ਾ ਦੇਵੇਗੀ।

ਇਮਾਰਤ ਵਿਚ ਹਵਾ ਦੀ ਨਿਕਾਸੀ ਦਾ ਪ੍ਰਬੰਧ ਨਾ ਹੋਣ ਕਰ ਕੇ ਹਾਲਾਤ ਜ਼ਿਆਦਾ ਬਦਤਰ ਬਣੇ। ਚੀਫ਼ ਫਾਇਰ ਅਫ਼ਸਰ ਹੁਮਾਯੂੰ ਖਾਨ ਨੇ ਦੱਸਿਆ ਕਿ ਪੂਰਾ ਮਲਬਾ ਹਟਾਉਣ ਵਿਚ 10-15 ਦਿਨ ਲੱਗ ਸਕਦੇ ਹਨ ਅਤੇ ਇਸ ਤੋਂ ਬਾਅਦ ਹੀ ਲਾਪਤਾ ਲੋਕਾਂ ਬਾਰੇ ਯਕੀਨੀ ਤੌਰ 'ਤੇ ਕੁਝ ਆਖਿਆ ਜਾ ਸਕਦਾ ਹੈ।

ਇਸੇ ਦੌਰਾਨ ਸਿੰਧ ਸੂਬੇ ਦੇ ਮੁੱਖ ਮੰਤਰੀ ਮੁਰਾਦ ਅਲੀ ਸ਼ਾਹ ਦਾ ਕਹਿਣਾ ਸੀ ਕਿ ਵਿਆਹਾਂ ਦਾ ਸੀਜ਼ਨ ਹੋਣ ਕਰ ਕੇ ਸ਼ੌਪਿੰਗ ਮਾਲ ਵਿਚ ਭੀੜ ਕਾਫ਼ੀ ਜ਼ਿਆਦਾ ਸੀ ਅਤੇ ਇਸੇ ਕਰ ਕੇ ਜਾਨੀ ਨੁਕਸਾਨ ਜ਼ਿਆਦਾ ਹੋਇਆ। ਅੱਗ ਲੱਗਣ ਵਾਲੀ ਸ਼ਾਮ ਫਾਇਰ ਫਾਈਟਰਜ਼ ਵਾਸਤੇ ਸਭ ਤੋਂ ਵੱਡੀ ਚੁਣੌਤੀ ਇਮਾਰਤ ਤੱਕ ਪੁੱਜਣਾ ਸੀ ਕਿਉਂਕਿ ਹਰ ਪਾਸੇ ਜਾਮ ਲੱਗ ਚੁੱਕਾ ਸੀ। ਇਮਾਰਤ ਅੰਦਰ ਪਲਾਸਟਿਕ ਵਰਗੀਆਂ ਕਈ ਚੀਜ਼ਾਂ ਮੌਜੂਦ ਹੋਣ ਕਰ ਕੇ ਅੱਗ ਤੀਬਰਤਾ ਵਧੀ ਅਤੇ ਫਾਇਰ ਫਾਈਟਰਜ਼ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

# ਅਲਵਿਦਾ ਕੈਨੇਡਾ : ਡਿਪੋਰਟ ਪੰਜਾਬੀਆਂ ਦੀ ਦਰਦ ਭਰੀ ਕਹਾਣੀ

## ਬਾਰਡਰ ਅਫ਼ਸਰਾਂ ਨੇ ਪੁਲਿਸ ਨੂੰ ਸੌਂਪੀ ਡਿਪੋਰਟੇਸ਼ਨ ਸੂਚੀ, ਰੋਜ਼ਾਨਾ 200 ਪ੍ਰਵਾਸੀ ਡਿਪੋਰਟ ਕਰਨ ਦਾ ਟੀਚਾ

ਟੋਰਾਂਟੋ, 22 ਜਨਵਰੀ (ਵਿਸ਼ੇਸ਼ ਪ੍ਰਤੀਨਿਧ) : ਅਲਵਿਦਾ ਕੈਨੇਡਾ, ਜੇ ਕਿਸਮਤ ਨੇ ਚਾਹਿਆ ਤਾਂ ਫਿਰ ਮਿਲਾਂਗੇ। ਜੀ ਹਾਂ, ਕੈਨੇਡਾ ਤੋਂ ਰੋਜ਼ਾਨਾ ਡਿਪੋਰਟ ਕੀਤੇ ਜਾ ਰਹੇ ਪੰਜਾਬੀ ਨੌਜਵਾਨਾਂ ਦੀਆਂ ਦਰਦ ਭਰੀਆਂ ਕਹਾਣੀਆਂ ਉਭਰ ਕੇ ਸਾਹਮਣੇ ਆ ਰਹੀਆਂ ਹਨ ਜਿਨ੍ਹਾਂ ਵੱਲੋਂ ਇੰਮੀਗ੍ਰੇਸ਼ਨ ਵਕੀਲਾਂ ਨੂੰ ਦਿਤੇ 40-40 ਹਜ਼ਾਰ ਡਾਲਰ ਵੀ ਕਿਸੇ ਕੰਮ ਨਾ ਆਏ ਅਤੇ ਆਖਰਕਾਰ ਵਾਪਸੀ ਦਾ ਜਹਾਜ਼ ਚੜ੍ਹਨ ਲਈ ਮਜਬੂਰ ਹੋਣਾ ਪਿਆ। ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਤੋਂ ਇੰਡੀਆ ਦਾ ਜਹਾਜ਼ ਚੜ੍ਹਨ ਵਾਲਾ ਖ਼ੁਸ਼ਵਿੰਦਰ ਸਿੰਘ ਇਨ੍ਹਾਂ ਵਿਚੋਂ ਇਕ ਹੈ ਜਿਸ ਨੂੰ ਆਪਣੀ ਗੱਡੀ ਵੇਚਣ ਦਾ ਮੌਕਾ ਵੀ ਨਾ ਮਿਲਿਆ ਅਤੇ ਕੈਨੇਡਾ ਵਿਚ ਪੱਕੇ ਤੌਰ 'ਤੇ ਰਹਿਣ ਲਈ ਕੀਤਾ ਸੰਘਰਸ਼ ਸਫ਼ਲ ਨਾ ਹੋ ਸਕਿਆ। ਉਧਰ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦਾ ਕਹਿਣਾ ਹੈ ਡਿਪੋਰਟੇਸ਼ਨ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ ਅਤੇ ਇਕ ਵਾਰ ਰਿਮੂਵਲ ਆਰਡਰ ਜਾਰੀ ਹੋਣ ਮਗਰੋਂ ਉਨ੍ਹਾਂ ਦਾ ਮੁੱਖ ਟੀਚਾ ਸਬੰਧਤ ਵਿਦੇਸ਼ੀ ਨਾਗਰਿਕ ਨੂੰ ਮੁਲਕ ਤੋਂ ਬਾਹਰ ਕਰਨਾ ਹੁੰਦਾ ਹੈ। ਇਸ ਵੇਲੇ ਸੀ.ਬੀ.ਐਸ.ਏ. ਕੋਲ ਰਿਮੂਵਲ ਆਰਡਰਜ਼ ਦੀ ਗਿਣਤੀ 40 ਹਜ਼ਾਰ ਤੋਂ ਵੱਧ ਦੱਸੀ ਜਾ ਰਹੀ ਹੈ ਅਤੇ ਰੋਜ਼ਾਨਾ 100 ਜਣਿਆਂ ਨੂੰ ਡਿਪੋਰਟ ਕਰਨ ਮਗਰੋਂ ਵੀ ਇਕ ਸਾਲ ਦੇ ਅੰਦਰ ਇਹ ਟੀਚਾ ਪੂਰਾ ਨਹੀਂ ਕੀਤਾ ਜਾ ਸਕਦਾ ਜਦਕਿ ਦੂਜੇ ਪਾਸੇ ਬਗੈਰ ਇੰਮੀਗ੍ਰੇਸ਼ਨ ਸਟੇਟਸ ਵਾਲੇ ਵਿਦੇਸ਼ੀ ਨਾਗਰਿਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਦੱਸ ਦੇਈਏ ਕਿ ਡਿਪੋਰਟ ਕੀਤੇ ਜਾ ਰਹੇ ਨੌਜਵਾਨਾਂ ਵਿਚੋਂ ਕੁਝ ਸਟੱਡੀ ਵੀਜ਼ਾ 'ਤੇ ਆਏ ਅਤੇ ਕੁਝ ਨੇ ਵਿਜ਼ਟਰ ਵੀਜ਼ਾ 'ਤੇ ਆਉਣ ਮਗਰੋਂ ਅਸਾਇਲਮ ਕਲੇਮ ਕਰ ਦਿਤਾ ਪਰ ਕੁਝ ਬਦਕਿਸਮਤ ਅਜਿਹੇ ਵੀ ਸਨ ਜੋ ਸਪਾਊਜ਼ ਵੀਜ਼ਾ 'ਤੇ ਕੈਨੇਡਾ ਪੁੱਜੇ ਪਰ ਪਤਨੀ ਨਾਲ ਨਿਭ ਨਾ ਸਕੀ ਅਤੇ ਪੀ.ਆਰ. ਮਿਲਣ ਤੋਂ ਪਹਿਲਾਂ ਹੀ ਵਾਪਸੀ ਦਾ ਜਹਾਜ਼ ਚੜ੍ਹਨ ਖਾਤਰ ਮਜਬੂਰ ਹੋ ਗਏ। ਮੌਂਟਰੀਅਲ ਨਾਲ ਸਬੰਧਤ ਇਕ ਨੌਜਵਾਨ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਉਹ 2018 ਵਿਚ ਵਿਜ਼ਟਰ ਵੀਜ਼ਾ 'ਤੇ ਕੈਨੇਡਾ ਆਇਆ ਅਤੇ ਵੀਜ਼ਾ ਐਕਸਪਾਇਰ ਹੋਣ ਮਗਰੋਂ ਅਸਾਇਲਮ ਕਲੇਮ ਕਰ ਦਿਤਾ। 2020 ਵਿਚ ਪਨਾਹ ਦਾ ਦਾਅਵਾ ਰੱਦ ਹੋ ਗਿਆ ਤਾਂ ਉਸ ਨੇ ਸਮੀਖਿਆ ਅਪੀਲ ਦਾਇਰ ਕਰ ਦਿਤੀ ਪਰ ਇਹ ਵੀ ਰੱਦ ਹੋ ਗਈ ਤਾਂ ਫ਼ੈਡਰਲ ਕੋਰਟ ਵਿਚ ਅਪੀਲ ਦਾਇਰ ਕਰ ਦਿਤੀ। ਨੌਜਵਾਨ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਏਜੰਟਾਂ ਰਾਹੀਂ ਉਹ ਕੈਨੇਡਾ ਪੁੱਜਣ ਵਿਚ ਸਫ਼ਲ ਰਿਹਾ ਪਰ ਪੱਕੇ ਹੋਣ ਦਾ ਰਾਹ ਨਾ ਮਿਲਿਆ। ਇੰਮੀਗ੍ਰੇਸ਼ਨ ਵਕੀਲਾਂ ਦੀ ਫੀਸ ਅਤੇ ਹੋਰ ਕਾਨੂੰਨੀ ਖਰਚਿਆਂ 'ਤੇ 45 ਹਜ਼ਾਰ ਡਾਲਰ ਤੋਂ ਵੱਧ ਰਕਮ ਖਰਚ ਕੀਤੀ ਪਰ ਅੰਤ ਵਿਚ ਵਕੀਲਾਂ ਨੇ ਵੀ ਹੱਥ ਖੜ੍ਹੇ ਕਰ ਦਿਤੇ ਜੋ ਸ਼ੁਰੂ ਸ਼ੁਰੂ ਵਿਚ ਫੈਸਲਾ ਉਸ ਦੇ ਹੱਕ ਵਿਚ ਕਰਵਾਉਣ ਦਾ ਦਾਅਵਾ ਕਰ ਰਹੇ ਸਨ। ਕੈਨੇਡਾ ਵਿਚ ਰੁਜ਼ਗਾਰ ਦੇ ਹਾਲਾਤ ਨੂੰ ਵੇਖਦਿਆਂ ਹੁਣ ਇੰਮੀਗ੍ਰੇਸ਼ਨ ਵਕੀਲਾਂ ਦੀਆਂ ਫ਼ੀਸਾਂ ਕੱਢਣੀਆਂ ਮੁਸ਼ਕਲ ਹੋ ਚੁੱਕੀਆਂ ਹਨ ਅਤੇ ਪੰਜਾਬ ਪੈਸੇ ਭੇਜਣਾ ਤਾਂ ਇਤਿਹਾਸ ਦੀ ਗੱਲ ਬਣ ਚੁੱਕੀ ਹੈ।




ਦੂਜੇ ਪਾਸੇ ਗੈਰਕਾਨੂੰਨੀ ਤੌਰ 'ਤੇ ਮੁਲਕ ਵਿਚ ਮੌਜੂਦ ਲੋਕਾਂ ਤੋਂ ਬੇਹੱਦ ਨਿਗੂਣੀਆਂ ਉਜਰਤ ਦਰਾਂ 'ਤੇ ਕੰਮ ਕਰਵਾਇਆ ਜਾਂਦਾ ਹੈ। ਲੁਕ-ਛਿਪ ਕੇ ਕੰਮ ਕਰਦਿਆਂ ਜ਼ਿਆਦਾ ਸਮਾਂ ਨਹੀਂ ਲੰਘਾਇਆ ਜਾ ਸਕਦਾ ਕਿਉਂਕਿ ਸੀ.ਬੀ.ਐਸ.ਏ. ਵਿਚ ਇਕ ਹਜ਼ਾਰ ਨਵੇਂ ਅਫ਼ਸਰਾਂ ਦੀ ਸ਼ਮੂਲੀਅਤ ਕੀਤੀ ਜਾ ਰਹੀ ਹੈ। ਹੁਣ ਅਮਰੀਕਾ ਦੀ ਤਰਜ਼ 'ਤੇ ਕੈਨੇਡਾ ਭਰ ਦੇ ਪੁਲਿਸ ਮਹਿਕਮਿਆਂ ਨੂੰ ਡਿਪੋਰਟੇਸ਼ਨ ਸੂਚੀ ਸੌਂਪੀ ਜਾ ਰਹੀ ਹੈ ਅਤੇ ਟ੍ਰੈਫ਼ਿਕ ਸਟੌਪਸ 'ਤੇ ਘੇਰੇ ਜਾਣ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜ ਕੇ ਸੀ.ਬੀ.ਐਸ.ਏ. ਦੇ ਸਪੁਰਦ ਕਰ ਦਿਤਾ ਜਾਵੇਗਾ। ਸਿਰਫ਼ ਐਨਾ ਹੀ ਨਹੀਂ, ਲੋਕਾਂ ਤੋਂ ਮਿਲਣ ਵਾਲੀ ਸੂਹ ਦੇ ਆਧਾਰ 'ਤੇ ਵੀ ਛਾਪਿਆਂ ਦੀ ਗਿਣਤੀ ਵਧਾਈ ਜਾ ਰਹੀ ਹੈ ਅਤੇ ਡਿਪੋਰਟੇਸ਼ਨ ਦੀ ਰਫ਼ਤਾਰ ਜਲਦ ਹੀ ਦੁੱਗਣੀ ਤੋਂ ਉਤੇ ਜਾ ਸਕਦੀ ਹੈ। ਬਾਰਡਰ ਅਫ਼ਸਰਾਂ ਮੁਤਾਬਕ ਡਿਪੋਰਟੇਸ਼ਨ ਸੂਚੀ ਵਿਚੋਂ 2.2 ਫ਼ੀ ਸਦੀ ਲੋਕ ਕਿਸੇ ਨਾ ਕਿਸੇ ਅਪਰਾਧ ਵਿਚ ਸ਼ਾਮਲ ਹੋਣ ਕਰ ਕੇ ਕੈਨੇਡਾ ਵਿਚ ਰਹਿਣ ਦੇ ਅਯੋਗ ਮੰਨੇ ਗਏ ਅਤੇ ਇਨ੍ਹਾਂ ਨੂੰ ਤਰਜੀਹ ਦੇ ਆਧਾਰ 'ਤੇ ਡਿਪੋਰਟ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸੀ.ਬੀ.ਐਸ.ਏ. ਦਾ ਮੰਨਣਾ ਹੈ ਕਿ ਤਕਰੀਬਨ 10 ਲੱਖ ਲੋਕ ਕੈਨੇਡਾ ਵਿਚ ਗੈਰਕਾਨੂੰਨੀ ਤਰੀਕੇ ਨਾਲ ਮੌਜੂਦ ਹਨ ਪਰ ਅਸਲ ਅੰਕੜਾ ਕਿਤੇ ਜ਼ਿਆਦਾ ਹੋ ਸਕਦਾ ਹੈ ਕਿਉਂਕਿ 2025 ਦੌਰਾਨ ਲੱਖਾਂ ਇੰਟਰਨੈਸ਼ਨਲ ਸਟੂਡੈਂਟਸ ਦੇ ਵਰਕ ਪਰਮਿਟ ਐਕਸਪਾਇਰ ਹੋ ਗਏ ਅਤੇ ਮੌਜੂਦਾ ਵਰ੍ਹੇ ਦੌਰਾਨ ਵੀ ਇਹ ਸਿਲਸਿਲਾ ਜਾਰੀ ਰਹੇਗਾ।

ਕੈਨੇਡਾ ਦਾ ਇੰਮੀਗ੍ਰੇਸ਼ਨ ਮਹਿਕਮਾ ਪਹਿਲਾਂ ਹੀ ਗੈਰਕਾਨੂੰਨੀ ਤੌਰ 'ਤੇ ਮੁਲਕ ਵਿਚ ਮੌਜੂਦ ਲੋਕਾਂ ਨੂੰ ਜਲਦ ਤੋਂ ਜਲਦ ਵਾਪਸੀ ਕਰਨ ਦੀ ਚਿਤਾਵਨੀ ਦੇ ਚੁੱਕਾ ਹੈ। ਇਸੇ ਦੌਰਾਨ ਇੰਮੀਗ੍ਰੇਸ਼ਨ ਮਾਹਰਾਂ ਦਾ ਕਹਿਣਾ ਹੈ ਕਿ ਮੁਲਾਜ਼ਮਾਂ ਦੀ ਗਿਣਤੀ ਵਿਚ ਵਾਧਾ ਹੋਣ ਦੇ ਬਾਵਜੂਦ ਬਾਰਡਰ ਅਫ਼ਸਰ ਬਹੁਤੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਵਿਚ ਕਾਮਯਾਬ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਅਤੀਤ ਵਿਚ ਦਾਖਲ ਅਸਾਇਲਮ ਕਲੇਮਜ਼ ਦਾ ਨਿਪਟਾਰਾ ਹੁੰਦਿਆਂ ਤਿੰਨ ਤੋਂ ਚਾਰ ਸਾਲ ਦਾ ਸਮਾਂ ਲੱਗ ਸਕਦਾ ਹੈ ਪਰ ਬਿਲ ਸੀ-12 ਰਾਹੀਂ ਕੈਨੇਡਾ ਸਰਕਾਰ ਇਕੋ ਝਟਕੇ ਵਿਚ ਅਸਾਇਲਮ ਅਰਜ਼ੀਆਂ ਦਾ ਬੈਕਲਾਗ ਖ਼ਤਮ ਕਰਨ ਦਾ ਐਲਾਨ ਕਰ ਸਕਦੀ ਹੈ। ਬਿਲ ਸੀ-12 ਆਉਂਦੀ ਬਸੰਤ ਰੁੱਤ ਵਿਚ ਹਾਊਸ ਆਫ਼ ਕਾਮਨਜ਼ ਵੱਲੋਂ ਪਾਸ ਕੀਤੇ ਜਾਣ ਦੇ ਆਸਾਰ ਹਨ ਜਿਸ ਰਾਹੀਂ ਕੈਨੇਡਾ ਸਰਕਾਰ ਨੂੰ ਵੀਜ਼ੇ ਰੱਦ ਕਰਨ ਦੀਆਂ ਅਥਾਹ ਤਾਕਤਾਂ ਮਿਲ ਜਾਣਗੀਆਂ। ਸਟੱਡੀ ਵੀਜ਼ਾ ਵਾਲਿਆਂ ਲਈ ਅਸਾਇਲਮ ਕਲੇਮ ਕਰਨਾ ਔਖਾ ਹੋ ਜਾਵੇਗਾ ਅਤੇ ਵਿਜ਼ਟਰ ਵੀਜ਼ਾ ਵਾਲਿਆਂ ਵਿਚੋਂ ਵੀ ਚੋਣਵੇਂ ਵਿਦੇਸ਼ੀ ਨਾਗਰਿਕਾਂ ਨੂੰ ਇਹ ਸਹੂਲਤ ਮਿਲੇਗੀ। ਇਥੇ ਦਸਣਾ ਬਣਦਾ ਹੈ ਕਿ ਕੈਨੇਡੀਅਨ ਹਵਾਈ ਅੱਡਿਆਂ 'ਤੇ ਅਸਾਇਲਮ ਮੰਗਣ ਵਾਲਿਆਂ ਦੀ ਗਿਣਤੀ ਵਿਚ 2019 ਤੋਂ 2023 ਦਰਮਿਆਨ 72 ਹਜ਼ਾਰ ਦਾ ਵਾਧਾ ਹੋਇਆ। ਮੌਂਟਰੀਅਲ ਦੇ ਹਵਾਈ ਅੱਡੇ 'ਤੇ 2022 ਵਿਚ ਸਿਰਫ 3,325 ਜਣਿਆਂ ਨੇ ਕੈਨੇਡਾ ਵਿਚ ਸ਼ਰਨ ਮੰਗੀ ਸੀ ਪਰ 2023 ਵਿਚ ਇਹ ਅੰਕੜਾ 29,500 ਹੋ ਗਿਆ ਅਤੇ 2024 ਦੌਰਾਨ ਗਿਣਤੀ 32 ਹਜ਼ਾਰ ਤੋਂ ਟੱਪ ਗਈ।

2019 ਵਿਚ ਕੁਲ 58,378 ਜਣਿਆਂ ਨੇ ਕੈਨੇਡਾ ਵਿਚ ਪਨਾਹ ਮੰਗੀ ਪਰ ਅਗਲੇ ਸਾਲ ਕੋਰੋਨਾ ਮਹਾਂਮਾਰੀ ਦੇ ਚਲਦਿਆਂ ਸ਼ਰਨ ਮੰਗਣ ਵਾਲਿਆਂ ਦੀ ਗਿਣਤੀ ਘਟ ਕੇ 18,500 ਰਹਿ ਗਈ। 2023 ਵਿਚ 1 ਲੱਖ 34 ਹਜ਼ਾਰ ਅਸਾਇਲਮ ਅਰਜ਼ੀਆਂ ਰਫਿਊਜੀ ਬੋਰਡ ਕੋਲ ਵਿਚਾਰ ਅਧੀਨ ਸਨ ਪਰ 2025 ਤੱਕ ਅਸਾਇਲਮ ਅਰਜ਼ੀਆਂ ਦਾ ਬੈਕਲਾਗ ਤਿੰਨ ਲੱਖ ਤੋਂ ਟੱਪ ਗਿਆ। ਕੈਨੇਡਾ ਸਰਕਾਰ ਦਾ ਮੰਨਣਾ ਹੈ ਕਿ ਟੈਂਪਰੇਰੀ ਰੈਜ਼ੀਡੈਂਟਸ ਦੀ ਗਿਣਤੀ ਹੱਦ ਤੋਂ ਜ਼ਿਆਦਾ ਵਧਣ ਕਰ ਕੇ ਹਾਊਸਿੰਗ ਅਤੇ ਹੈਲਥ ਕੇਅਰ ਸੈਕਟਰ 'ਤੇ ਗੈਰਜ਼ਰੂਰੀ ਦਬਾਅ ਪੈ ਰਿਹਾ ਹੈ ਜਿਸ ਦੇ ਮੱਦੇਨਜ਼ਰ ਸਟੱਡੀ ਵੀਜ਼ਾ ਅਤੇ ਵਿਜ਼ਟਰ ਵੀਜ਼ਿਆਂ ਦੀ ਗਿਣਤੀ ਵਿਚ ਵੱਡੀ ਕਟੌਤੀ ਲਾਗੂ ਕਰ ਦਿਤੀ ਗਈ। ਦੂਜੇ ਪਾਸੇ ਕੈਨੇਡਾ ਤੋਂ ਡਿਪੋਰਟ ਹੋਣ ਮਗਰੋਂ ਪੰਜਾਬ ਪੁੱਜੇ ਨੌਜਵਾਨਾਂ ਵਾਸਤੇ ਨਵੇਂ ਸਿਰੇ ਤੋਂ ਜ਼ਿੰਦਗੀ ਸ਼ੁਰੂ ਕਰਨੀ ਵੀ ਸੌਖੀ ਨਹੀਂ ਅਤੇ ਆਰਥਿਕ ਮੁਸ਼ਕਲਾਂ ਅੱਗੇ ਵਧਣ ਵਿਚ ਵੱਡਾ ਅੜਿੱਕਾ ਬਣ ਰਹੀਆਂ ਹਨ। ਪਿੰਡ ਦੀ ਸੱਥ ਵਿਚ ਪੁਰਾਣੇ ਦੋਸਤਾਂ ਨਾਲ ਮੌਜੂਦ ਖ਼ੁਸ਼ਵਿੰਦਰ ਸਿੰਘ ਭਾਵੇਂ ਕੈਨੇਡਾ ਦੀਆਂ ਯਾਦਾਂ ਨੂੰ ਭੁਲਾ ਨਹੀਂ ਸਕਦਾ ਪਰ ਉਸ ਦੇ ਸਾਹਮਣੇ ਸਭ ਤੋਂ ਵੱਡਾ ਮਸਲਾ ਰੁਜ਼ਗਾਰ ਸ਼ੁਰੂ ਕਰਨਾ ਹੈ ਅਤੇ ਸਾਥੀਆਂ ਦੀ ਮਦਦ ਨਾਲ ਇਹ ਕੰਮ ਵੀ ਜਲਦ ਨੇਪਰੇ ਚੜ੍ਹਨ ਦੇ ਆਸਾਰ ਹਨ।

